ਪਾਲੀਵੁੱਡ ਦੀ ਆਵਾਜ਼
visit: www.punjabiscreen.com

# ਪੰਜਾਬੀ ਸਕਰੀਨ®

(MONTHLY MAGAZINE)

9th Year Issue-1

PUNJABI SCREEN /punjabiscreenmagazinevoiceofpollywood
Punjabi Screen Entertainment info@punjabiscreen.com ₹50/-










# ਨਵਾਂ ਸਾਲ, ਲੋਹੜੀ ਅਤੇ ਗਣਤੰਤਰ ਦਿਵਸ ਮੁਬਾਰਕ !




KARAMJIT ANMOL PRODUCTIONS
&
RANJIV SINGLA PRODUCTIONS
PRESENT
LAAVAAN PHERE
DIRECTED BY SMEEP KANG
ਲਾਂਵਾਂ ਫੇਰੇ
RELEASING WORLDWIDE 9TH FEB 2018
STARRING ROSHAN PRINCE, RUBINA BAJWA, GURPREET GHUGGI , B.N. SHARMA, KARAMJIT ANMOL & HARBY SANGHA | WRITER PALI BHUPINDER SINGH | LYRICS HAPPY RAIKOTI, JAGGI SINGH
MUSIC GURMEET SINGH, LADDI GILL, GAG STUDIOS, JAGGI SINGH | DOP YUVRAJ INDORI | PRODUCED BY KARAMJIT ANMOL, RANJIV SINGLA & PREM PRAKASH GUPTA
PROJECT BY MUNISH SAHNI | BUSINESS ADVISOR OMJEE GROUP | CREATIVE PRODUCER SUMEET AGGARWAL | PUBLICLY DESIGNES AMAN KALSI | POSTER STILLS - ARPAN CHAHAL
ਹੁਣ ਪਤਾ ਲੱਗੂ ਦੁਨੀਆਂ ਨੂੰ, ਜੀਜੇ ਕੀ ਸ਼ੈਅ ਹੁੰਦੇ ਐ
ALL INDIA DISTRIBUTION OMJEE GROUP
SETTALITE PARTNER
PTC PUNJABI

Voice of Pollywood
# PUNJABI SCREEN
Monthly Magazine
Volume - 9 Issue - 1

## A Public and Trade Magazine

**Editor-in-Chief**
Daljit Singh

**Associate Editors**
Gurjeet Kaur Dhillon (Overall Content)
Manjot Singh Arora (Bollywood Updates)
Laljit Singh (Lally Gill) (Shooting Updates)

**Associate Editors (Honourary)**
Jagdish Sachdeva (Overall Content)
Mandip Singh Sidhu (Research Wing)
Arjun Singh Virdi (Research Wing)
Arvinder Bhatti (Film Actor)
Paramjit Faridkot (Film & TV Reporter)

**Patrons**
**Dr. Raj Kumar Verka (M.L.A)**
**Gurdeep Singh Kandhari** (MD)
Wave Beverages Pvt. Ltd. (Amritsar)

**Directors (Honouray) :**
**Vijay Sharma**
(G. M. Wave Beverages Pvt. Ltd. (Amritsar))

Shamsher Singh Rai
(Panjab Radio London)
**Gurdial Singh Sekhon**
(Retd. SDO)

**Regd. Office:**
#249-A, St. No. 2, Gopal Nagar,
Majitha Road, Amritsar-143001 (Punjab) INDIA

**Head Office:**
**10, Malviya Road, Amritsar**

**Marketing Office:**
#80, 3rd Floor, Phase-II, Sector-54
Near Indo-Canadian Office, Mohali (Punjab) INDIA

**Chief Executive & P.R.O. : Er. R. S. Rahi**

**Executives**
Chitarpal Singh
Inderpal Singh
Jyotpreet Arora
Smt. Rippy Nanda
Subhash Chander
Yashpal Bhaskar

**Media Advisor**
Vijay Dutt

**Publicity Advisors**
Gagandeep Singh (Head)
Mangla Sahni
Harjeet Singh
Smt.Rippy Nanda

**Manager Administration**
Gurjit Dhillon

**Graphics**
Manjot Singh

**Creative Manager**
Miss Jyotpreet Kaur Arora

**Counseling & Business Development Officer**
Harleen Sohal

**Legal advisors**
Adv. Rajinder Singh Mann
Ad. Varinder Pal Sharma

**Stills**
Rana Simranjit Singh

**Film Journalist**
Lakhan Pal (Jalandhar)
Bheem Raj Garg (Chandigarh)
Gurnaib Sajan (Bathinda)
Deepak Garg (Kotkapura)

**Special Reporter**
Anil Nagpal (Mumbai)
Neer Dhillon (Mumbai)
Sawinder Singh (Amritsar)
Vijay Badhan (Gurdaspur
Kewal Singh (Moga)
Rajeev Kapoor (Makhu)
Rakesh Kumar (New Delhi)
Gundeep Singh (Religious Wing)
Simranjit Singh Sohal (Religious Wing)

RNI.No. CHAPUN/2010/32094 Postal Registration No. ASR/0013/2016-18
PB-R/West/15"Licensed to Post without Prepayment for Calender year 2016-18"

www.punjabiscreen.com
Join us on facebook/punjabiscreenmagazinevoiceofpollywood
e-mail: punjabiscreen@yahoo.com | info@punjabiscreen.com | M: 98145-93858, 99159-19993

**ਰਚਨਾਵਾਂ ਅਤੇ ਚੰਦਾ ਭੇਜਣ ਦਾ ਪਤਾ**
**249-A, St. No. 2, Gopal Nagar, Majitha Road, Amritsar (Pb.) # 098145-93858**

ਇਸ ਮੈਗਜ਼ੀਨ ਦੇ ਕੰਸੈਪਟ ਜਾਂ ਛਪੀ ਹੋਈ ਸਮੱਗਰੀ ਦੀ ਬਿਨਾ ਇਜਾਜ਼ਤ ਨਕਲ ਕਰਨਾ, ਕਿਸੇ ਵੈਬਸਾਈਟ, ਅਖ਼ਬਾਰ ਜਾਂ ਰਸਾਲੇ 'ਚ ਛਾਪਣਾ ਜਾਂ ਕਿਸੇ ਵੀ ਤਰ੍ਹਾਂ ਦੀ ਦੁਰਵਰਤੋਂ ਕਰਨ 'ਤੇ ਕਾਨੂੰਨੀ ਕਾਰਵਾਈ ਵੀ ਹੋ ਸਕਦੀ ਹੈ।

- ਪੰਜਾਬੀ ਸਕਰੀਨ ਦੇ ਸੰਪਾਦਕ ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
- ਕਿਸੇ ਵੀ ਕਾਨੂੰਨੀ ਕਾਰਵਾਈ ਦਾ ਨਿਪਟਾਰਾ ਕੇਵਲ ਅੰਮ੍ਰਿਤਸਰ ਦੀ ਅਦਾਲਤ ਵਿਚ ਹੀ ਕੀਤਾ ਜਾ ਸਕੇਗਾ।
- ਪੰਜਾਬੀ ਸਕਰੀਨ ਨੂੰ ਛਪਣ ਲਈ ਭੇਜਿਆ ਜਾਣ ਵਾਲੀਆਂ ਤਸਵੀਰਾਂ ਅਤੇ ਮੈਟਰ ਪਹਿਲਾਂ ਤੋਂ ਕਿਸੇ ਹੋਰ ਮੈਗਜ਼ੀਨ, ਅਖ਼ਬਾਰ ਜਾਂ ਵੈਬਸਾਈਟ 'ਤੇ ਪਬਲਿਸ਼ ਨਹੀਂ ਹੋਇਆ ਹੋਣਾ ਚਾਹੀਦਾ ਹੈ।
- ਇਸ ਮੈਗਜ਼ੀਨ ਵਿਚ ਆਰਟੀਕਲ ਜਾਂ ਤਸਵੀਰ ਛਪਵਾਉਣ ਲਈ ਕਿਸੇ ਵੀ ਪੱਤਰਕਾਰ ਨੂੰ ਪੈਸੇ ਨਾ ਦਿੱਤੇ ਜਾਣ, ਅਦਾਰਾ 'ਪੰਜਾਬੀ ਸਕਰੀਨ' ਅਜਿਹੀ ਕੋਈ ਮੰਗ ਨਹੀਂ ਕਰਦਾ।

Published by: **Daljit Singh Editor, Printer, Publisher & owner "Punjabi Screen"** from 249-A, St. No. 2, Gopal Nagar, Majitha Road, Amritsar-143001 (Pb.) INDIA
Printed at: Printwell, Amritsar.-143001 (Pb.)

**ADVISORY BOARD**

**MEDIA :** Arvinder Singh Bhatti (News Reader) Aman Hundal, (Producer Chandigarh), Amarjit Singh Kohli -Promoter (Delhi), Amrit Pawar (Film Reporter) Babli Singh (Shemaroo), Balbir Begampuri (Film Director), Deepak Gupta -Producer (Chandigarh) Davinder Singh Chinna (Chairman P.C.P.C.), Gurnaib Sajan Deon -Film Reporter (Bathinda), Harinder Sohal (Singer & Music Director) Inderjit Nikku -Singer & Actor, Jaswant Singh Jass (Reporter / Artist), Jagdish Sachdeva (Theatrist), Kumaar (Bollywood Lyricist) Navtej Sandhu (Producer & Director), Er. Rajinder Singh Rahi, Surinder Farishta (TV & Film Artist), Surinder Laddi, (Punjabi Singer), Surinder Sagar (Punjabi Singer) Tarlochan Singh (Punjabi Singer), Vijay Sethi (Film Writer), Vijay Sharma (Theatrist) **N.R.I :** Balbir Tanda-Film Producer (Norway) , Gurinder Gill-Poet (Malaysia), Jassi Banga-Promoter (U.S.A.), Makkhan Lohar-Lyricist (U.S.A.), Munish Sahni (Distributor), Maninder Singh, Businessman (U.S.A.) **General :** Gurdial Singh-Bussinessmen, Harjeet Singh, Prof. Baljit Singh Educationist.


LEGEND MOTION PICTURES
LEGEND MOTION PICTURES presents
LOKDHUN
ਸੱਗੀ ਫੁੱਲ
SAGGI PHULL
DOP & DIRECTED BY SHIVTAR SHIV
PRODUCED BY AMITOZ SHERGILL
LYRICS & WRITTEN BY MIYAN BAKHTAWAR
AMITOZ SHERGILL PREET SIMRAN NITTU PANDHER RAJ DHALIWAL AMRITPAL CHHOTU RAVINDER PAWAR
SUKHI BAL RAJWINDER SAMRALA BANI KAUR SUKHBIR GILL KULWANT KHATRA SANGEETA GUPTA DILAWAR SIDHU
HAPPY JEET PENCHRAN WALA SHIVENDRA MAHAL BALWINDER BEGO GURPREET KAUR BHANGU NIRBHAY DHALIWAL
MUSIC DILJIT SINGH ADDI. DIALOGUE PARAMJIT SITAL DISTRIBUTION OMJEE GROUP PRODUCTION SVS
POST PRODUCTION AFTER PLAY STUDIO BACKGROUNG MUSIC DURGESH VISHWAKARMA
EDITED BY NARESH S GARG POSTER DESIGN HARPRIT KANG
Distributors :
OMJEE GROUP
RATTAN
desi world radio
IN CINEMAS 19TH JANUARY 2018

ਪਾਲੀਵੁੱਡ ਦੀ ਆਵਾਜ਼
ਪੰਜਾਬੀ ਸਕਰੀਨ®
(MONTHLY MAGAZINE)

# ਅਦਾਰਾ ਪੰਜਾਬੀ ਸਕਰੀਨ ਵੱਲੋਂ ਨਵਾਂ ਸਾਲ, ਲੋਹੜੀ ਅਤੇ ਗਣਤੰਤਰ ਦਿਵਸ ਦੀਆਂ ਮੁਬਾਰਕਾਂ !

ਪਿਛਲਾ ਅੰਕ



ਜਨਵਰੀ 2018

## ਖਿੜਕੀ

ਸੰਪਾਦਕ ਦੀ ਕਲਮ ਤੋਂ (ਨਿਰਮਾਤਾ ਹੈ ਅੰਨਦਾਤਾ) 07
ਆਉਣ ਵਾਲੀਆਂ 171 ਪੰਜਾਬੀ ਫ਼ਿਲਮਾਂ 08
2017 ਦੇ ਫ਼ਿਲਮੀ ਸ਼ੁੱਕਰਵਾਰ 10
ਮੈਂ ਜਦੋਂ ਮਾਰਦਾ, ਏਦਾਂ ਹੀ ਮਾਰਦਾ- ਗੁਰਜਿੰਦ ਮਾਨ 22
ਫ਼ਿਲਮ 'ਸੱਗੀ ਫੁੱਲ'- ਇਕ ਨਜ਼ਰ 24
ਫ਼ਿਲਮ 'ਭਗਤ ਸਿੰਘ ਦੀ ਉਡੀਕ' 25
ਫ਼ਿਲਮਾਂ 2018 ਦੀਆਂ 27
ਰੌਸ਼ਨ ਪ੍ਰਿੰਸ ਦੇ 'ਲਾਂਵਾਂ ਫੇਰੇ' 28
ਬਾਲੀਵੁੱਡ ਫ਼ਿਲਮ 'ਵੀਰੇ ਕੀ ਵੈਡਿੰਗ' 29
ਮੁਲਾਕਾਤ- ਨੇਹਾ ਪਵਾਰ 30
2017 ਦੀਆਂ ਚਰਚਿਤ ਹੀਰੋਇਨਾਂ 32
ਮੁਲਾਕਾਤ- ਨਿਰਮਾਤਰੀ ਰੁਪਾਲੀ ਗੁਪਤਾ 34
ਫ਼ਿਲਮ 'ਆਸੀਸ' 35
ਮੁਲਾਕਾਤ- ਅਦਾਕਾਰਾ ਸਿਮਰਨ ਕੌਰ ਹੁੰਦਲ 37
ਵਿਸ਼ੇਸ਼ ਮੁਲਾਕਾਤ- ਐਂਕਰ ਪਰਮ 38
2017 'ਚ ਵਿੱਛੜੀਆਂ ਫ਼ਿਲਮੀ ਹਸਤੀਆਂ 41
ਬਾਰ-ਬਾਰ ਦਿਨ ਯੇ ਆਏ 47
ਸ਼ਾਇਰੀ ਦਰਬਾਰ 49




Veery Ki Wedding





## ਕਾਂਗਰਸ ਪਾਰਟੀ ਅਤੇ ਮੇਰੇ ਵੱਲੋਂ ਨਵਾਂ ਸਾਲ, ਲੋਹੜੀ ਅਤੇ ਗਣਤੰਤਰ ਦਿਵਸ ਦੀਆਂ ਬਹੁਤ-ਬਹੁਤ ਮੁਬਾਰਕਾਂ !

*with best compliments from:*

**Dr. Raj Kumar Verka**
**M. L. A. Amritsar (West)**

**ਡਾ. ਰਾਜ ਕੁਮਾਰ ਵੇਰਕਾ**
**ਐਮ. ਐਲ. ਏ. ਹਲਕਾ ਪੱਛਮੀ ਅੰਮ੍ਰਿਤਸਰ**



ਸੰਪਾਦਕ ਦੀ ਕਲਮ ਤੋਂ...

# ਨਿਰਮਾਤਾ ਹੈ ਅੰਨਦਾਤਾ, ਸਿਨੇਮਾ ਉਦਯੋਗ ਵਿਚ ਮਾਂ ਜਿੰਨੀ ਕਦਰ ਦਾ ਹੱਕਦਾਰ ਹੈ

Happy New Year

ਗਾਇਕ ਹੋਵੇ ਜਾਂ ਨਾਇਕ, ਗੀਤਕਾਰ ਜਾਂ ਸੰਗੀਤਕਾਰ, ਰਾਈਟਰ ਹੋਵੇ ਜਾਂ ਫਾਈਟਰ, ਡਾਇਰੈਕਸ਼ਨ ਜਾਂ ਪ੍ਰੋਡਕਸ਼ਨ, ਡਿਸਟ੍ਰੀਬਿਊਟਰ, ਜਾਂ ਪ੍ਰਮੋਟਰ, ਕਹਿਣ ਦਾ ਮਤਲਬ ਹੈ ਕਿ ਜਿੰਨੇ ਵੀ ਲੋਕ ਫ਼ਿਲਮੀਂ ਧੰਦੇ ਨਾਲ ਜੁੜੇ ਹਨ, ਸਭ ਨੂੰ ਇਕ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਦੁਨਿਆਵੀ ਤੌਰ 'ਤੇ ਤੁਹਾਡਾ ਅੰਨਦਾਤਾ ਸਿਰਫ਼ ਤੇ ਸਿਰਫ਼ ਨਿਰਮਾਤਾ ਹੀ ਹੈ, ਤੁਹਾਡੇ ਘਰ ਦਾ ਚੁੱਲ੍ਹਾ-ਚੌਂਕਾ ਨਿਰਮਾਤਾ ਦੀ ਬਦੌਲਤ ਹੀ ਚੱਲਦਾ ਹੈ ਅਤੇ ਤੁਸੀਂ ਅੱਜ ਜਿਸ ਵੀ ਪੋਜੀਸ਼ਨ 'ਤੇ ਹੋ ਸਿਰਫ਼ ਫ਼ਿਲਮ ਨਿਰਮਾਤਾ ਕਰਕੇ ਹੀ ਹੋ।

ਜਿਸ ਤਰ੍ਹਾਂ ਇਕ ਗੀਤ ਦਾ ਜਨਮ ਗੀਤਕਾਰ ਦੀ ਕਲਮ 'ਚੋਂ ਹੁੰਦਾ ਹੈ, ਗਾਣੇ ਦੀ ਧੁਨ ਸੰਗੀਤਕਾਰ ਦੀ ਉਪਜ ਹੁੰਦੀ ਹੈ, ਫ਼ਿਲਮ ਦੀ ਕਹਾਣੀ, ਕਹਾਣੀਕਾਰ ਦੀ ਖੋਜ ਹੁੰਦੀ ਹੈ। ਉਸੇ ਤਰ੍ਹਾਂ ਇਕ ਫ਼ਿਲਮ ਦਾ ਜਨਮ ਸਿਰਫ਼ ਤੇ ਸਿਰਫ਼ ਨਿਰਮਾਤਾ ਦੀ ਦੇਣ ਹੈ।

ਤੁਸੀਂ ਬਤੌਰ ਨਿਰਦੇਸ਼ਕ, ਗਾਇਕ, ਗੀਤਕਾਰ, ਸੰਗੀਤਕਾਰ ਜਾਂ ਫ਼ਿਲਮ ਅਤੇ ਸੰਗੀਤ ਨਾਲ ਜੁੜੇ ਕਿਸੇ ਵੀ ਕਿੱਤੇ ਨਾਲ ਸਬੰਧਤ ਕਿੰਨੇ ਵੀ ਹੁਨਰਮੰਦ ਕਿਉਂ ਨਾ ਹੋਵੋ, ਤੁਹਾਡੀ ਅਤੇ ਤੁਹਾਡੇ ਕੰਮ ਦੀ ਕਦਰ, ਪਛਾਣ ਤੱਦ ਹੀ ਸਾਹਮਣੇ ਆਉਂਦੀ ਹੈ, ਜਦ ਕੋਈ ਆਪਣੀ ਜੇਬ 'ਚੋਂ ਆਪਣੀ ਮਿਹਨਤ ਨਾਲ ਕਮਾਏ ਪੈਸੇ ਖਰਚ ਕੇ ਤੁਹਾਨੂੰ ਤੁਹਾਡੇ ਕੰਮ ਸਮੇਤ ਦੁਨੀਆ ਸਾਹਮਣੇ ਲਿਆਉਣ ਦਾ ਹੀਲਾ ਕਰਦਾ ਹੈ। ਭਾਵੇਂ ਕੋਈ ਸ਼ੌਕ ਨਾਲ ਇਹ ਕੰਮ ਕਰਦਾ ਹੈ ਜਾਂ ਪੈਸਾ ਕਮਾਉਣ ਲਈ ਪਰ ਆਪਣੀ ਜੇਬ 'ਚੋਂ ਪੈਸਾ ਕੱਢਣਾ ਹਰ ਕਿਸੇ ਦਾ ਕੰਮ ਨਹੀਂ। ਉਹ ਵੀ ਉੱਥੇ-ਜਿੱਥੇ 100 ਪ੍ਰਤੀਸ਼ਤ ਰਿਸਕ ਹੋਵੇ। ਲੋਕਾਂ ਨੂੰ ਕੀ ਪਸੰਦ ਆਉਂਦਾ ਹੈ ਅਤੇ ਕੀ ਨਹੀਂ ਇਹ ਪਿਛਲੇ 100 ਸਾਲਾਂ ਚ ਅੱਜ ਤੱਕ ਕੋਈ ਨਹੀਂ ਦੱਸ ਸਕਿਆ।

ਯਾਦ ਕਰੋ ਜੇ ਤੁਸੀਂ ਗਾਇਕ ਹੋ ਤਾਂ ਪਹਿਲੀ ਵਾਰ ਕਿਸੇ ਨੇ ਤੁਹਾਡੇ 'ਤੇ ਪੈਸਾ ਲਾ ਕੇ ਤੁਹਾਡਾ ਗਾਣਾ ਰਿਕਾਰਡ ਕਰਵਾਇਆ ਹੋਵੇ, ਜੇ ਤੁਸੀਂ ਫ਼ਿਲਮ ਐਕਟਰ ਹੋ ਤਾਂ ਪਹਿਲੀ ਵਾਰ ਤੁਹਾਡੇ 'ਤੇ ਰਿਸਕ ਲੈ ਕੇ ਫ਼ਿਲਮ ਦੇ ਨਾਇਕ ਜਾਂ ਨਾਇਕਾ ਦੇ ਰੂਪ ਵਿਚ ਤੁਹਾਨੂੰ ਦੁਨੀਆ ਸਾਹਮਣੇ ਪੇਸ਼ ਕੀਤਾ ਹੋਵੇ ਜਾਂ ਤੁਹਾਨੂੰ ਬਰੇਕ ਦੇ ਕੇ ਬਤੌਰ ਨਿਰਦੇਸ਼ਕ ਫ਼ਿਲਮ ਬਣਾਉਣ ਦਾ ਮੌਕਾ ਦਿੱਤਾ ਹੋਵੇ ਜਾਂ ਫ਼ਿਲਮ ਅਤੇ ਸੰਗੀਤ ਦੇ ਧੰਦੇ ਨਾਲ ਜੁੜੀ ਕੋਈ ਵੀ ਪਹਿਲੀ ਬਰੇਕ ਜਿਸ ਦੇ ਇੰਤਜ਼ਾਰ 'ਚ ਤੁਸੀਂ ਕਈ ਸਾਲ ਸੰਘਰਸ਼ ਦੇ ਰੂਪ ਵਿਚ ਧੱਕੇ ਖਾਧੇ ਹੋਣ।

ਇਕ ਨਿਰਮਾਤਾ ਦੀ ਬਦੌਲਤ ਹੀ ਤੁਸੀਂ ਬਤੌਰ ਐਕਟਰ ਜਾਂ ਗਾਇਕ ਘਰ ਦੀ ਰੋਟੀ ਰੋਜ਼ੀ ਜੋਗੇ ਹੋਏ, ਪ੍ਰਸਿੱਧੀ ਖੱਟੀ, ਵੱਡੀਆਂ ਗੱਡੀਆਂ, ਕਾਰ-ਕੋਠੀਆਂ ਲਈਆਂ, ਦੇਸ਼ਾਂ ਵਿਦੇਸ਼ਾਂ ਦੀ ਸੈਰ ਕੀਤੀ, ਕਹਿਣ ਦਾ ਮਤਲਬ ਕਿ ਇਸ ਖੇਤਰ ਨਾਲ ਜੁੜੇ ਹਜ਼ਾਰਾਂ ਲੋਕਾਂ ਨੂੰ ਰੋਜ਼ਗਾਰ ਸਿਰਫ਼ ਨਿਰਮਾਤਾ ਦੇ ਕਾਰਨ ਹੀ ਮਿਲਦਾ ਹੈ ਅਤੇ ਫੇਰ ਵੀ ਸਾਡੇ ਲੋਕ ਨਿਰਮਾਤਾ ਨੂੰ ਨਾ ਤਾਂ ਬਣਦੀ ਕਦਰ ਦਿੰਦੇ ਹਨ ਅਤੇ ਨਾ ਹੀ ਉਨ੍ਹਾਂ ਦਾ ਅਹਿਸਾਨ ਮੰਨਦੇ ਹਨ। ਜਿਸ ਨੇ ਤੁਹਾਡੀ ਦੁਨੀਆ ਹੀ ਬਦਲ ਦਿੱਤੀ ਹੋਵੇ, ਤੁਹਾਡੇ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਸਹਾਈ ਹੋਇਆ ਹੋਵੇ ਜਾਂ ਕਹਿ ਲਵੋ ਆਪਣੇ ਮੋਢਿਆ ਦੇ ਦਮ 'ਤੇ ਤੁਹਾਨੂੰ ਸਫ਼ਲਤਾ ਦੀ ਪਹਿਲੀ ਪੌੜੀ 'ਤੇ ਚਾੜਿਆ ਹੋਵੇ, ਕਿਉਂ ਨਾ ਉਸ ਦੀ ਮਾਂ ਵਾਂਗ ਕਦਰ ਹੋਵੇ।

ਕਰੋੜਾਂ ਦੀ ਲਾਗਤ ਨਾਲ ਬਣੀ ਇਕ ਫ਼ਿਲਮ ਜਦੋਂ ਨਹੀਂ ਚੱਲਦੀ ਤਾਂ ਕੋਈ ਉਸ ਦੀ ਸਪੋਰਟ ਨਹੀਂ ਕਰਦਾ, ਨਿਰਮਾਤਾਵਾਂ ਦੀ ਬਦੌਲਤ ਖੜਾ ਹੋਇਆ ਕੋਈ ਫ਼ਿਲਮ ਐਕਟਰ ਉਸ ਦੀ ਦੂਜੀ ਫ਼ਿਲਮ ਵਿਚ ਘੱਟ ਪੈਸਿਆਂ 'ਤੇ ਜਾਂ ਮੁਫ਼ਤ ਕੰਮ ਕਰਨ ਦੀ ਆਪਣੇ ਮੂੰਹੋਂ ਆਫ਼ਰ ਨਹੀਂ ਦਿੰਦਾ, ਕੋਈ ਉਸ ਦੇ ਹੋਏ ਨੁਕਸਾਨ ਤੇ ਉਸ ਨਾਲ ਹਮਦਰਦੀ ਨਹੀਂ ਕਰਦਾ। ਇਸੇ ਲਈ ਉਹ ਨਿਰਮਾਤਾ ਦੂਜੀ ਫ਼ਿਲਮ ਬਣਾਉਣ ਦਾ ਹੌਂਸਲਾ ਨਹੀਂ ਕਰਦਾ ਅਤੇ ਇੰਡਸਟਰੀ ਹੀ ਛੱਡ ਜਾਂਦਾ ਹੈ।

ਜਦੋਂ ਕੋਈ ਨਵਾਂ ਨਿਰਮਾਤਾ ਪਹਿਲੀ ਵਾਰ ਫ਼ਿਲਮ ਉਦਯੋਗ ਵਿਚ ਕਦਮ ਰੱਖਦਾ ਹੈ ਤਾਂ ਉਸ ਨੂੰ ਸਹੀ ਗਾਈਡ ਕਰਨ ਦੀ ਬਜਾਏ ਜ਼ਿਆਦਾਤਰ ਉਸ ਨੂੰ ਛਿੱਲਣ-ਵਰਤਣ ਦੀ ਹੀ ਕੋਸ਼ਿਸ਼ ਕਰਦੇ ਹਨ, ਨਤੀਜਤਨ ਫ਼ਿਲਮ ਪੂਰੀ ਹੋਣ ਤੱਕ ਉਹ ਸਮਝਦਾਰ ਤਾਂ ਹੋ ਹੀ ਜਾਂਦਾ ਹੈ ਪਰ ਬਹੁਤ ਕੁਝ ਲੁਟਾਉਣ ਤੋਂ ਬਾਅਦ। ਇਸ ਦੇ ਬਾਵਜੂਦ ਵੀ ਜੇ ਕੋਈ ਨਿਰਮਾਤਾ ਆਪਣੀ ਫ਼ਿਲਮ ਰਾਹੀਂ ਆਪਣੇ ਦਮ 'ਤੇ ਕਾਮਯਾਬ ਹੋ ਵੀ ਜਾਂਦਾ ਹੈ ਤਾਂ ਮਾਰਕੀਟ ਵਿਚ ਉਸ ਦੇ ਕੰਪੀਟੀਟਰਾਂ ਦੀ ਲੌਬੀ ਉਸ ਦੀਆਂ ਟੰਗਾਂ ਖਿੱਚਣ ਲੱਗ



ਦਲਜੀਤ ਸਿੰਘ ਅਰੋੜਾ

ਪੈਂਦੀ ਹੈ ਕਿ ਨਵਾਂ ਬੰਦਾ ਕਿੱਥੋਂ ਜੰਮ ਪਿਆ।

ਅਸੀਂ ਇੰਨੇ ਖ਼ੁਦਗਰਜ਼ ਹੋ ਜਾਂਦੇ ਹਾਂ ਕਿ ਫ਼ਿਲਮ ਅਤੇ ਸੰਗੀਤ ਜਗਤ ਨੂੰ ਖੜਾ ਰੱਖਣ ਵਾਲੇ ਨਿਰਮਾਤਾਵਾਂ ਨੂੰ ਸ਼ਾਬਾਸ਼ੀ ਦੇਣ ਦੀ ਬਜਾਏ ਉਸ ਨੂੰ ਨਰਾਸ਼ ਅਤੇ ਬੇਵੱਸ ਕਰਨ ਦੀ ਹੱਦ ਤੱਕ ਜਾਂਦੇ ਹਾਂ।

ਸੋ ਆਓ ਰਲ ਕੇ ਇਸ ਗੱਲ 'ਤੇ ਵਿਚਾਰ ਕਰੀਏ ਅਤੇ ਨਵੇਂ ਵਰ੍ਹੇ 'ਚ ਆਪਣੇ ਅੰਨਦਾਤਾ-ਨਿਰਮਾਤਾ ਦੀਆਂ ਸੇਵਾਵਾਂ ਨੂੰ ਨਾ ਵਿਸਾਰਦੇ ਹੋਏ ਉਨ੍ਹਾਂ ਨੂੰ ਉਨ੍ਹਾਂ ਦਾ ਬਣਦਾ ਮਾਣ ਸਤਿਕਾਰ ਜ਼ਰੂਰ ਦੇਈਏ।

ਅੰਤ ਵਿਚ ਮੇਰੇ ਵੱਲੋਂ ਅਤੇ 'ਪੰਜਾਬੀ ਸਕਰੀਨ' ਅਦਾਰੇ ਵੱਲੋਂ ਸਭ ਨੂੰ ਨਵੇਂ ਸਾਲ ਦੀਆਂ ਬਹੁਤ-ਬਹੁਤ ਮੁਬਾਰਕਾਂ ! 'ਪੰਜਾਬੀ ਸਕਰੀਨ' ਅਦਾਰੇ ਦੇ ਕਾਮਯਾਬ ਅੱਠ ਵਰ੍ਹੇ ਪੂਰੇ ਹੋਣ 'ਤੇ ਮੈਂ ਆਪਣੇ ਪਾਠਕਾਂ ਦਾ, ਅਦਾਰੇ ਨਾਲ ਜੁੜੇ ਸਾਰੇ ਲੇਖਕਾਂ ਦਾ ਅਤੇ ਇਸ਼ਤਿਹਾਰਾਂ ਦੇ ਰੂਪ ਵਿਚ ਸਮੇਂ-ਸਮੇਂ ਤੇ ਆਰਥਿਕ ਮਦਦ ਕਰਨ ਵਾਲੇ ਸਾਰੇ ਸਹਿਯੋਗੀਆਂ ਅਤੇ ਸਮੂਹ ਸਟਾਫ਼ ਦਾ ਤਹਿ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਦੀ ਬਦੌਲਤ 'ਪੰਜਾਬੀ ਸਕਰੀਨ' ਅਦਾਰੇ ਨੇ ਇਸ ਜਨਵਰੀ 2018 ਦੇ ਅੰਕ ਨਾਲ ਨੌਵੇਂ ਵਰ੍ਹੇ ਵਿਚ ਪ੍ਰਵੇਸ਼ ਕੀਤਾ ਹੈ।



ਮਨਜੋਤ ਸਿੰਘ ਅਰੋੜਾ (ਐਸੋਸੀਏਟ ਐਡੀਟਰ)



ਗੁਰਜੀਤ ਕੌਰ ਢਿੱਲੋਂ (ਐਸੋਸੀਏਟ ਐਡੀਟਰ)



ਅਰਜੁਨ ਸਿੰਘ ਵਿਰਦੀ (ਐਸੋਸੀਏਟ ਐਡੀਟਰ ਆਨਰੇਰੀ)



ਲਖਨ ਪਾਲ (ਫ਼ਿਲਮ ਜਰਨਲਿਸਟ)



ਰਜਿੰਦਰ ਸਿੰਘ ਰਾਹੀ (ਚੀਫ਼ ਐਗਜ਼ੀਕਿਊਟਿਵ ਐਂਡ ਪੀ. ਆਰ. ਓ.)



# ਆਉਣ ਵਾਲੀਆਂ 171 ਪੰਜਾਬੀ ਫ਼ਿਲਮਾਂ

## ਬਣੀਆਂ, ਰੁਕੀਆਂ ਜਾਂ ਤਿਆਰੀ ਅਧੀਨ ਫ਼ਿਲਮਾਂ

ਉਡੀਕ
ਆਖਰੀ ਵਾਰਿਸ
ਆਲਣਾ
ਆਸੀਸ
ਅੱਜ ਦੇ ਲਫੰਗੇ
ਸਾਡਾ ਜਵਾਈ ਐਨ. ਆਰ. ਆਈ. (ਇੰਨ ਬਾਕਸ)
ਸਾਡੇ ਆਲੇ
ਹਰਜੀਤਾ
ਕੈਰੀ ਆਨ ਜੱਟਾ-2
ਕਾਲਜੀਏਟ (ਇੰਨ ਬਾਕਸ)
ਕੰਡੇ
ਕਦਰ
ਖਿੱਦੋ ਖੂੰਡੀ
ਗੋਲਕ, ਬੁਗਨੀ ਬੈਂਕ ਤੇ ਬਟੂਆ

ਗੁਲਾਮ
ਜੱਟ ਇਨ ਥਾਈਲੈਂਡ (ਇੰਨ ਬਾਕਸ)
ਜੱਟ ਪ੍ਰਦੇਸੀ (ਇੰਨ ਬਾਕਸ)
ਜੱਗਾ ਜਿਊਂਦਾ ਹੈ
ਡੌਂਟ ਵਰੀ ਯਾਰਾ (ਇੰਨ ਬਾਕਸ)
ਡਾਕੂਆਂ ਦਾ ਮੁੰਡਾ
ਢੋਲ ਰੱਤੀ
ਤੂਫ਼ਾਨ ਸਿੰਘ (ਬੈਨਡ ਇਨ ਇੰਡੀਆ)
ਤਵੀਤ
ਦਾਸਤਾਨ-ਏ-ਸਰਹਿੰਦ
ਦਿਨ ਦਿਹਾੜੇ ਲੈ ਜਾਣਗੇ (ਇੰਨ ਬਾਕਸ)
ਦੌੜ-ਰੇਸ ਫਾਰ ਲਵ (ਇੰਨ ਬਾਕਸ)
ਦਿੱਲੀ ਤੋਂ ਲਾਹੌਰ
ਦਿੱਲੀ 1984 (ਇੰਨ ਬਾਕਸ)

ਦੁੱਲਾ ਵੈਲੀ
ਦਾਣਾ ਪਾਣੀ
ਧੀ ਪੰਜਾਬ ਦੀ (ਇੰਨ ਬਾਕਸ)
ਨੀ ਤੂੰ ਜੱਟ ਦੀ ਪਸੰਦ
ਨਨਕਾਣਾ
ਪੰਜੋ
ਪੰਜਾਬ ਸਿੰਘ
ਪ੍ਰਾਹੁਣਾ
ਫਾਈਟ ਬੈਕ
ਫੈਮਲੀ 420 ਅਗੇਨ
ਫੌਜੀ ਕੇਹਰ ਸਿੰਘ
ਬੋਲੋ ਤਾਰਾ ਰਾਰਾ (ਇੰਨ ਬਾਕਸ)
ਵਣਜਾਰਾ
ਮੁੰਡਾ ਜਿਗਰੇ ਵਾਲਾ (ਇੰਨ ਬਾਕਸ)

ਮੈਂ ਕਮਲੀ ਯਾਰ ਦੀ
ਮਿਸਟਰ ਐਂਡ ਮਿਸਿਜ਼ 420 ਰਿਟਰਨਜ਼
ਯਾਰ ਮੇਰਾ ਰੱਬ ਵਰਗਾ (ਇੰਨ ਬਾਕਸ)
ਯਮਲੇ ਜੱਟ ਯਮਲੇ (ਇੰਨ ਬਾਕਸ)
ਰੱਬਾ ਰੱਬਾ ਮੀਂਹ ਵਰਸਾ
ਰੇਡੂਆ
ਰੰਗਲਾ ਪੰਜਾਬ
ਰੱਬਾ
ਲੰਡਨ ਦੀ ਹੀਰ (ਇੰਨ ਬਾਕਸ)
ਲਾਵਾਂ ਫੇਰੇ
ਲਾਟੂ
ਲੌਂਗ ਲਾਚੀ
ਵੀਜ਼ਾ

## ਨਵੀਆਂ ਪੰਜਾਬੀ ਫ਼ਿਲਮਾਂ ਲਈ ਦਰਜ/ਅਨਾਊਂਸ ਹੋਏ ਨਾਂਅ

ਅੰਗਰੇਜ਼-2
ਅਸੀਂ ਨਈਂ ਸੁਧਰਨਾ
ਅਸੀਂ ਦੇਸੀ ਹੀਰੋ
ਆਪਾਂ ਪੰਜਾਬੀ ਹਾਂ
ਆਪਾਂ ਵਿਹਲੇ
ਐਸ਼ ਕਰ ਲਓ
ਅਸੀਂ ਪੰਜਾਬੀ
ਅਸੀਂ ਦੇਸੀ
ਆਖਰੀ ਮੌਕਾ
ਐਲ. ਏ. ਤੋਂ ਬੇਗਾਸ
ਅਸਲੀ ਪੰਜਾਬ
ਐਨ. ਆਰ. ਆਈ. ਲਾੜਾ
ਅੱਲਾ ਬਖ਼ਸ਼
ਆੜੀ
ਇਸ਼ਕਾ
ਇਕ ਓਨਕਾਰ
ਏਜੰਟ ਲੱਕੀ
ਇਸ਼ਕਨਾਮਾ
ਇਸ਼ਕ ਅਵੱਲਾ
ਇਸ਼ਕ ਵਿਚ
ਇਸ਼ਕ ਵਰਗਾ ਲਵ
ਇਸ਼ਕ ਮਾਈ ਰਿਲੇਜਨ
ਇਹ ਦਿਲ ਦਾ ਮਾਮਲਾ
ਇਕ ਵਾਰੀ ਹਾਂ ਕਰਦੇ
ਇਕ ਦੂਜੇ ਦੇ ਵਾਸਤੇ
ਸੋਚ-ਦਾ ਥਿੰਕਿੰਗ
ਸੱਚੋ-ਸੱਚ
ਹਿੱਕ ਨਾਲ
ਕੈਰੀ ਆਨ ਬਾਈ ਜੀ

ਕਰਤਾ ਯਾਰ ਕਮਾਲ
ਕੈਲੇਫੋਰਨੀਆ ਟੂ ਪੰਜਾਬ
ਕਾਲੀ ਸਰਹੱਦ
ਖਾਲਸਾ ਵਾਰੀਅਰ
ਖਾੜਕੂਵਾਦ
ਖੱਟੀ ਮਿੱਠੀ ਲਾਈਫ਼
ਗੇਮ ਆਫ਼ ਲਵ
ਗੁੱਡਲੱਕ
ਗਿਆਨੀ ਜੀ
ਚੱਕ ਦੇ ਫੱਟੇ -2
ਚਮਕੀਲਾ-ਦਾ ਲੀਜੈਂਡ
ਛਣਕਾਟਾ
ਜੁਦਾ
ਜੱਟ ਰੋਮਾਂਟਿਕ
ਜੁਗਨੂੰ ਵੈਡਸ ਜੁਗਨੀ
ਜੀਅ ਕਰਦਾ
ਜੱਟ ਆਨ ਟਰੱਕ
ਜੱਟ ਬੁਆਏਜ਼ ਪੁੱਤ ਜੱਟਾਂ ਦੇ-2
ਜੱਟਾਂ ਦੀਆਂ ਦਿਲਦਾਰੀਆਂ
ਜਸਟ ਪੰਜਾਬੀ
ਜਿੰਦ ਜਾਨ
ਜੁਗਨੀ ਇਨ ਲਵ
ਜੱਟ ਵਰਸਿਜ਼ ਜੱਟ
ਜੱਟ ਵਰਸਿਜ਼ ਆਈਲੈਟਸ
ਜੈ ਹਿੰਦ ਸਰ
ਟੋਪੀਬਾਜ਼
ਤੇਰੀ ਆਈ ਮੈਂ ਮਰ ਜਾਂ
ਤੇਰੀ ਮੇਰੀ ਇਕ ਜਿੰਦ
ਦਾ ਯੂਥ

ਦੇਸੀ ਯੰਗਸਟਰ
ਦਾ ਲਾਇਨ ਆਫ਼ ਪੰਜਾਬ-2
ਦਿਲ ਦੋਸਤੀ ਡਾਂਸ
ਦਿਲ ਚੋਰੀ ਸਾਡਾ ਹੋ ਗਿਆ
ਦੋ ਵਿਚਾਰੇ
ਦੋ ਬੋਲ
ਦਸਤਾਰ
ਦਿਲ ਸਾਡਾ ਮੋੜ ਦੇ
ਨਿਰਭਓ ਨਿਰਵੈਰ
ਨਾਢੂ ਖਾਂ
ਨੰਨੀ ਛਾਂ
ਪੰਜਾਬੀਏ ਜ਼ੁਬਾਨੇ
ਪੰਜਾਬੀ 22 ਨੇਚਰ
ਪ੍ਰਿੰਸ ਆਫ ਪਟਿਆਲਾ
ਪੰਗੇ ਯਾਰਾਂ ਦੇ
ਪੈ ਗਿਆ ਪੰਗਾ
ਪਟੋਲਾ ਚੰਡੀਗੜ੍ਹ ਦਾ
ਪਿੰਡ ਅਵਾਜ਼ਾਂ ਮਾਰਦਾ
ਪੰਜਾਬ ਐਕਸ
ਫੁੱਲ ਫੁੱਕਰੇ
ਬੰਦਾ ਸਿੰਘ ਬਹਾਦਰ ਦੀ ਚੜ੍ਹਾਈ
ਬਲਵਿੰਦਰ ਸਿੰਘ ਫੇਮਸ ਹੋ ਗਿਆ
ਬਾਰੀ
ਬੁਨਿਆਦ
ਬੈਸਟ ਫਰੈਂਡਜ਼
ਬੰਦੂਕਾਂ
ਮੰਨ ਗਏ ਜੀਜਾ ਜੀ
ਮੇਲ ਕਰਾਦੇ ਰੱਬਾ 2
ਮਿਰਜ਼ਾ ਰਾਂਝਾ ਰੋਮੀਓ

ਮਿੰਦੋ ਜ਼ੈਲਦਾਰਨੀ
ਮਿਤਰੋ-ਮਿਤਰੋ
ਮੁੰਡੇ ਰੌਕਸਟਾਰ
ਮਾਈ ਲਵ ਪੰਜਾਬ
ਮੋਗਾ ਟੂ ਮੈਲਬੋਰਨ
ਮੁਸ਼ਟੰਡਾ
ਮਾਹੀਆ ਢੋਲ ਸਿਪਾਹੀਆ
ਮੌਜ ਮਸਤੀਆਂ
ਮਾਵਾਂ ਠੰਡੀਆਂ ਛਾਵਾਂ
ਮੇਰਾ ਵਤਨ
ਮਰਜੀਵੜੇ
ਮੈਨ ਆਫ਼ ਦਾ ਆਨਰ
ਮੁਕਲਾਵਾ
ਮੇਮ ਸਾਬ ਦਾ ਡਰਾਈਵਰ
ਯਾਰੀ ਨੌਨ ਸਟਾਪ
ਰੋਮੀਓ ਰਾਂਝਾ ਤੇ ਹੀਰ
ਰਿਸਕੀ ਜੱਟ
ਰਿਸਕ ਇਨ ਇਸ਼ਕ
ਰੱਖੜੀ
ਰੋਕ ਲੋ
ਰੰਗ ਬਿਰੰਗੇ ਰਿਸ਼ਤੇ
ਲਫੰਡਰ
ਲਫੰਡਰ ਪਾਰਟੀ
ਲਾਲੀ ਠੱਗ
ਵਾਈਫ਼ ਹੈ ਤੋ ਲਾਈਫ਼ ਹੈ
ਸ਼ੁੱਧ ਦੇਸੀ ਲਵ ਸਟੋਰੀ
ਸ਼ਹੀਦੀ
ਸ਼ਰੀਕ-2
ਸ਼ਤਰੰਜ

**ਕ੍ਰਿਪਾ ਕਰੇ ਆਪਣੀ ਨਵੀਂ ਅਨਾਊਂਸ ਜਾਂ ਦਰਜ ਕਰਵਾਈ ਫ਼ਿਲਮ ਦਾ ਨਾਂਅ ਇਸ ਲਿਸਟ ਵਿਚ ਸ਼ਾਮਲ ਕਰਨ ਲਈ ਸਾਨੂੰ ਭੇਜੋ।**
punjabiscreen@gmail.com

# PUBLIC NOTICE

This is for the information of one and all that Pitaara Tv, Punjabi Movie Channel, has procured the copyrights for the telecast/ broadcast/playout ofthe following movies through their channel on Cable, Satellite and DTHplatforms. In case anyone has any issues pertaining to the copyright or any other legal issues may contact at the mail id legal@pitaara.tv mail to: legal@pitaara.tv or Phone Number: 0172 40019999, with 15 days of the publishing of this advertisement.

| Sr. No | FILM | LANGUAGE | PRODUCTION BANNER | PRODUCER | DIRECTOR | STARCAST | CENSOR CERTIFICATE NO. |
|---|---|---|---|---|---|---|---|
| 1 | ISHQ NACHAVE GALI GALI | PUNJABI | Rajvin Films | Davinder Walia | Balwant Dullat | Randeep Varinder, Shivendra Mann, Manjit Kular etc. | CRL-1/21/2001 |
| 2 | JATT TE JAMEEN | PUNJABI | Malwa Production | Sukhjinder Shera | Varinder | Varinder, Sukhjinder Shera, Guggu Gill etc | 555 Not Clear |
| 3 | DUKH BHANJAN TERA NAAM | PUNJABI | Nalwa Movies | Kanwar Mohinder Singh Bedi | B S Thapa | Dhermindra, Dara Singh, Sunil Dutt | 70202 |
| 4 | TERI MERI IK JINDARI | PUNJABI | Ludhiana Films | Inderjit Hasan Puri | Dharam Kumar | Dhermindra, Verender, Meena Rai, Mehar Mittal etc. | NO CENSOR |
| 5 | UCCHA PIND | PUNJABI | Malwa Production | Sukhjinder Shera | Sukhjinder Shera | Raj Babber, Sukhjinder Shera, Ravinder Mann etc. | NO CENSOR |
| 6 | ZOR JATT DA | PUNJABI | Malwa Production | Sukhjinder Shera | Sukhjinder Shera | Sukhjinder Shera, Guggu Gill, Yograj Singh etc. | 2002 |
| 7 | LAJJO | PUNJABI | Pooja Film International | Surender Mangla, Satpal, Brinda Walia | Varinder | Varinder, Daljit Kaur, Yogesh, Sudha Chopra etc. | 103363 |
| 8 | VAISAKHI | PUNJABI | Parwaj Films | Sardool Singh Atwal | Harjit Singh | Deep Dhillon, Sunita Dhar, Sardool Sikander etc. | 16743 |
| 9 | SEHTI MURAD | PUNJABI | Sheetal Movies | Jatinder Bhandri | Kailash Bhandri | Anil Dhawan, Dheraj, Raja Murad etc. | 89487 |
| 10 | SHERAN DE PUTT SHER | PUNJABI | Moon Light Movies | Mohan Singh Sanddhu | Anil Pandit | Dara Singh, Diljeet Kaur, Satish Kaul etc. | 3707 |
| 11 | SIR DARDH DI BAAZI | PUNJABI | Gobind Arts | Sukhjinder Shera | Sukhjinder Shera | Sukhjinder Shera, Preety Saproo, B. N. Sharma | 1502 |
| 12 | TUNKA PYAAR DA | PUNJABI | Amrita Films | Amarjit Walia | Anil Pandit | Daljit Kaur, Surendra Walia etc. | 12004 |
| 13 | VAIREE JATT | PUNJABI | T Series | Laxmi Sobti | V K Sobti | Shabnam Kapoor, Beena Bawa, Sunil Dhawan | 5121 |
| 14 | MAN JEETE JAG JEET | PUNJABI | Bedi & Bakshi Production | Kanwar Mohinder Singh Bedi | B S Thapa | Sunil Dutt, Radha Saluja, Ranjit, Om Prakash etc. | 74141 |
| 15 | MUTIYAAR | PUNJABI | Jugnu Films | O. P. Sayyar | Surendra Singh | Satish Kaul - Rita Bhadur etc. | 90458 |
| 16 | YAARAN NAAL BAHARAN 1 | PUNJABI | WILD ROSE ENTERTAINMENT | Preetpal Singh, Dalwinder Lidher, Samit Barar | Manmohan Singh | Jimmi Sher Gil, Raj Babber, Juhi Babber etc. | CRLNO-1/107/2005 |
| 17 | YAARAN NAAL BAHARAN 2 | PUNJABI | WILD ROSE ENTERTAINMENT | Dreamers Productions | Samit Barar | Rishita Monga, Aman, Prince Kanwaljeet Singh, Yograj Singh | CRL/1/24/2012-MUM |
| 18 | ASSAN NU MAAN WATNA DA | PUNJABI | WILD ROSE ENTERTAINMENT | Preetpal Singh, Dalwinder Lidher, Samit Barar | Manmohan Singh | Harbhajan Mann | CRL/01/28/2004 |



# ਕਿੱਦਾਂ ਦੇ ਰਹੇ ਪੰਜਾਬੀ ਸਿਨੇਮਾ 2017 ਦੇ ਫ਼ਿਲਮੀ ਸ਼ੁੱਕਰਵਾਰ?

2017 ਵਿਚ ਰਿਲੀਜ਼ ਹੋਈਆਂ ਕੁੱਲ 36 ਪੰਜਾਬੀ ਫ਼ਿਲਮਾਂ, ਜਿਨ੍ਹਾਂ ਦੀ ਲਾਗਤ ਲਗਭਗ 85/90 ਕਰੋੜ ਦੇ ਕਰੀਬ ਬਣਦੀ ਹੈ, ਵਿੱਚੋਂ 90 ਪ੍ਰਤੀਸ਼ਤ ਘਾਟੇ ਵਾਲਾ ਸਾਬਤ ਹੋਇਆ ਪੰਜਾਬੀ ਸਿਨੇਮਾ! ਕਹਿ ਲਓ ਕਿ 2017 ਵੀ ਪੰਜਾਬੀ ਫ਼ਿਲਮ ਨਿਰਮਾਤਾਵਾਂ ਲਈ ਬਹੁਤਾ ਵਧੀਆ ਸਾਲ ਨਹੀਂ ਰਿਹਾ। 36 ਫ਼ਿਲਮਾਂ ਵਿੱਚੋਂ ਸਿਰਫ਼ 4/5 ਫ਼ਿਲਮਾਂ ਨੇ ਹੀ ਕਮਾਈ ਕੀਤੀ ਅਤੇ ਪੰਜਾਬੀ ਸਿਨੇਮਾ ਦਾ ਮਾਣ-ਸਨਮਾਨ ਬਣਾਈ ਰੱਖਿਆ। 2017 ਦੀਆਂ ਪ੍ਰਮੁੱਖ ਫ਼ਿਲਮਾਂ 'ਚੋਂ ਨਿਰਦੇਸ਼ਕ ਬਲਜੀਤ ਸਿੰਘ ਦਿਓ ਦੀ 'ਮੰਜੇ ਬਿਸਤਰੇ', ਸ਼ਿਤਿਜ ਚੌਧਰੀ ਦੀ 'ਵੇਖ ਬਰਾਤਾਂ ਚੱਲੀਆਂ', ਤਰਨਵੀਰ ਸਿੰਘ ਜਗਪਾਲ ਅਤੇ ਹੈਰੀ ਭੱਟੀ ਦੀ 'ਰੱਬ ਦਾ ਰੇਡੀਓ', ਅਵਤਾਰ ਸਿੰਘ ਦੀ 'ਰੁਪਿੰਦਰ ਗਾਂਧੀ-2', ਕਵੀ ਰਾਜ ਦੀ 'ਬਲੈਕ ਪ੍ਰਿੰਸ' ਨਵਨੀਅਤ ਸਿੰਘ ਦੀ 'ਜਿੰਦੂਆ', ਪੰਕਜ ਬੱਤਰਾ ਦੀ 'ਚੰਨਾ ਮੇਰਿਆ', ਹੈਰੀ ਭੱਟੀ ਦੀ 'ਸਰਦਾਰ ਮੁਹੰਮਦ', ਸਿਮਰਜੀਤ ਦੀ 'ਨਿੱਕਾ ਜੈਲਦਾਰ 2' ਅਤੇ ਅੰਬਰਦੀਪ ਦੀ 'ਲਹੌਰੀਏ' ਹੀ ਬੀਤੇ ਸਾਲ ਦੀਆਂ ਜ਼ਿਕਰਯੋਗ ਫ਼ਿਲਮਾਂ ਦੀ ਗਿਣਤੀ ਵਿਚ ਆਈਆਂ।

ਕੁਝ ਪੰਜਾਬੀ ਫ਼ਿਲਮਾਂ ਬਾਲੀਵੁੱਡ ਦੀ 'ਪਦਮਾਵਤੀ' ਦੇ ਅੜਿੱਕੇ ਕਾਰਨ ਸੈਂਸਰ ਬੋਰਡ ਦੀ ਭੇਟ ਚੜ੍ਹ ਗਈਆਂ , ਜਿਸ ਕਾਰਨ ਐਮੀ ਵਿਰਕ ਸਟਾਰਰ 'ਸਤਿ ਸ਼੍ਰੀ ਅਕਾਲ ਇੰਗਲੈਂਡ' ਨੂੰ ਫੁੱਲ ਪ੍ਰਚਾਰ ਤੋਂ ਬਾਅਦ ਸਮੇਂ ਸਿਰ ਸੈਂਸਰ ਸਰਟੀਫਿਕੇਟ ਨਾ ਮਿਲਣ 'ਤੇ ਫ਼ਿਲਮ ਅੱਗੇ ਪਾਉਣ ਕਾਰਨ ਨੁਕਸਾਨ ਹੋਇਆ। ਇਸ ਤੋਂ ਇਲਾਵਾ ਅਰਸ਼ ਚਾਵਲਾ ਦੀ 'ਉਡੀਕ' ਅਤੇ ਵਿਜੇ ਖੇਪੜ ਦੀ 'ਦਿੱਲੀ ਤੋਂ ਲਾਹੌਰ' ਵੀ ਪੂਰੀ ਪਬਲੀਸਿਟੀ ਦੇ ਬਾਵਜੂਦ 2018 'ਚ ਚਲੀਆਂ ਗਈਆਂ।

ਪੰਜਾਬੀ ਸਿਨੇਮਾ 2017 ਦੀ ਗੱਲ ਕਰੀਏ, ਤਾਂ ਕੁਝ ਵਿਸ਼ੇਸ਼ ਜ਼ਿਕਰਯੋਗ ਚੰਗੀਆਂ ਗੱਲਾਂ ਇਹ ਸਾਹਮਣੇ ਆਈਆਂ ਕਿ ਮੁੰਬਈ ਦੇ ਪ੍ਰਸਿੱਧ ਨਿਰਮਾਤਾਵਾਂ ਅਤੇ ਐਕਟਰਾਂ ਨੇ ਪੰਜਾਬੀ ਸਿਨੇਮਾ ਨਾਲ ਜੁੜਨ ਲਈ ਦਿਲਚਸਪੀ ਵਿਖਾਈ। ਵਰਨਣਯੋਗ ਨਾਵਾਂ ਵਿਚ ਮਹੇਸ਼ ਭੱਟ, ਏਕਤਾ ਕਪੂਰ, ਪ੍ਰਿਅੰਕਾ ਚੋਪੜਾ, ਸ਼ਗੁਫ਼ਤਾ ਰਫ਼ੀਕ ਅਤੇ ਸ਼ਗੁਨ ਵਾਘ ਜਿਹੀਆਂ ਪ੍ਰਮੁੱਖ ਸ਼ਖ਼ਸੀਅਤਾਂ ਸ਼ਾਮਲ ਹਨ।

ਖ਼ੈਰ! ਆਓ ਆਪਾਂ ਕ੍ਰਮਵਾਰ ਗੱਲ ਕਰਦੇ ਹਾਂ ਪੰਜਾਬੀ ਸਿਨੇਮਾ 2017 ਵਿਚਲੇ ਫ਼ਿਲਮੀ ਸ਼ੁੱਕਰਵਾਰਾਂ ਦੀ।

ਸਾਲ ਦੀ ਸ਼ੁਰੂਆਤ ਹੀ ਬਹੁਤੀ ਵਧੀਆ ਨਹੀਂ ਰਹੀ। ਇੱਕੋ ਡੇਟ 'ਤੇ ਆਈਆਂ ਦੋ ਇਕੱਠੀਆਂ ਫ਼ਿਲਮਾਂ 'ਚੋਂ 'ਯਾਰ ਅਣਮੁੱਲੇ 2' ਤਾਂ ਪਹਿਲਾਂ ਹੀ ਬਣਨ ਪਿੱਛੋਂ ਬਹੁਤ ਦੇਰ ਬਾਅਦ ਰਿਲੀਜ਼ ਹੋਈ ਅਤੇ 'ਸਰਦਾਰ ਸਾਬ' ਨੂੰ ਵੈਸੇ ਹੀ ਫ਼ਿਲਮ ਵੱਡੀ ਹੋਣ 'ਤੇ ਮਾਣ ਸੀ, ਆਖਰ ਦੋਵੇਂ ਗੁੱਲ !

## 1. ਯਾਰ ਅਣਮੁੱਲੇ 2 (6 ਜਨਵਰੀ)




'ਜਾਦੂ ਪ੍ਰੋਡਕਸ਼ਨਸ' ਵੱਲੋਂ 'ਬਤਰਾ ਸ਼ੋਅਬਿਜ', 'ਐਸ. ਡੀ. ਐਸ. ਸਿਨੇ ਫ਼ਿਲਮਜ਼', 'ਏ. ਪੀ. ਐਸ. ਮੋਸ਼ਨ ਪਿਕਚਰਜ਼' ਅਤੇ 'ਸੰਨੀ ਮਾਹਲ ਪ੍ਰੋਡਕਸ਼ਨਸ' ਦੇ ਸਹਿਯੋਗ ਨਾਲ 'ਯਾਰ ਅਣਮੁੱਲੇ 2' ਪ੍ਰਚਾਰ ਸਹਿਤ ਦਰਸ਼ਕਾਂ ਦੀ ਕਚਹਿਰੀ ਵਿਚ ਆਈ। ਗੁਰਮੀਤ ਸਿੰਘ ਦੇ ਮੈਲੋਡੀਅਸ ਸੰਗੀਤ ਨਾਲ ਸਜੀ ਰੋਮਾਂਸ ਭਰਪੂਰ ਇਸ ਫ਼ਿਲਮ ਵਿਚ ਕਮੇਡੀ ਤੇ ਐਕਸ਼ਨ ਦਾ ਲੁਤਫ਼ ਵੀ ਸੀ।

ਨਿਰਦੇਸ਼ਕ ਸੰਨੀ ਮਾਹਲ ਦੀ ਇਸ ਫ਼ਿਲਮ ਦੇ ਮੁੱਖ ਕਲਾਕਾਰਾਂ ਵਿਚ ਪ੍ਰਸਿੱਧ ਗਾਇਕ ਸਰਬਜੀਤ ਚੀਮਾ, ਸਾਰਥੀ ਕੇ, ਰਾਜਾ ਬਾਠ, ਪਰਮ ਸੈਣੀ ਅਤੇ ਹੀਰੋਇਨਾਂ ਪੂਨਮ ਸੂਦ, ਦਿਲਜੋਤ, ਕੀਆ ਖੰਨਾ ਆਦਿ ਸ਼ਾਮਲ ਸਨ। ਫ਼ਿਲਮ ਦਾ ਸੰਗੀਤ ਗੁਰਮੀਤ ਸਿੰਘ ਅਤੇ ਦਲਜੀਤ ਸਿੰਘ ਦਾ ਸੀ। ਫ਼ਿਲਮ ਦੇ ਗੀਤ ਕਿੰਗ ਗਰੇਵਾਲ ਨੇ ਲਿਖੇ ਸਨ, ਜਦਕਿ ਇਕ ਗੀਤ "ਤਨ ਡੋਲੇ ਮੇਰਾ ਮਨ ਡੋਲੇ" ਦਲਜੀਤ ਅਰੋੜਾ ਨੇ ਲਿਖਿਆ, ਜਿਸ ਨੂੰ ਕਿ ਸੰਗੀਤਕਾਰ ਗੁਰਮੀਤ ਸਿੰਘ ਨੇ ਖ਼ੁਦ ਗਾਇਆ। ਫ਼ਿਲਮ ਦੇ ਬਾਕੀ ਗੀਤਾਂ ਨੂੰ ਫ਼ਿਰੋਜ਼ ਖ਼ਾਨ, ਸਲੀਮ, ਸਰਬਜੀਤ ਚੀਮਾ, ਸਾਰਥੀ ਕੇ., ਰਾਜਾਬਾਠ ਅਤੇ ਸ਼ਫਾਕਤ ਅਮਾਨਤ ਅਲੀ ਨੇ ਆਪਣੀਆਂ ਮਧੁਰ ਆਵਾਜ਼ਾਂ ਵਿਚ ਗਾਇਆ। ਸਭ ਕੁਝ ਠੀਕ-ਠਾਕ ਹੋਣ ਦੇ ਬਾਵਜੂਦ ਵੀ ਇਹ ਫ਼ਿਲਮ ਬਾਕਸ ਆਫ਼ਿਸ 'ਤੇ ਠੀਕ-ਠਾਕ ਨਹੀਂ ਰਹੀ!

## 2. ਸਰਦਾਰ ਸਾਬ (6 ਜਨਵਰੀ)




'ਸਰਦਾਰ ਸਾਬ' ਫ਼ਿਲਮ ਦਾ ਟ੍ਰੇਲਰ ਵੇਖ ਕੇ ਲੱਗਦਾ ਸੀ ਕਿ ਇਹ ਫ਼ਿਲਮ ਜ਼ਰੂਰ ਕੋਈ ਕਮਾਲ ਕਰੇਗੀ, ਕਿਉਂਕਿ ਜੈਕੀ ਸ਼ਰਾਫ ਵੀ ਵਿਸ਼ੇਸ਼ ਭੂਮਿਕਾ ਵਿਚ ਸਨ, ਉਹ ਵੀ ਸਰਦਾਰ ਦੇ ਕਿਰਦਾਰ ਵਿਚ ਅਤੇ ਬਾਕੀ ਕਲਾਕਾਰਾਂ ਵਿਚ ਗੁੱਗੂ ਗਿੱਲ, ਸਰਦਾਰ ਸੋਹੀ, ਸ਼ਵਿੰਦਰ ਮਾਹਲ, ਯਾਦ ਗਰੇਵਾਲ, ਕਰਮਜੀਤ ਅਨਮੋਲ ਅਤੇ ਨੀਤੂ ਸਿੰਘ ਵਰਗੇ ਸਾਰੇ ਕਮਾਲ ਦੇ ਕਲਾਕਾਰ ਸਨ। ਅਮਿਤ ਪਰਾਸ਼ਰ ਵੱਲੋਂ ਨਿਰਦੇਸ਼ਤ ਕੀਤੀ ਗਈ ਇਹ ਫ਼ਿਲਮ 'ਆਲ ਟਾਈਮ ਮੂਵੀਜ਼ ਪ੍ਰਾਇ. ਲਿਮਿ.' ਦੇ ਬੈਨਰ ਹੇਠ ਰਿਲੀਜ਼ ਹੋਈ। ਕਪਤਾਨ ਲਾਡੀ ਅਤੇ ਮਿਲਿੰਦ ਗਾਬਾ ਦੇ ਸੰਗੀਤ ਨਾਲ ਸਜੀ ਇਸ ਫ਼ਿਲਮ ਦੀ ਪੇਸ਼ਕਸ਼ ਵੀ ਮਸ਼ਹੂਰ ਗਾਇਕ ਮੀਕਾ ਸਿੰਘ ਦੀ ਸੀ ਪਰ ਦਰਸ਼ਕਾਂ ਅੱਗੇ ਕਿਸੇ ਦਾ ਜ਼ੋਰ ਨਾ ਚੱਲਿਆ।

## 3. ਸਰਵਨ (13 ਜਨਵਰੀ)




ਬਾਲੀਵੁੱਡ ਅਦਾਕਾਰਾ ਪ੍ਰਿਅੰਕਾ ਚੋਪੜਾ ਨਿਰਮਿਤ 'ਪਰਪਲ ਪੈਬਲ' ਦੇ ਬੈਨਰ ਹੇਠ ਗਾਇਕ ਅਤੇ ਅਦਾਕਾਰ ਅਮਰਿੰਦਰ ਗਿੱਲ ਅਭਿਨੀਤ ਫ਼ਿਲਮ 'ਸਰਵਨ' ਵੀ ਵੱਡੀਆਂ ਉਮੀਦਾਂ ਨਾਲ 13 ਜਨਵਰੀ ਨੂੰ ਰਿਲੀਜ਼ ਹੋਈ। ਕਰਨ ਗੁਲਾਨੀ ਨਿਰਦੇਸ਼ਿਤ ਇਸ ਫ਼ਿਲਮ ਵਿਚ ਰਣਜੀਤ ਬਾਵਾ ਅਤੇ ਸਿੰਮੀ ਚਾਹਲ ਨੇ ਵੀ ਅਹਿਮ ਭੂਮਿਕਾਵਾਂ ਨਿਭਾਈਆਂ। ਅੰਬਰਦੀਪ ਦੀ ਕਹਾਣੀ ਅਤੇ ਜਤਿੰਦਰ ਸ਼ਾਹ ਦਾ ਸੰਗੀਤ, ਕਹਿਣ ਦਾ ਮਤਲਬ ਹਰ ਚੀਜ਼ ਵਧੀਆ ਕਰਨ ਦੀ ਕੋਸ਼ਿਸ਼ ਪਰ "ਸਭ ਗਿਆ ਬੇਕਾਰ, ਪਬਲਿਕ ਅੱਗੇ ਹਾਰ"!



### 4. ਮਾਹੀ ਐਨ. ਆਰ. ਆਈ. (10 ਫਰਵਰੀ)




ਨਿਰਦੇਸ਼ਕ ਅਤੇ ਕਹਾਣੀਕਾਰ ਗੌਰਵ ਬਵਦੰਕਰ ਦੀ ਇਸ ਫ਼ਿਲਮ ਵਿਚ ਹਾਰਡੀ ਸੰਧੂ, ਪੌਪੀ ਜੱਬਲ, ਰਮੀਤ ਕੌਰ, ਗੁਰਪ੍ਰੀਤ ਘੁੱਗੀ, ਨਵਨੀਤ ਨਿਸ਼ਾਨ, ਬੀ. ਐਨ. ਸ਼ਰਮਾ, ਸੀਮਾ ਕੌਸ਼ਲ, ਗੋਪੀ ਭੱਲਾ, ਕੁਲਵਿੰਦਰ ਗਹੀਰ, ਅੰਜੁਮ ਬੱਤਰਾ ਅਤੇ ਰੰਜਨ ਸਹਿਗਲ ਆਦਿ ਦਿੱਗਜ ਕਲਾਕਾਰਾਂ ਨੇ ਕੰਮ ਕੀਤਾ ਪਰ ਇਸ ਫ਼ਿਲਮ ਬਾਰੇ ਘੱਟ ਹੀ ਲੋਕਾਂ ਨੂੰ ਜਾਣਕਾਰੀ ਸੀ। ਇਸ ਫ਼ਿਲਮ ਦਾ ਸੰਗੀਤ ਅਰਜੁਨਾ ਹਰਜਾਈ ਨੇ ਦਿੱਤਾ। ਗੀਤਕਾਰ ਕੁਮਾਰ, ਗੀਤ ਸਾਗਰ ਤੇ ਰੰਜਨ ਸਹਿਗਲ ਦੇ ਲਿਖੇ ਇਸ ਫ਼ਿਲਮ ਦੇ ਗੀਤਾਂ ਨੂੰ ਹਾਰਡੀ ਸੰਧੂ ਨੇ ਗਾਇਆ। ਇਹ ਫ਼ਿਲਮ ਰਿਲੀਜ਼ ਹੋਣ ਦਾ ਬਹੁਤਾ ਪਤਾ ਵੀਂ ਨਹੀਂ ਲੱਗ ਸਕਿਆ ਦਰਸ਼ਕਾਂ ਨੂੰ, ਜਦਕਿ ਗਾਇਕ ਹਾਰਡੀ ਸੰਧੂ ਦੀ ਇਹ ਫ਼ਿਲਮ ਇਸ ਦੇ ਗਾਣਿਆਂ ਵਾਂਗੂੰ ਚਰਚਾ ਵਿਚ ਆਉਣੀ ਚਾਹੀਦੀ ਸੀ।

### 5. ਜੁਗਨੀ ਹੱਥ ਕਿਸੇ ਨਾ ਆਉਣੀ (17 ਫਰਵਰੀ)




17 ਫਰਵਰੀ ਨੂੰ ਰਿਲੀਜ਼ ਹੋਈ 'ਜੁਗਨੀ ਹੱਥ ਕਿਸੇ ਨਾ ਆਉਣੀ' ਨਿਰਦੇਸ਼ਕ ਅਮਨਜੀਤ ਸਿੰਘ ਬਰਾੜ ਅਤੇ ਜਸਬੀਰ ਸਿੰਘ ਨੇ ਬਣਾਈ। ਜਗਸੀਰ ਸਿੱਧੂ ਦੀ ਪੇਸ਼ਕਸ਼ ਹੇਠ ਇਸ ਫ਼ਿਲਮ ਵਿਚ ਮੁੱਖ ਭੂਮਿਕਾ ਵਿਚ ਕੇ. ਐਸ. ਮੱਖਣ, ਜਗਦੀਸ਼ ਭੋਲਾ ਅਤੇ ਡਰੱਗ ਮਾਫੀਆ ਸਨ। ਫ਼ਿਲਮ ਦਾ ਮਿਊਜ਼ਿਕ ਮਨਪਾਲ ਸਿੰਘ, ਗੁਪਜ਼ ਸਹਿਰਾ, ਡੀ. ਜੇ. ਫਲੋਅ ਨੇ ਦਿੱਤਾ। ਗੀਤਕਾਰ ਸਨ ਡਾ: ਜਗਤਾਰ, ਦਵਿੰਦਰ ਗੌਤਮੀ, ਅੰਮ੍ਰਿਤ ਮਾਨ, ਕਾਬਲ ਸਰੂਪਵਲੀ, ਮਿੰਟੂ ਤੇ ਆਮਾਨ ਸਿੱਧੂ। ਫ਼ਿਲਮ ਦੇ ਗੀਤ ਗਾਏ ਕੇ. ਐਸ. ਮੱਖਣ, ਐਮੀ ਵਿਰਕ, ਫ਼ਿਰੋਜ਼ ਖ਼ਾਨ, ਖ਼ਾਨ ਸਾਬ, ਮਨਪਾਲ ਸਿੰਘ ਤੇ ਆਮਾਨ ਸਿੱਧੂ ਨੇ । ਜੇ ਤੁਸੀਂ ਫ਼ਿਲਮ ਦਾ ਸਿੱਟਾ ਇਕ ਲਾਈਨ ਵਿਚ ਸਮਝਣਾ ਹੈ ਤਾਂ ਸੁਣੋ 'ਜੁਗਨੀ ਹੱਥ ਕਿਸੇ ਤਾਂ ਆਉਂਦੀ, ਜੇ ਨਜ਼ਰ ਕਿਸੇ ਨੂੰ ਆਉਂਦੀ'!

### 6. ਸਰਘੀ (24 ਫਰਵਰੀ)




ਇਸ ਵਰ੍ਹੇ, ਨੀਰੂ ਬਾਜਵਾ ਨੇ 'ਸਰਘੀ' ਰਾਹੀਂ ਨਿਰਦੇਸ਼ਨ ਖੇਤਰ ਵਿਚ ਵੀ ਕਦਮ ਰੱਖਿਆ। ਇਸ ਫ਼ਿਲਮ ਵਿਚ ਨੀਰੂ ਬਾਜਵਾ ਦੀ ਭੈਣ ਰੁਬੀਨਾ ਬਾਜਵਾ ਨੇ ਵੀ ਬਤੌਰ ਹੀਰੋਇਨ ਪਾਲੀਵੁੱਡ ਵਿਚ ਕਦਮ ਰੱਖਿਆ। ਰੋਮਾਂਸ ਭਰਪੂਰ ਇਸ ਫ਼ਿਲਮ ਵਿਚ ਜੱਸੀ ਗਿੱਲ, ਬੱਬਲ ਰਾਏ, ਕਰਮਜੀਤ ਅਨਮੋਲ, ਬੀ. ਐਨ. ਸ਼ਰਮਾ ਆਦਿ ਮੁੱਖ ਕਲਾਕਾਰ ਸਨ। ਜੱਸੀ ਕਟਿਆਲ, ਗੁਰਮੀਤ ਸਿੰਘ ਤੇ ਬੀ. ਪਰਾਕ ਦੇ ਮਿਊਜ਼ਿਕ ਵਿਚ ਸਜੇ ਫ਼ਿਲਮ ਦੇ ਗੀਤਾਂ ਦੇ ਬੋਲ ਲਿਖੇ ਵੀਤ ਬਲਜੀਤ ਤੇ ਜਾਨੀ ਨੇ। 'ਨੀਰੂ ਬਾਜਵਾ ਐਂਟਰਟੇਨਮੈਂਟ' ਤੇ 'ਸ਼੍ਰੀ ਨਿਰੋਤਮ ਜੀ ਫ਼ਿਲਮਜ਼' ਦੀ ਪੇਸ਼ਕਸ਼ ਹੇਠ ਇਹ ਫ਼ਿਲਮ ਵੀ ਨਾ ਤਾਂ ਦਰਸ਼ਕਾਂ ਦੀਆਂ ਉਮੀਦਾਂ 'ਤੇ ਪੂਰੀ ਉੱਤਰੀ ਅਤੇ ਨਾ ਹੀ ਨਿਰਮਾਤਾ-ਨਿਰਦੇਸ਼ਕ ਦੀਆਂ ਸਧਰਾਂ ਪੂਰੀਆਂ ਕਰ ਸਕੀ।

### 7. ਦੁਸ਼ਮਣ (3 ਮਾਰਚ)




ਉੱਘੇ ਬਾਲੀਵੁੱਡ ਨਿਰਮਾਤਾ-ਨਿਰਦੇਸ਼ਕ ਮਹੇਸ਼ ਭੱਟ ਵੀ ਇਸ ਸਾਲ ਫ਼ਿਲਮ 'ਦੁਸ਼ਮਣ' ਰਾਹੀ ਬਤੌਰ ਕਹਾਣੀਕਾਰ ਪੰਜਾਬੀ ਸਿਨੇਮਾ ਨਾਲ ਜੁੜੇ ਅਤੇ ਮਸ਼ਹੂਰ ਬਾਲੀਵੁੱਡ ਕਹਾਣੀਕਾਰ ਸ਼ਗੁਫ਼ਤਾ ਰਫ਼ੀਕ ਨੇ ਇਸ ਫ਼ਿਲਮ ਨੂੰ ਨਿਰਦੇਸ਼ਤ ਕੀਤਾ। ਅਦਾਕਾਰ ਤੇ ਗਾਇਕ ਜਸ਼ਨ ਸਿੰਘ ਅਤੇ ਕਰਤਾਰ ਚੀਮਾ ਇਸ ਫ਼ਿਲਮ ਦੇ ਹੀਰੋ ਸਨ ਅਤੇ ਹੀਰੋਇਨ ਸਾਕਸ਼ੀ ਗੁਲਾਟੀ। ਗੁਲਸ਼ਨ ਗਰੋਵਰ ਨੇ ਇਸ ਫ਼ਿਲਮ ਵਿਚ ਵਿਲੇਨ ਦਾ ਵਿਸ਼ੇਸ਼ ਕਿਰਦਾਰ ਨਿਭਾਇਆ, ਤੋਂ ਇਲਾਵਾ ਯਸ਼ਪਾਲ ਸ਼ਰਮਾ ਅਤੇ ਸਵਿਤਾ ਭੱਟੀ ਸਹਿਯੋਗੀ ਭੂਮਿਕਾਵਾਂ ਵਿਚ ਸਨ। ਫ਼ਿਲਮ ਦੇ ਪ੍ਰੋਡਿਊਸਰ ਵਿਨੈ ਭਾਰਦਵਾਜ ਸਨ। ਇੰਡੋ-ਪਾਕ ਵਿਸ਼ੇ 'ਤੇ ਬਣੀ ਇਸ ਫ਼ਿਲਮ ਵਿਚਲਾ ਸੰਗੀਤ ਜੈਦੇਵ ਕੁਮਾਰ, ਮੁਸਤਫ਼ਾ ਜ਼ਾਹਿਦ ਤੇ ਹੈਰੀ ਆਨੰਨ ਨੇ ਦਿੱਤਾ। ਸ਼ਾਇਦ ਇੰਡੋ-ਪਾਕ ਦੇ ਵਿਸ਼ਿਆਂ ਤੋਂ ਲੋਕ ਬੋਰ ਹੋ ਚੁੱਕੇ ਹਨ, ਤਾਂ ਹੀ ਇਹ ਫ਼ਿਲਮ ਵੀ ਨਹੀਂ ਚੱਲੀ!

### 8. ਜਿੰਦੂਆ (17 ਮਾਰਚ)




ਹਾਲਾਂਕਿ 'ਜਿੰਦੂਆ' ਵੀ ਬਹੁਤ ਵੱਡੀ ਕਾਮਯਾਬ ਫ਼ਿਲਮ ਤਾਂ ਨਹੀਂ ਰਹੀ ਪਰ ਇਸ ਨੂੰ ਸਾਲ 2017 ਦੀ ਦਰਸ਼ਕਾਂ ਵੱਲੋਂ ਪਸੰਦ ਕੀਤੀ ਗਈ ਪਹਿਲੀ ਵਧੀਆ ਫ਼ਿਲਮ ਕਹਿਣ ਵਿਚ ਕੋਈ ਹਰਜ਼ ਨਹੀਂ।

'ਓਹਰੀ ਪ੍ਰੋਡਕਸ਼ਨ', 'ਇਨਫੈਂਟਰੀ ਪਿਕਚਰਜ਼' ਅਤੇ 'ਯਾਦੂ ਪ੍ਰੋਡਕਸ਼ਨ' ਵੱਲੋਂ ਨਿਰਮਤ ਫ਼ਿਲਮ 'ਜਿੰਦੂਆ' ਰਾਹੀਂ ਇਕ ਵਾਰ ਫੇਰ ਨਿਰਦੇਸ਼ਕ ਨਵਨੀਅਤ ਨੇ ਆਪਣੀ ਸਿਆਣਪ ਦਾ ਪੁਖਤਾ ਸਬੂਤ ਦਿੰਦਿਆਂ ਇਸ ਫ਼ਿਲਮ ਨੂੰ ਖ਼ੂਬਸੂਰਤ ਬਣਾਉਣ ਵਿਚ ਕੋਈ ਕਸਰ ਨਹੀਂ ਰਹਿਣ ਦਿੱਤੀ, ਸਹੀ ਅਰਥਾਂ ਵਿਚ ਇਸ ਨੂੰ ਉੱਚ ਤਕਨੀਕ ਨਾਲ ਬਾਲੀਵੁੱਡ ਫ਼ਿਲਮਾਂ ਦੇ ਹਾਣ ਦੀ ਬਣਾਇਆ ਗਿਆ ਹੈ।

ਕਹਾਣੀਕਾਰ ਧੀਰਜ ਰਤਨ ਵੱਲੋਂ ਲਿਖੇ ਫ਼ਿਲਮ ਦੇ ਹਲਕੇ-ਫੁਲਕੇ ਵਧੀਆ ਵਿਸ਼ੇ ਅਤੇ ਸਕ੍ਰੀਨ ਪਲੇਅ ਨੂੰ ਬਲਰਾਜ ਸਿਆਲ ਅਤੇ ਅਮਰਜੀਤ ਵੱਲੋਂ ਦਿਲਚਸਪ ਸੰਵਾਦਾਂ ਨਾਲ ਸਵਾਰਿਆ ਗਿਆ। ਤਿਕੋਣੇ ਪ੍ਰੇਮ, ਦਿਲਖਿੱਚਵੇਂ ਜਜ਼ਬਾਤਾਂ, ਰੋਮਾਂਸ ਅਤੇ ਢੁੱਕਵੇਂ ਹਾਸੇ ਨਾਲ ਲੈਸ ਮਨੋਰੰਜਨ ਭਰਪੂਰ ਇਸ ਫ਼ਿਲਮ ਵਿਚਲੇ ਅਦਾਕਾਰਾਂ ਦੇ ਅਭਿਨੈ ਦੀ ਗੱਲ ਕਰੀਏ ਤਾਂ ਜਿੰਮੀ ਸ਼ੇਰਗਿੱਲ ਦੀ ਮਿਚਿਓਰ ਐਕਟਿੰਗ ਦੇ ਨਾਲ-ਨਾਲ ਨੀਰੂ ਬਾਜਵਾ ਨੇ ਮੁੜ ਤੋਂ ਆਪਣੀ ਅਜੇ ਤੱਕ ਵੀ ਪਹਿਲਾਂ ਦੀ ਤਰ੍ਹਾਂ ਬਰਕਰਾਰ ਪ੍ਰਭਾਵਸ਼ਾਲੀ ਖ਼ੂਬਸੂਰਤ ਦਿੱਖ ਅਤੇ ਮਨਮੋਹਣ ਵਾਲੀ ਸੰਵਾਦ ਬੋਲਣ ਦੀ ਸ਼ੈਲੀ ਰਾਹੀਂ ਆਪਣੀ ਦਮਦਾਰ ਅਦਾਕਾਰੀ ਦਾ ਲੋਹਾ ਮਨਵਾਇਆ। ਜੇ ਗੱਲ ਸਰਗੁਨ ਮਹਿਤਾ ਦੀ ਕਰੀਏ ਤਾਂ ਥੋੜ੍ਹੇ ਸਮੇਂ ਵਿਚ ਹੀ ਪੰਜਾਬੀ ਦਰਸ਼ਕਾਂ ਦੇ ਦਿਲਾਂ ਅੰਦਰ ਜ਼ਿਆਦਾ ਜਗ੍ਹਾ ਬਣਾਉਣ ਵਾਲੀ ਇਹ ਭੋਲੀ-ਭਾਲੀ ਦਿੱਖ ਵਾਲੀ ਮਲਕਾ-ਏ-ਹੁਸਨ ਅਦਾਕਾਰਾ ਨੇ ਇਸ ਫ਼ਿਲਮ ਵਿਚ ਵੀ ਆਪਣੀ ਅਦਾ ਨਾਲ ਦਰਸ਼ਕਾਂ ਨੂੰ ਕੀਲ ਕੇ ਰੱਖ ਦਿੱਤਾ। ਇਸ ਫ਼ਿਲਮ ਰਾਹੀਂ ਵਧੇਰੇ ਚਰਚਾ ਵਿਚ ਆਏ ਪ੍ਰਸਿੱਧ ਹਾਸਰਸ ਕਲਾਕਾਰ ਰਾਜੀਵ ਠਾਕੁਰ ਨੇ ਆਪਣਾ ਪ੍ਰਭਾਵਸ਼ਾਲੀ ਅਦਾਕਾਰੀ ਵਾਲਾ ਰੂਪ ਦਿਖਾ ਕੇ ਦਰਸ਼ਕਾਂ ਨੂੰ ਹੈਰਾਨ ਕੀਤਾ। ਕਨੇਡਾ ਤੋਂ ਸਾਬਤ-ਸੂਰਤ ਸਿੱਖ ਅਦਾਕਾਰ ਬੀ. ਕੇ. ਸਿੰਘ ਰੱਖੜਾ ਨੇ ਵੀ ਨੀਰੂ ਬਾਜਵਾ ਦੇ ਪਿਤਾ ਦੀ ਭੂਮਿਕਾ ਵਿਚ ਆਪਣੀ ਕਲਾਕਾਰੀ ਦੇ ਜੌਹਰ ਵਿਖਾਏ। ਜੇ ਗੱਲ ਸੰਗੀਤ ਦੀ ਹੋਵੇ ਤਾਂ ਸੰਗੀਤਕਾਰ ਜੈਦੇਵ ਨੇ ਹਮੇਸ਼ਾ ਦੀ ਤਰ੍ਹਾਂ ਇਸ ਫ਼ਿਲਮ ਦੇ ਸੰਗੀਤ ਵਿਚ ਕਸ਼ਿਸ਼ ਪੈਦਾ ਕਰਨ ਵਿਚ ਕੋਈ ਕਸਰ ਨਹੀਂ ਰਹਿਣ ਦਿੱਤੀ ਅਤੇ ਸੰਗੀਤਕਾਰ ਅਰੁਜਨਾ ਹਰਜਾਈ ਨੇ ਵੀ ਆਪਣੇ ਗਾਣਿਆਂ ਨੂੰ ਤਨਦੇਹੀ ਨਾਲ ਸਵਾਰਿਆ।

ਗੀਤਕਾਰ ਬਾਬੂ ਸਿੰਘ ਮਾਨ, ਕੁਮਾਰ, ਦਵਿੰਦਰ ਕਾਫਿਰ, ਦੀਪ ਅਰਾਇਸ਼ਾ ਅਤੇ ਇੱਕਾ ਦੀਆਂ ਸੂਝਵਾਨ ਕਲਮਾਂ 'ਚੋਂ ਰਚੇ ਗੀਤਾਂ ਨੂੰ ਗਾ ਕੇ ਅਰਿਜੀਤ, ਨੇਹਾ ਕੱਕੜ, ਰਣਜੀਤ ਬਾਵਾ, ਪ੍ਰਭ ਗਿੱਲ, ਸ਼ਿਪਰਾ ਗੋਇਲ ਅਤੇ ਅਮਰੀਕਾ ਤੋਂ ਜੈਸਮੀਨ ਨੇ ਆਪਣੀਆਂ ਮਧੁਰ ਅਵਾਜ਼ਾਂ ਨਾਲ ਫ਼ਿਲਮ ਸੰਗੀਤ ਦੀ ਸ਼ਾਨ ਵਧਾਈ ਪਰ ਨਿਰਮਾਤਾ ਨਹੀਂ ਕਰ ਸਕੇ ਬਹੁਤ ਜ਼ਿਆਦਾ ਕਮਾਈ।



## 9. ਰੱਬ ਦਾ ਰੇਡੀਓ (31 ਮਾਰਚ)




ਦਰਾਣੀ-ਜਠਾਣੀ ਦੇ ਚਿਰੋਕਣੇ ਚੱਲ ਰਹੇ ਸ਼ਰੀਕਪੁਣੇ ਨੂੰ ਮੁੱਦਾ ਬਣਾ ਕੇ ਲਿਖੀ ਗਈ ਖ਼ੂਬਸੂਰਤ ਕਹਾਣੀ ਨੂੰ ਪ੍ਰੇਮੀ ਜੋੜੇ ਦੇ ਦਿਲਖਿਚਵੇਂ ਜਜ਼ਬਾਤਾਂ ਨਾਲ ਜੋੜ ਕੇ ਨੌਜਵਾਨਾਂ ਦੇ ਦਿਲਾਂ ਵਿਚ ਸੱਚੇ ਪਿਆਰ ਪ੍ਰਤੀ ਵਿਸ਼ਵਾਸ ਦੀ ਭਾਵਨਾ ਜਗਾਉਂਦੀ ਫ਼ਿਲਮ 'ਰੱਬ ਦਾ ਰੇਡੀਓ' ਨੇ ਰਿਲੀਜ਼ ਹੋਣ ਦੇ ਪਹਿਲੇ ਦਿਨ ਹੀ ਇਹ ਸਾਬਤ ਕਰ ਦਿੱਤਾ ਕਿ ਪੰਜਾਬੀ ਸਿਨੇ ਪ੍ਰੇਮੀ ਚਾਹੇ ਪੇਂਡੂ ਹੋਣ ਜਾਂ ਸ਼ਹਿਰੀ, ਉਨ੍ਹਾਂ ਨੂੰ ਸਮਝ ਹੈ ਚੰਗੀਆਂ ਫ਼ਿਲਮਾਂ ਨੂੰ ਸਵੀਕਾਰਨ ਤੇ ਮਾੜੀਆਂ ਨੂੰ ਨਕਾਰਨ ਦੀ।


ਅਸਲ ਵਿਚ ਇਸ ਫ਼ਿਲਮ ਨੇ ਹੀ ਸਾਨੂੰ ਦੱਸਿਆ ਕਿ ਫ਼ਿਲਮ ਦਾ ਵਿਸ਼ਾ ਹੀ ਹੀਰੋ ਹੁੰਦਾ ਹੈ ਨਾ ਕਿ ਐਕਟਰ। ਇਸੇ ਤਰ੍ਹਾਂ ਹੀ ਸਮਾਜਿਕ ਰਿਸ਼ਤਿਆਂ ਅਤੇ ਪੁਰਾਤਨ ਸੱਭਿਆਚਾਰ ਨੂੰ ਵਿਖਾਉਂਦੀਆਂ 2016 ਵਿਚ ਰਿਲੀਜ਼ ਹੋਈਆਂ ਫ਼ਿਲਮਾਂ ਜਿਵੇਂ ਅੰਗਰੇਜ਼, ਅਰਦਾਸ, ਲਵ ਪੰਜਾਬ ਜਾਂ ਨਿੱਕਾ ਜੈਲਦਾਰ ਵੀ ਹਿੱਟ ਹੋਈਆਂ ਪਰ 'ਰੱਬ ਦਾ ਰੇਡੀਓ' ਅਤੇ ਉਨ੍ਹਾਂ ਵਿਚ ਫ਼ਰਕ ਇਹ ਹੈ ਕਿ ਉਹ ਸਾਰੀਆਂ ਫ਼ਿਲਮਾਂ ਨਾਮੀ-ਗ੍ਰਾਮੀ ਪ੍ਰਸਿੱਧ ਅਤੇ ਕਾਮਯਾਬ ਐਕਟਰਾਂ ਦੀਆਂ ਹੀਰੋ ਓਰੀਐਂਟਡ ਫ਼ਿਲਮਾਂ ਸਨ ਅਤੇ ਇਸ ਦੇ ਉਲਟ 'ਰੱਬ ਦਾ ਰੇਡੀਓ' ਵਿਚ ਨਾਮੀ ਕਲਾਕਾਰ ਤਾਂ ਸਨ ਪਰ ਉਹ ਸਾਰੇ ਕਰੈਕਟਰ ਐਕਟਰ ਹਨ, ਜਦਕਿ ਆਮ ਲੋਕਾਂ ਦੀ ਧਾਰਨਾ ਹੀਰੋ-ਹੀਰੋਇਨ ਨਾਲ ਜੁੜੀ ਹੁੰਦੀ ਹੈ। ਉਨ੍ਹਾਂ ਦੀ ਫੈਨ ਫੋਲਵਿੰਗ ਕਰਕੇ ਵੀ ਫ਼ਿਲਮਾਂ ਵੇਖਣ ਜਾਂਦੇ ਨੇ ਲੋਕ ਹਨ ਪਰ 'ਰੱਬ ਦਾ ਰੇਡੀਓ' ਵਿਚ ਦੋਵੇਂ ਹੀ ਲੀਡ ਕਲਾਕਾਰ ਤਰਸੇਮ ਜੱਸੜ ਅਤੇ ਸਿੰਮੀ ਚਾਹਲ ਘੱਟ ਜਾਣੇ-ਪਛਾਣੇ ਚਿਹਰੇ ਸਨ। ਫ਼ਿਲਮ ਵਿਚ ਕਰੈਕਟਰ ਐਕਟਰ ਰਾਣਾ ਰਣਬੀਰ, ਜੰਗ ਬਹਾਦੁਰ, ਸੁਨੀਤਾ ਧੀਰ, ਗੁਰਮੀਤ ਸਾਜਨ, ਅਨੀਤਾ ਦੇਵਗਨ, ਸ਼ਵਿੰਦਰ ਮਾਹਲ, ਮਲਕੀਤ ਰੌਣੀ ਤੋਂ ਇਲਾਵਾ ਮੈਂਡੀ ਤੱਖੜ ਵੀ ਮਹਿਮਾਨ ਰੋਲ ਵਿਚ ਸੀ। ਕੋਈ ਵੀ ਐਕਟਰ ਅਣਜਾਨ ਜਾਂ ਅਭਿਨੈ ਵਿਚ ਨਵਾਂ ਮਹਿਸੂਸ ਨਹੀਂ ਹੋਇਆ ਅਤੇ ਇਹ ਸਿਹਰਾ ਸਜਿਆ ਫ਼ਿਲਮ ਡਾਇਰੈਕਟਰ ਤਰਨਵੀਰ ਸਿੰਘ ਜਗਪਾਲ ਅਤੇ ਹੈਰੀ ਭੱਟੀ ਦੇ ਸਿਰ, ਜਿਨ੍ਹਾਂ ਨੇ ਬੜੇ ਵਧੀਆ ਢੰਗ ਨਾਲ ਸਭ ਤੋਂ ਕੰਮ ਲਿਆ। ਡੀ.ਓ.ਪੀ. ਦੀਵਾਨ ਸਿੰਘ ਦੀ ਸਿਨਮੈਟੋਗ੍ਰਾਫ਼ੀ ਵੀ ਸਲਾਹੁਣਯੋਗ ਹੈ।

ਸੰਗੀਤਕਾਰ ਆਰ ਗੁਰੂ, ਨਿੱਕ ਧੰਮੂ ਅਤੇ ਦੀਪ ਝੰਡੂ ਨੇ ਇਸ ਫ਼ਿਲਮ ਦੇ ਸੰਗੀਤ ਨੂੰ ਹੋਰ ਸੁਰਮਈ ਅਤੇ ਖ਼ੂਬਸੂਰਤ ਬਣਾਉਣ ਲਈ ਪੁਰਾਣੇ ਗੀਤਾਂ ਦਾ ਕਾਮਯਾਬ ਸਹਾਰਾ ਲਿਆ ਅਤੇ ਇਨ੍ਹਾਂ ਦਾ ਖ਼ੂਬਸੂਰਤ ਫ਼ਿਲਮਾਂਕਣ ਵੀ ਦਿਲਖਿਚਵਾਂ ਰਿਹਾ। ਬਾਕੀ ਸਾਰਾ ਹੀ ਗੀਤ-ਸੰਗੀਤ ਖ਼ੂਬਸੂਰਤ ਸੀ।

ਪ੍ਰਸਿੱਧ ਸੰਗੀਤਕਾਰ ਜੈਦੇਵ ਕੁਮਾਰ ਵੱਲੋਂ ਬੜੀ ਮਿਹਨਤ ਅਤੇ ਸੂਝ-ਬੂਝ ਨਾਲ ਤਿਆਰ ਕੀਤਾ ਇਸ ਫ਼ਿਲਮ ਦਾ ਹਰ ਦ੍ਰਿਸ਼ ਲਈ ਢੁਕਵਾਂ ਬੈਕਗਰਾਊਂਡ ਸੰਗੀਤ ਫ਼ਿਲਮ ਦੇ ਚੱਲਦਿਆਂ ਹਰ ਜਗ੍ਹਾ ਆਪਣਾ ਦਿਲਕਸ਼ ਰੰਗ ਵਿਖਾਉਂਦਾ ਹੈ।

ਕਹਾਣੀਕਾਰ ਜੱਸ ਗਰੇਵਾਲ ਤੇ ਫ਼ਿਲਮ ਨਿਰਮਾਤਾ ਮਨਪ੍ਰੀਤ ਜੌਹਲ ਅਤੇ 'ਵੇਹਲੀ ਜਨਤਾ ਫ਼ਿਲਮਸ' ਨੇ ਘੱਟ ਬਜਟ ਦੀ ਫ਼ਿਲਮ ਬਣਾ ਕੇ ਵੱਧ ਕਮਾਈ ਕਰ ਕੇ ਵਿਖਾਈ।

## 10. ਹੱਲਾ ਹੋ (7 ਅਪ੍ਰੈਲ)




ਨਿਰਮਾਤਾ ਮਨਜੀਤ ਸਿੰਘ, ਸਤਨਾਮ ਸਿੰਘ ਬੱਤਰਾ ਅਤੇ ਅੰਗਰੇਜ਼ ਸਿੰਘ ਮੰਨਨ ਵੱਲੋਂ ਬਣਾਈ ਫ਼ਿਲਮ "ਹੱਲਾ ਹੋ" ਮਾੜੀ ਸਿਆਸਤ, ਸਿਆਸਤਦਾਨਾਂ ਅਤੇ ਖੋਖਲੇ ਸਿਸਟਮ ਦੀ ਪੋਲ ਖੋਲਦੀ ਐਕਸ਼ਨ ਫ਼ਿਲਮ ਸੀ। ਮਨਜੀਤ ਟੋਨੀ ਦੀ ਲਿਖੀ ਕਹਾਣੀ, ਸਕ੍ਰੀਨ ਪਲੇਅ ਅਤੇ ਡਾਇਲਾਗ ਵਾਲੀ ਇਸ ਫ਼ਿਲਮ ਨੂੰ ਮਨਜੀਤ ਸਿੰਘ ਅਤੇ ਸਰਬਜੀਤ ਸਿੱਧੂ ਨੇ ਨਿਰਦੇਸ਼ਨ ਦਿੱਤਾ। ਨਿਊ ਆਈ. ਐਮ. ਸੀ. ਦੇ ਬੈਨਰ ਹੇਠ ਲੱਖੀ-ਲਾਲੀ ਦੇ ਸੰਗੀਤ ਨਾਲ ਸਵਰੀ ਇਸ ਫ਼ਿਲਮ 'ਮਿਸ਼ਨ 2017 ਹੱਲਾ ਹੋ' ਦੇ ਮਿਸ਼ਨ ਨੂੰ ਪੂਰਾ ਕਰਨ ਲਈ ਫ਼ਿਲਮੀ ਸਿਤਾਰੇ ਵਿਕਟਰ ਜੌਹਨ, ਸਤੀਸ਼ ਕੌਲ, ਅੰਮ੍ਰਿਤਪਾਲ ਸਿੰਘ ਬਿੱਲਾ, ਸ਼ੈਰੀ ਉੱਪਲ, ਮਨਪ੍ਰੀਤ ਕੌਰ, ਕ੍ਰਿਸ਼ਟੀ ਕੌਰ, ਗੁਰਮੀਤ ਸਾਜਨ ਅਤੇ ਮਲਕੀਤ ਰੌਣੀ ਨੇ ਪ੍ਰਮੁੱਖ ਰੋਲ ਨਿਭਾਏ, ਪਰ ਫ਼ਿਲਮ ਦਾ ਪ੍ਰਚਾਰ ਨਾ ਹੋਣ ਕਾਰਨ ਮਿਸ਼ਨ ਨਾਕਾਮਯਾਬ ਸਾਬਤ ਹੋਇਆ।

## 11. ਮੰਜੇ ਬਿਸਤਰੇ (14 ਅਪ੍ਰੈਲ)




ਗਿੱਪੀ ਗਰੇਵਾਲ ਅਭਿਨੀਤ ਮਲਟੀਸਟਾਰਰ ਫ਼ਿਲਮ 'ਮੰਜੇ ਬਿਸਤਰੇ' ਜਿਸ ਦੀ ਕਹਾਣੀ ਖ਼ੁਦ ਗਿੱਪੀ ਗਰੇਵਾਲ ਨੇ ਲਿਖੀ ਅਤੇ ਡਾਇਲਾਗ ਰਾਣਾ ਰਣਬੀਰ ਨੇ। ਨਿਰਦੇਸ਼ਕ ਬਲਜੀਤ ਸਿੰਘ ਦਿਓ ਦੀ ਇਸ ਫ਼ਿਲਮ ਨੇ ਪੁਰਾਤਨ ਸੱਭਿਆਚਾਰ, ਪੁਰਾਤਨ ਵਿਆਹ-ਸ਼ਾਦੀ ਦੀਆਂ ਰਸਮਾਂ ਨੂੰ ਇਕ ਪਰਿਵਾਰਿਕ ਡਰਾਮੇ ਦੀ ਲੜੀ ਵਿਚ ਪਰੋ ਕੇ ਆਪਸੀ ਮਿਲਵਰਤਨ ਅਤੇ ਪਿਆਰ ਮੁਹੱਬਤ ਦਾ ਸੰਦੇਸ਼ ਦਿੱਤਾ। ਇਸ ਫ਼ਿਲਮ ਵਿਚ ਗਿੱਪੀ ਗਰੇਵਾਲ ਦੇ ਨਾਲ ਨਾਇਕਾ ਸੋਨਮ ਬਾਜਵਾ ਤੋਂ ਇਲਾਵਾ ਕਰਮਜੀਤ ਅਨਮੋਲ, ਗੁਰਪ੍ਰੀਤ ਘੁੱਗੀ, ਜੱਗੀ ਸਿੰਘ, ਬੀ.ਐਨ ਸ਼ਰਮਾ, ਅਨੀਤਾ ਦੇਵਗਨ, ਰਾਣਾ ਰਣਬੀਰ, ਰਾਣਾ ਜੰਗ ਬਹਾਦਰ, ਹੋਬੀ ਧਾਲੀਵਾਲ, ਹਰਿੰਦਰ ਭੁੱਲਰ, ਸਰਦਾਰ ਸੋਹੀ ਅਤੇ ਸਾਰਾ ਗੁਰਪਾਲ ਪ੍ਰਮੁੱਖ ਭੂਮਿਕਾਵਾਂ ਵਿਚ ਹਨ। 'ਹੰਬਲ ਮੋਸ਼ਨ ਪਿਕਚਰਜ਼' ਦੇ ਬੈਨਰ ਹੇਠ ਰਿਲੀਜ਼ ਹੋਣ ਵਾਲੀ ਇਸ ਫ਼ਿਲਮ ਦੇ ਨਿਰਮਾਤਾ ਵੀ ਖ਼ੁਦ ਗਿੱਪੀ ਗਰੇਵਾਲ ਸਨ ਅਤੇ ਸਹਿ ਨਿਰਮਾਤਾ ਜੱਗੀ ਸਿੰਘ ਤੇ ਕਿੰਗ ਰੰਧਾਵਾ। ਫ਼ਿਲਮ ਦਾ ਸੰਗੀਤ ਜੇ. ਕੇ. ਅਤੇ ਜੈਸਨ ਥਿੰਦ ਨੇ ਦਿੱਤਾ। ਇਸ ਫ਼ਿਲਮ ਦੇ ਗੀਤ ਗਾਉਣ ਵਾਲਿਆਂ ਵਿਚ ਨਛੱਤਰ ਗਿੱਲ, ਐਮੀ ਵਿਰਕ, ਗਿੱਪੀ ਗਰੇਵਾਲ, ਨਿਮਰਤ ਖਹਿਰਾ ਅਤੇ ਕਰਮਜੀਤ ਅਨਮੋਲ ਦੇ ਨਾਮ ਸ਼ਾਮਲ ਹਨ ਅਤੇ ਗੀਤ ਗੁਰਬਿੰਦਰ ਮਾਨ, ਜਗਦੇਵ ਮਾਨ, ਹੈਪੀ ਰਾਏਕੋਟੀ, ਰਿੱਕੀ ਖ਼ਾਨ, ਦਲਬੀਰ ਸਰੋਬਾਦ ਅਤੇ ਕੁਲਦੀਪ ਕਡਿਆਰਾ ਦੇ ਲਿਖੇ ਹਨ। ਇਹ ਫ਼ਿਲਮ ਇਸ ਵਰ੍ਹੇ ਦੀਆਂ ਸੁਪਰਹਿੱਟ ਫ਼ਿਲਮਾਂ ਵਿਚ ਰਹੀ।

## 12. ਬਿਗ ਡੈਡੀ (21 ਅਪ੍ਰੈਲ)




'ਦ ਵੀ ਬਰੋ ਫ਼ਿਲਮਸ ਪ੍ਰਾਈਵੇਟ ਲਿਮਿਟਡ ਆਸਟ੍ਰੇਲੀਆ' ਦੇ ਬੈਨਰ ਹੇਠ ਕੇਸ਼ਵ ਦਿ੍ਵੇਦੀ ਦੁਆਰਾ ਨਿਰਮਤ ਅਤੇ ਇਮਰਾਨ ਸ਼ੇਖ਼ ਵੱਲੋਂ ਨਿਰਦੇਸ਼ਤ ਇਹ ਫ਼ਿਲਮ ਜਿਸ ਦੀ ਕਹਾਣੀ ਬੱਬਲ ਭੱਟੀ ਨੇ ਲਿਖੀ। ਇਸ ਫ਼ਿਲਮ ਵਿਚ ਆਮ ਪੰਜਾਬੀ ਫ਼ਿਲਮੀ ਵਿਸ਼ਿਆਂ ਤੋਂ ਹੱਟ ਕੇ ਪਿਓ, ਪੁੱਤਰ ਅਤੇ ਦਾਦੇ ਦੇ ਆਪਸੀ ਅਹਿਮ ਰਿਸ਼ਤੇ ਦੀ ਗੱਲ ਕੀਤੀ ਗਈ। ਖ਼ੁਸ਼ੀਆਂ-ਖੇੜੇ ਅਤੇ ਹਾਸੇ ਬਿਖੇਰਦੀ ਇਹ ਫ਼ਿਲਮ ਬੜੇ ਹੀ ਜਜ਼ਬਾਤੀ ਰੋਹ ਨਾਲ ਇਨਸਾਨੀ ਕਦਰਾਂ-ਕੀਮਤਾਂ ਦੀ ਬਾਤ ਪਾਉਣ ਵਾਲੀ ਫ਼ਿਲਮ ਸੀ।

6 ਸਾਲ ਦਾ ਸਰਤਾਜ ਕੱਕੜ ਇਸ ਫ਼ਿਲਮ ਦਾ ਹੀਰੋ ਸੀ। ਇਸ ਤੋਂ ਇਲਾਵਾ ਪ੍ਰਸਿੱਧ ਟੀ. ਵੀ. ਐਕਟਰ ਮੁਹੰਮਦ ਨਜ਼ੀਮ (ਸਾਥ ਨਿਭਾਨਾ ਸਾਥੀਆ ਫੇਮ), ਸੈਬੀ ਸੂਰੀ, ਸਰਦਾਰ ਸੋਹੀ, ਸੀਮਾ ਕੌਸ਼ਲ, ਸਤਿੰਦਰ ਚਾਵਲਾ, ਮਨਿੰਦਰ ਵੈਲੀ ਅਤੇ ਗੀਤੂ ਸ਼ਿਓਰਨ ਆਦਿ ਪ੍ਰਮੁੱਖ ਕਲਾਕਾਰ ਸਨ। ਇਸ ਫ਼ਿਲਮ ਦਾ ਸੰਗੀਤ ਕੁਲਦੀਪ ਸ਼ੁਕਲਾ ਨੇ ਦਿੱਤਾ। ਇਹ ਫ਼ਿਲਮ ਵੀ ਸਹੀ ਢੰਗ ਨਾਲ ਦਰਸ਼ਕਾਂ ਕੋਲ ਨਾ ਅਪੜਣ ਕਾਰਨ ਸਾਰੀ ਟੀਮ ਲਈ ਨਿਰਾਸ਼ਾ ਦਾ ਕਾਰਨ ਬਣੀ।

## 13. ਕੁਵੇਲਾ (21 ਅਪ੍ਰੈਲ)





'ਡੋਗਰ ਵਾਲਾ ਖੂਹ ਫ਼ਿਲਮਜ਼' ਅਤੇ 'ਕੋ-ਪ੍ਰੋਡਿਊਸਰ ਹਰਪ ਫਾਰਮਰ ਪਿਕਚਰਜ਼' ਦੇ ਬੈਨਰ ਹੇਠ ਇਸ ਫ਼ਿਲਮ ਦੇ ਨਿਰਦੇਸ਼ਕ, ਕਹਾਣੀਕਾਰ, ਸਕ੍ਰੀਨ ਪਲੇਅ ਲੇਖਕ ਅਮਨਜੀਤ ਸਿੰਘ ਬਰਾੜ ਵੱਲੋਂ ਬਣਾਈ ਫ਼ਿਲਮ ਦੇ ਨਿਰਮਾਤਾ ਸਨ ਗਗਨਦੀਪ ਸਿੰਘ। ਕਲਾਕਾਰ ਹਰਪ ਫਾਰਮਰ, ਮਹਾਬੀਰ ਭੁੱਲਰ ਬਲਜੀਤ ਮਾਥੋ ਅਤੇ ਸ਼ਹਿਨਾਜ਼ ਗਿੱਲ ਵਰਗੇ ਰੀਅਲ ਐਕਟਰਾਂ ਵਾਲੀ ਕਲਾਤਮਕ ਅਤੇ ਰਹੱਸਮਈ ਫ਼ਿਲਮ 'ਕੁਵੇਲਾ' ਦਾ ਮਿਊਜ਼ਿਕ ਗੁਰਮੋਹਰ ਅਤੇ ਗੈਵੀ ਸਿੱਧੂ ਦਾ ਸੀ। ਗੀਤਕਾਰ ਸੰਤ ਕਬੀਰ, ਉਲਫਤ ਬਾਜਵਾ, ਅਮਨਜੀਤ ਸਿੰਘ ਬਰਾੜ, ਬਾਬਾ ਬੁੱਲੇ ਸ਼ਾਹ, ਡਾ: ਸੁਰਜੀਤ ਪਾਤਰ ਦੇ ਲਿਖੇ ਗੀਤਾਂ ਨੂੰ ਗਾਇਕ ਰਾਹੁਲ ਗਿੱਲ, ਅੰਗਦ, ਮੂਸਾ, ਪੂਰਵਾ ਠਾਕੁਰ, ਗਲੋਰੀ ਬਾਵਾ, ਗੁਰਮੋਹ ਅਤੇ ਮਨਰਾਜ ਪਾਤਰ ਨੇ ਬੜੀ ਸ਼ਿੱਦਤ ਨਾਲ ਨਿਭਾਇਆ, ਪਰ ਅਫਸੋਸ ਇਕ ਵਧੀਆ ਫ਼ਿਲਮ ਹੋਣ ਦੇ ਬਾਵਜੂਦ ਦਰਸ਼ਕਾਂ ਨੂੰ ਇਸ ਫ਼ਿਲਮ ਬਾਰੇ ਪਤਾ ਲੱਗਦੇ-ਲੱਗਦੇ ਕੁਵੇਲਾ ਹੀ ਹੋ ਗਿਆ ਬਸ।

## 14. ਲਾਹੌਰੀਏ (12 ਮਈ)




ਅਮਰਿੰਦਰ ਗਿੱਲ, ਸਰਗੁਨ ਮਹਿਤਾ, ਯੁਵਰਾਜ ਹੰਸ, ਨਿਮਰਤ ਖਹਿਰਾ, ਗੁੱਗੂ ਗਿੱਲ, ਬੀਨੂੰ ਢਿੱਲੋਂ ਤੇ ਹੋਬੀ ਧਾਲੀਵਾਲ ਵਰਗੇ ਦਿੱਗਜ਼ ਕਲਾਕਾਰਾਂ ਨਾਲ ਲੈਸ 'ਲਾਹੌਰੀਏ' 12 ਮਈ ਨੂੰ ਡਿਸਟ੍ਰੀਬਿਊਟਰ 'ਓਮਜੀ ਗਰੁੱਪ' ਵੱਲੋਂ ਰਿਲੀਜ਼ ਕੀਤੀ ਗਈ। ਫ਼ਿਲਮ ਦੀ ਕਹਾਣੀ, ਸੰਵਾਦ ਤੇ ਪਟਕਥਾ ਖ਼ੁਦ ਅੰਬਰਦੀਪ ਨੇ ਲਿਖੇ ਹਨ ਅਤੇ ਨਿਰਮਾਤਾ-ਨਿਰਦੇਸ਼ਕ ਵੀ ਖ਼ੁਦ ਹੀ ਸਨ, ਜਦਕਿ ਸਹਿ ਨਿਰਮਾਤਾ 'ਰਿਧਮ ਬੁਆਏਜ਼ ਐਂਟਰਟੇਨਮੈਂਟ' ਕੰਪਨੀ ਹੈ। ਇਸ ਫ਼ਿਲਮ ਰਾਹੀਂ ਇਕ ਗਾਇਕਾ ਹੀਰੋਇਨ ਨਿਮਰਤ ਖਹਿਰਾ ਵੀ ਸਿਲਵਰ ਸਕਰੀਨ 'ਤੇ ਨਜ਼ਰ ਆਵੇਗੀ। 'ਅੰਬਰਦੀਪ ਪ੍ਰੋਡਕਸ਼ਨ' ਵੱਲੋਂ ਬਣੀ ਇਸ ਫ਼ਿਲਮ ਦਾ ਸੰਗੀਤ ਜਤਿੰਦਰ ਸ਼ਾਹ ਨੇ ਤਿਆਰ ਕੀਤਾ ਹੈ। 'ਅੰਗਰੇਜ਼' ਅਤੇ 'ਲਵ ਪੰਜਾਬ' ਫ਼ਿਲਮਾਂ ਵਾਂਗ ਇਸ ਫ਼ਿਲਮ ਦੀਆਂ ਬਾਕਸ ਆਫ਼ਿਸ 'ਤੇ ਸੁੱਪਰਹਿਟ ਹੋਣ ਦੀਆਂ ਉਹ ਉਮੀਦਾਂ ਪੂਰੀਆਂ ਨਹੀਂ ਹੋ ਸਕੀਆਂ, ਜਿਸ ਦੀ ਸਾਰੀ ਟੀਮ ਨੂੰ ਆਸ ਸੀ।

## 15. ਸਾਬ੍ਹ ਬਹਾਦਰ (26 ਮਈ)





'ਵਾਈਟ ਹਿੱਲ ਪ੍ਰੋਡਕਸ਼ਨ' ਦੇ ਬੈਨਰ ਹੇਠ ਨਿਰਮਾਤਾ ਗੁਨਬੀਰ ਸਿੰਘ ਸਿੱਧੂ ਅਤੇ ਮਨਮੌਜ਼ ਸਿੰਘ ਸਿੱਧੂ ਨੇ ਆਪਣੇ ਵੱਲੋਂ 'ਸਾਬ੍ਹ ਬਹਾਦਰ' ਇਕ ਰੌਚਕ ਥ੍ਰਿਲਰ ਫ਼ਿਲਮ ਬਣਾਈ, ਜਿਸ ਵਿਚ ਐਮੀ ਵਿਰਕ ਰਾਣਾ ਰਣਬੀਰ ਅਤੇ ਜਸਵਿੰਦਰ ਭੱਲਾ ਨੇ ਪ੍ਰਮੁੱਖ ਕਿਰਦਾਰ ਨਿਭਾਏ ਹਨ। ਡਾਇਰੈਕਟਰ ਅੰਮ੍ਰਿਤ ਦੇ ਨਿਰਦੇਸ਼ਨ ਹੇਠ ਬਣੀ ਇਸ ਫ਼ਿਲਮ ਦੀ ਕਹਾਣੀ ਜੱਸ ਗਰੇਵਾਲ ਨੇ ਲਿਖੀ ਅਤੇ ਸੰਗੀਤ ਜਤਿੰਦਰ ਸ਼ਾਹ ਨੇ ਦਿੱਤਾ, ਪਰ ਇਸ ਫ਼ਿਲਮ ਨੂੰ ਵੀ ਬਹੁਤ ਜ਼ਿਆਦਾ ਦਰਸ਼ਕ ਨਹੀ ਮਿਲ ਸਕੇ, ਖ਼ੈਰ ਪਸੰਦ ਆਪਣੀ-ਆਪਣੀ।

## 16.ਅਰਜਣ (31 ਮਾਰਚ)




ਨਿਰਦੇਸ਼ਕ ਮਨਦੀਪ ਸਿੰਘ ਦੀ ਇਹ ਫ਼ਿਲਮ 'ਰੀਅਲ ਵਰਲਡ ਐਂਟਰਟੇਨਮੈਂਟ' ਦੇ ਬੈਨਰ ਹੇਠ ਬਣੀ। ਹੀਰੋ ਰੌਸ਼ਨ ਪ੍ਰਿੰਸ, ਹੀਰੋਇਨ ਪ੍ਰਾਚੀ ਤਹਿਲਨ ਤੋਂ ਇਲਾਵਾ ਸ਼ਵਿੰਦਰ ਮਾਹਲ, ਬੀ. ਐਨ. ਸ਼ਰਮਾ, ਹੋਬੀ ਧਾਲੀਵਾਲ ਤੇ ਨਿਰਮਲ ਰਿਸ਼ੀ ਆਦਿ ਵਧੀਆ ਕਲਾਕਾਰਾਂ ਦੀ ਫ਼ਿਲਮ ਸੀ। ਜੱਸੀ ਕਟਿਆਲ ਅਤੇ ਗੁਰਚਰਨ ਸਿੰਘ ਨੇ ਫ਼ਿਲਮ ਦਾ ਸੰਗੀਤ ਦਿੱਤਾ ਅਤੇ ਇਨ੍ਹਾਂ ਗੀਤਾਂ ਨੂੰ ਖ਼ੂਬਸੂਰਤ ਤੇ ਸੁਰੀਲੀ ਆਵਾਜ਼ਾਂ ਨਿਮਰਤ ਖਹਿਰਾ, ਨਿੰਜਾ ਤੇ ਜੱਸੀ ਗਿੱਲ ਨੇ ਦਿੱਤੀਆਂ। ਫ਼ਿਲਮ ਦੇ ਨਿਰਮਾਤਾ ਪੁਨੀਤ ਚੋਪੜਾ ਦੀ ਇਹ ਫ਼ਿਲਮ ਵੀ ਕਿਸੇ ਨੂੰ ਪਸੰਦ ਨਹੀਂ ਆਈ ਜਾਂ ਰੌਸ਼ਨ ਪ੍ਰਿੰਸ ਦੇ ਸਟਾਰ ਸਮਝ ਲਓ!

## 17. ਸੁਪਰ ਸਿੰਘ (16 ਜੂਨ)




16 ਜੂਨ ਨੂੰ ਰਿਲੀਜ਼ ਹੋਈ 2017 ਦੀ 17ਵੀਂ ਫ਼ਿਲਮ 17 ਆਨ੍ਹੇ ਸੁਪਰ ਫਲਾਪ ਰਹੀ। ਬਿਨਾ ਕਿਸੇ ਸਪੱਸ਼ਟ ਵਿਜ਼ਨ ਤੋਂ ਬਣਾਈ ਗਈ ਫ਼ਿਲਮ ਸੀ ਇਹ। ਬੱਚਿਆਂ ਲਈ ਬਣੇ ਸ਼ਕਤੀਮਾਨ ਅਤੇ ਸਪਾਈਡਰ ਮੈਨ ਵੀ ਦਿਲਚਸਪ ਕਹਾਣੀਆਂ ਨਾਲ ਜੁੜੇ ਰਹੇ ਅਤੇ ਹਰ ਉਮਰ ਦੇ ਦਰਸ਼ਕਾਂ ਦੀ ਪਸੰਦ ਬਣੇ ਪਰ ਇੱਥੇ ਤਾਂ ਟੋਟੇ ਜੋੜ ਕੇ ਬਣੀ ਚਾਦਰ ਦੀ ਤਰ੍ਹਾਂ ਸੀ ਇਹ ਫ਼ਿਲਮ, ਜਾਂ ਇਹ ਕਹਿ ਲਓ ਕਿ ਬੱਚਿਆਂ ਲਈ ਬਣਾਈ ਗਈ ਪਰ ਬਚਕਾਨਾ ਫ਼ਿਲਮ ਸੀ ਇਹ, ਕੁਝ ਵੀ ਨਵਾਂ ਨਹੀਂ ਸੀ ਇਸ ਵਿਚ। ਦਿਲਜੀਤ ਦੀਆਂ ਹੀ ਪੁਰਾਣੀਆਂ ਫ਼ਿਲਮਾਂ ਦੇ ਜੋੜੇ ਹੋਏ ਟੋਟਿਆਂ ਦਾ ਰਿਪੀਟ ਟੈਲੀਕਾਸਟ ਨਜ਼ਰ ਆਇਆ ਇਸ ਵਿਚ ਫ਼ਿਲਮ ਵਿਚ। ਸਿੱਖ ਗੁਰੂ ਸਾਹਿਬਾਨ ਵੱਲੋਂ ਰਚੀ ਗੁਰਬਾਣੀ ਅਤੇ ਸਿੱਖ ਇਤਿਹਾਸ ਵਿਚ ਕਿਸੇ ਵੀ ਤਰ੍ਹਾਂ ਦਾ ਚਮਤਕਾਰ ਸਿੱਖੀ ਸਿਧਾਤਾਂ ਦੇ ਬਿਲਕੁਲ ਉਲਟ ਹੈ। ਫਿਰ ਪਤਾ ਨਹੀਂ ਕਿਉਂ ਇਸ ਫ਼ਿਲਮ ਨਾਲ ਜੁੜੇ ਲੋਕਾਂ ਸਿੱਖ ਘਰਾਣਿਆਂ ਨਾਲ ਸਬੰਧਤ ਹੋਣ ਦੇ ਬਾਵਜੂਦ ਵੀ ਅਜਿਹਾ ਅਣਜਾਨਪੁਣਾ ਵਿਖਾ ਕੇ ਖ਼ੁਦ ਹੀ ਸਿੱਖੀ ਦਾ ਮਜ਼ਾਕ ਉਡਾਇਆ। 'ਪੰਜਾਬ 1984' ਜਿਹੀ ਫ਼ਿਲਮ ਬਣਾਉਣ ਵਾਲੇ ਨਿਰਦੇਸ਼ਕ ਅਨੁਰਾਗ ਤੋਂ ਅਜਿਹੀ ਉਮੀਦ ਨਹੀਂ ਸੀ ਕਿਸੇ ਨੂੰ। ਦਿਲਜੀਤ ਦੀ ਫੈਨ ਫੋਲਵਿੰਗ ਕਰ ਕੇ ਏਕਤਾ ਕਪੂਰ ਨੇ ਇਸ ਨੂੰ ਚੁਣਿਆ ਸੀ ਇਸ ਫ਼ਿਲਮ ਲਈ, ਵਰਨਾ ਸੁਪਰ ਫਲਾਪ 'ਫਲਾਇੰਗ ਜੱਟ' ਦਾ ਨਜ਼ਾਰਾ ਤਾਂ ਉਹ ਪਹਿਲਾਂ ਹੀ ਵੇਖ ਚੁੱਕੀ ਸੀ, ਜੋ ਦੁਬਾਰਾ ਵੀ ਵੇਖਣਾ ਪਿਆ। 'ਬਾਲਾ ਜੀ ਫ਼ਿਲਮਜ਼' ਦੇ ਬੈਨਰ ਹੇਠ ਏਕਤਾ ਕਪੂਰ, ਸ਼ੋਭਾ ਕਪੂਰ, ਪਵਨ ਗਿੱਲ, ਅਮਨ ਗਿੱਲ ਤੇ ਅਨੁਰਾਗ ਸਿੰਘ ਵੱਲੋਂ ਸਾਂਝੇ ਤੌਰ 'ਤੇ ਨਿਰਮਤ ਇਸ ਫ਼ਿਲਮ ਵਿਚ ਦਿਲਜੀਤ ਦੁਸਾਂਝ, ਸੋਨਮ ਬਾਜਵਾ, ਪਵਨ ਮਲਹੋਤਰਾ, ਅਲੈਗਜ਼ੈਂਡਰਾ ਬੰਦਿਨ, ਨਵਿੰਦਰਾ ਬਹਿਲ, ਰਾਣਾ ਰਣਬੀਰ, ਮਿਹਰਬਾਨ ਸਿੰਘ ਤੇ ਜਤਿੰਦਰ ਕੌਰ ਨੇ ਕੰਮ ਕੀਤਾ ਹੈ। ਫ਼ਿਲਮ ਦੀ ਕਹਾਣੀ ਅਨੁਰਾਗ ਸਿੰਘ ਨੇ ਖ਼ੁਦ ਲਿਖੀ ਹੈ, ਜਦਕਿ ਸਕ੍ਰੀਨ ਪਲੇਅ ਧੀਰਜ ਰਤਨ ਤੇ ਅਨੁਰਾਗ ਸਿੰਘ ਨੇ ਮਿਲ ਕੇ ਲਿਖਿਆ ਹੈ। ਡਾਇਲਾਗ ਜਗਦੀਪ ਸਿੰਘ ਤੇ ਰੁਪਿੰਦਰ ਇੰਦਰਜੀਤ ਸਿੰਘ ਦੇ ਸਨ। ਸੰਗੀਤ ਜਤਿੰਦਰ ਸ਼ਾਹ ਦਾ ਤੇ ਸਿਨੇਮਾਟੋਗ੍ਰਾਫੀ ਅਨਸ਼ੁਲ ਚੋਬੇ ਦੀ। ਇਸ ਫ਼ਿਲਮ ਨੇ ਜਿੰਨੇ ਵੀ ਪੈਸੇ ਇਕੱਠੇ ਕੀਤੇ, ਉਸ ਦਾ ਕ੍ਰੈਡਿਟ ਜਾਂਦਾ ਹੈ ਉਨ੍ਹਾਂ ਬੱਚਿਆਂ ਨੂੰ, ਜਿਹੜੇ ਦਿਲਜੀਤ ਦੇ ਫੈਨ ਹਨ ਅਤੇ ਜ਼ਬਰਦਸਤੀ ਆਪਣੇ ਮਾਪਿਆਂ ਨੂੰ ਸਿਨੇਮਾ ਘਰਾਂ ਵਿਚ ਲੈ ਜਾਂਦੇ ਨੇ ਦਿਲਜੀਤ ਦੁਸਾਂਝ ਦੀ ਫ਼ਿਲਮ ਵੇਖਣ ਲਈ। ਫ਼ਿਲਮ ਦੀ ਲਾਗਤ ਦਾ ਅੱਧਾ ਹਿੱਸਾ ਵੀ ਇਕੱਠਾ ਨਹੀਂ ਕਰ ਪਾਈ ਇਹ ਫ਼ਿਲਮ!

## 18. ਗ੍ਰੇਟ ਸਰਦਾਰ (30 ਜੂਨ)




'ਆਪਣਾ ਹੈਰੀਟੇਜ' ਵੱਲੋਂ ਨਿਰਮਤ ਅਤੇ ਰਣਜੀਤ ਬੱਲ ਵੱਲੋਂ ਨਿਰਦੇਸ਼ਤ ਫ਼ਿਲਮ 'ਗ੍ਰੇਟ ਸਰਦਾਰ' ਦੀ ਜੇ ਗੱਲ ਕੀਤੀ ਜਾਵੇ ਤਾਂ ਸਭ ਤੋਂ ਪਹਿਲਾਂ ਇਕ ਵਿਸ਼ੇਸ਼ ਧਿਆਨਯੋਗ ਗੱਲ ਸਾਹਮਣੇ ਆਉਂਦੀ ਹੈ ਕਿ ਹੁਣ ਤੱਕ ਸਰਦਾਰ ਦੇ ਨਾਂਅ ਨੂੰ ਲੈ ਕੇ ਬਣੀਆਂ ਫ਼ਿਲਮਾਂ ਨਾਲੋਂ ਬਿਲਕੁਲ ਵੱਖਰਾ ਵਿਸ਼ਾ ਸੀ, ਜਿਸ ਵਿਚ ਸਹੀ ਮਾਅਨਿਆਂ ਵਿਚ ਸਰਦਾਰ ਦੀ ਸਰਦਾਰੀ ਕਾਇਮ ਰੱਖੀ ਗਈ, ਨਹੀਂ ਤਾਂ ਜੇ ਪਿਛਲੀਆਂ 2-4 ਫ਼ਿਲਮਾਂ ਵੇਖ ਲਈਏ ਸਰਦਾਰ ਜੀ-1-2, ਸੁਪਰ ਸਿੰਘ, ਤਾਂ ਸਰਦਾਰ ਦੇ ਕਿਰਦਾਰ ਨੂੰ ਹਾਸੋਹੀਣਾ ਹੀ ਵਿਖਾਇਆ ਗਿਆ ਸੀ, ਕੋਈ ਭੂਤ ਕੱਢਣ ਵਾਲਾ, ਕੋਈ ਉਡਣ ਵਾਲਾ ਤੇ ਕੋਈ ਚਮਤਕਾਰ ਕਰਨ ਵਾਲਾ। ਖ਼ੈਰ ਇਸ ਫ਼ਿਲਮ ਵਿਚ ਘੱਟ ਤੋਂ ਘੱਟ ਸਰਦਾਰ ਪਾਤਰਾਂ ਨੂੰ ਉਟ-ਪਟਾਂਗ ਕੰਮ ਕਰਦਾ ਤਾਂ ਨਹੀਂ ਵਿਖਾਇਆ ਗਿਆ, ਭਾਵੇਂਕਿ ਫ਼ਿਲਮ ਇਹ ਵੀ ਨਹੀਂ ਚੱਲੀ। ਤੇਜੀ ਸੰਧੂ ਦੀ ਲਿਖੀ ਇਹ ਕਹਾਣੀ ਇਕ ਆਮ ਫ਼ਿਲਮੀ ਕਹਾਣੀ ਹੀ ਲੱਗੀ, ਹਾਂ ਆਪਣੀ ਸਰਦਾਰੀ ਕਾਇਮ ਰੱਖਦੇ ਹੋਏ ਜ਼ੁਲਮ ਨਾ ਸਹਿ ਕੇ ਅਣਖ ਨਾਲ ਜਿਉਣ ਦਾ ਸੰਦੇਸ਼ ਜ਼ਰੂਰ ਦਿੰਦੀ ਹੈ ਇਹ ਫ਼ਿਲਮ। ਫ਼ਿਲਮ ਦੇ ਐਕਟਰਾਂ ਨੇ ਵੀ ਆਪੋ-ਆਪਣੇ ਰੋਲ ਵਧੀਆ ਨਿਭਾਉਣ ਦੀ ਪੂਰੀ-ਪੂਰੀ ਕੋਸ਼ਿਸ਼ ਕੀਤੀ। ਫ਼ਿਲਮ ਦੇ ਹੀਰੋ ਦਿਲਪ੍ਰੀਤ ਢਿੱਲੋਂ ਦੀ ਐਕਟਿੰਗ ਨਵੇਂ ਹੋਣ ਕਾਰਨ ਢਿੱਲੀ ਰਹੀ। ਬਾਕੀ ਕਲਾਕਾਰਾਂ ਯੋਗਰਾਜ ਸਿੰਘ, ਰੌਸ਼ਨੀ ਸਹੋਤਾ, ਤੇਜੀ ਸੰਧੂ ਅਤੇ ਨਿਰਮਲ ਰਿਸ਼ੀ ਆਦਿ ਤਾਂ ਪਹਿਲਾਂ ਹੀ ਨਿਪੁੰਨ ਸਨ। ਫ਼ਿਲਮ ਦੀ ਪ੍ਰੋਡਕਸ਼ਨ ਤੇ ਸੰਗੀਤ ਵੀ ਨਿਰਮਾਤਾ ਦੇ ਸੋਰਸ ਮੁਤਾਬਕ ਠੀਕ-ਠਾਕ ਸੀ। ਨਿਰਮਾਤਾ ਦਾ ਘਰ ਨਹੀਂ ਪੂਰਾ ਹੋ ਸਕਿਆ, ਕਿਉਂਕਿ ਅੱਜਕੱਲ੍ਹ ਵਪਾਰ ਤਾਂ ਪ੍ਰਚਾਰ ਨਾਲ ਹੀ ਹੁੰਦਾ।



## 19. ਕ੍ਰੇਜ਼ੀ ਟੱਬਰ (7 ਜੁਲਾਈ)




ਨਿਰਮਾਤਾ ਨਵੀਨ ਟਾਕ ਵੱਲੋਂ ਬਣਾਈ ਗਈ ਅਤੇ 'ਓਹਰੀ ਪ੍ਰੋਡਕਸ਼ਨ' (ਨਿਰਮਾਤਾ ਵਿਵੇਕ ਓਹਰੀ) ਦੇ ਸਹਿਯੋਗ ਨਾਲ ਤਿਆਰ ਹੋਈ ਫ਼ਿਲਮ 'ਕ੍ਰੇਜ਼ੀ ਟੱਬਰ' 'ਸਪਾਇਕੀ ਐਂਟਰਟੇਨਮੈਂਟ' ਬੈਨਰ ਹੇਠ ਬੀਤੀ 7 ਜੁਲਾਈ ਨੂੰ ਰਿਲੀਜ਼ ਕੀਤੀ ਗਈ। ਦੋ ਪਰਿਵਾਰਾਂ ਦੇ ਫੈਮਲੀ ਡਰਾਮੇ ਰੂਪੀ ਇਸ ਫ਼ਿਲਮ ਵਿਚ ਹਰੀਸ਼ ਵਰਮਾ ਤੇ ਪ੍ਰਿਅੰਕਾ ਮਹਿਤਾ ਨੂੰ ਆਪਸ ਵਿਚ ਪਿਆਰ ਹੋਣ ਤੋਂ ਬਾਅਦ ਪੈਦਾ ਹੋਏ ਦਿਲਚਸਪ ਹਲਾਤਾਂ ਨੂੰ ਮਨੋਰੰਜਨ ਦਾ ਅਜਿਹਾ ਤੜਕਾ ਲਾ ਕੇ ਪੇਸ਼ ਕੀਤਾ ਗਿਆ ਕਿ ਕਈ ਜਗ੍ਹਾ ਹਾਸਾ ਕੰਟਰੋਲ ਤੋਂ ਬਾਹਰ ਹੋ ਜਾਂਦਾ ਹੈ। ਜਿੱਥੇ ਫ਼ਿਲਮ ਵਿਚ ਪਾਲੀਵੁੱਡ ਦੇ ਰਿਅਲ ਹੀਰੋ ਹਰੀਸ਼ ਵਰਮਾ ਤੋਂ ਇਲਾਵਾ ਮੰਨੇ-ਪ੍ਰਮੰਨੇ ਚਰਿੱਤਰ ਕਲਾਕਾਰ ਯੋਗਰਾਜ ਸਿੰਘ, ਜਸਵਿੰਦਰ ਭੱਲਾ, ਬੀ. ਐਨ. ਸ਼ਰਮਾ, ਨਿਰਮਲ ਰਿਸ਼ੀ, ਸ਼ਵਿੰਦਰ ਮਾਹਲ, ਹੋਬੀ ਧਾਲੀਵਾਲ ਅਤੇ ਬਨਿੰਦਰਜੀਤ ਸਿੰਘ ਆਦਿ ਫ਼ਿਲਮ ਵਿਚਲੇ ਜ਼ੋਰਦਾਰ ਐਕਟਰ ਸਨ।

ਨਿਰਦੇਸ਼ਕ ਅਜੇ ਚੰਦੋਕ ਜੋ ਬਾਲੀਵੁੱਡ ਦੀਆਂ ਕਈ ਫ਼ਿਲਮਾਂ ਬਤੌਰ ਨਿਰਦੇਸ਼ਕ ਅਤੇ ਚੀਫ਼ ਅਸਿਸਟੈਂਟ ਨਿਰਦੇਸ਼ਕ ਵਜੋਂ ਬਣਾ ਚੁੱਕੇ ਹਨ, ਨੇ ਪਾਲੀਵੁੱਡ ਵਿਚ ਵੀ ਬਤੌਰ ਨਿਰਦੇਸ਼ਕ ਆਪਣਾ ਪਹਿਲਾ ਕਦਮ ਬੜੀ ਕਾਮਯਾਬੀ ਨਾਲ ਰੱਖਿਆ। ਫ਼ਿਲਮ ਦੀ ਕਹਾਣੀ, ਸਕ੍ਰੀਨ ਪਲੇਅ ਤੇ ਡਾਇਲਾਗ ਮਨਦੀਪ ਸਿੰਘ ਤੇ ਨਿਹਾਲ ਪੁਰਬਾ ਨੇ ਲਿਖੇ। ਇਸ ਦੇ ਗੀਤਾਂ ਨੂੰ ਮਿਊਜ਼ਿਕ ਦਿੱਤਾ ਸੰਗੀਤਕਾਰ ਗੁਰਚਰਨ ਸਿੰਘ ਨੇ ਅਤੇ ਗਾਇਆ ਨਿੰਜਾ, ਨੂਰਾਂ ਸਿਸਟਰਜ਼, ਕਮਲ ਖ਼ਾਨ ਤੇ ਫ਼ਿਰੋਜ਼ ਖ਼ਾਨ ਨੇ। ਫ਼ਿਲਮ ਦਾ ਇਕ ਗੀਤ ਫ਼ਿਲਮ ਨਿਰਦੇਸ਼ਕ ਸਿਮਰਨਜੀਤ ਹੁੰਦਲ ਨੇ ਅਤੇ ਇਕ ਗੀਤ ਅਦਾਕਾਰ ਹਰੀਸ਼ ਵਰਮਾ ਨੇ ਵੀ ਲਿਖਿਆ ਹੈ। ਇਸ ਫ਼ਿਲਮ ਦੀ ਸਿਨੇਮਾਟੋਗ੍ਰਾਫ਼ੀ ਸੁਪਰਹਿੱਟ ਫ਼ਿਲਮ 'ਗਦਰ' ਦੇ ਸਿਨੇਮਾਟੋਗ੍ਰਾਫ਼ਰ ਨਜ਼ੀਬ ਖ਼ਾਨ ਨੇ ਕੀਤੀ, ਪਰ ਬੜੇ ਦੁੱਖ ਦੀ ਗੱਲ ਇਹ ਰਹੀ ਕਿ ਸਭ ਕੁਝ ਵਧੀਆ ਹੋਣ ਦੇ ਬਾਵਜੂਦ ਫ਼ਿਲਮ ਵਧੀਆ ਵਪਾਰ ਨਹੀਂ ਕਰ ਸਕੀ। ਸ਼ਾਇਦ ਪ੍ਰਚਾਰ ਦੀ ਕਮੀ ਰਹੀ ਜਾਂ ਫੇਰ ਹਰ ਹਫ਼ਤੇ ਨਵੀਂ ਪੰਜਾਬੀ ਫ਼ਿਲਮ ਆਉਣ ਕਾਰਨ ਫ਼ਿਲਮ ਨੂੰ ਸਮਾਂ ਨਹੀਂ ਮਿਲ ਸਕਿਆ। ਜੋ ਵੀ ਹੈ ਪਰ ਫ਼ਿਲਮ 'ਕ੍ਰੇਜ਼ੀ ਟੱਬਰ' ਦਰਸ਼ਕਾਂ ਲਈ ਕ੍ਰੇਜ਼ੀ ਹੀ ਰਹੀ ਅਤੇ ਨਿਰਮਾਤਾ ਕੁਲੈਕਸ਼ਨ ਲਈ।

## 20. ਚੰਨਾ ਮੇਰਿਆ (14 ਜੁਲਾਈ)




'ਵ੍ਹਾਈਟ ਹਿੱਲ ਪ੍ਰੋਡਕਸ਼ਨ' ਅਤੇ 'ਜ਼ੀ. ਸਟੂਡੀਓ' ਦੀ ਫ਼ਿਲਮ 'ਚੰਨਾ ਮੇਰਿਆ' ਦੀ ਜੇ ਗੱਲ ਕੀਤੀ ਜਾਵੇ ਤਾਂ ਇਹ ਮਰਾਠੀ ਫ਼ਿਲਮ 'ਸਹਿਰਾਟ' ਦੀ ਆਫੀਸ਼ਲ ਨਕਲ ਹੈ, ਜੋ ਕਿ ਜ਼ੀ. ਸਟੂਡੀਓ ਵੱਲੋਂ ਹੀ ਨਿਰਮਤ ਸੀ ਅਤੇ ਨਿਰਮਾਤਾ ਨੇ 4 ਕਰੋੜ ਲਾ ਕੇ 100 ਕਰੋੜ ਤੋਂ ਵੱਧ ਇਕੱਠਾ ਕੀਤਾ ਪਰ ਸ਼ਾਇਦ ਫ਼ਿਲਮ 'ਚੰਨਾ ਮੇਰਿਆ' ਨੂੰ ਲੈ ਕੇ ਨਿਰਮਾਤਾ ਦੀਆਂ ਇਨ੍ਹਾਂ ਆਸਾਂ 'ਤੇ ਪਾਣੀ ਫਿਰ ਗਿਆ। ਕਾਰਨ ਇਹ ਨਹੀਂ ਕਿ ਫ਼ਿਲਮ ਚੰਗੀ ਨਹੀਂ ਬਣੀ, ਫ਼ਿਲਮ ਤਾਂ ਠੀਕ ਹੈ ਪਰ ਅਸੀਂ ਕਿਸੇ ਵੀ ਫ਼ਿਲਮ ਦਾ ਰੀਮੇਕ ਕਰਨ ਵੇਲੇ ਇਹ ਭੁੱਲ ਜਾਂਦੇ ਹਾਂ ਕਿ ਹਰ ਸੂਬੇ ਦੇ ਐਕਟਰਾਂ ਦੀ ਫੈਨ ਫੋਲਵਿੰਗ ਅਤੇ ਉੱਥੋਂ ਦੇ ਲੋਕਾਂ ਦਾ ਆਪਣਾ ਸੱਭਿਆਚਾਰ, ਰੀਤੀ ਰਿਵਾਜ਼, ਇਕ ਬੋਲੀ ਹੁੰਦੀ ਹੈ, ਜਿਸ 'ਤੇ ਬਣੀ ਫ਼ਿਲਮ ਉਸੇ ਸੂਬੇ ਵਿਚ ਹੀ ਵਧੇਰੇ ਪਸੰਦ ਕੀਤੀ ਜਾਂਦੀ ਹੈ ਅਤੇ 'ਸਹਿਰਾਟ' ਦੇ ਜ਼ਿਆਦਾ ਬਿਜ਼ਨਸ ਕਰਨ ਦਾ ਵੀ ਇਹੋ ਕਾਰਨ ਸੀ।

ਤਰੱਕੀਸ਼ੁਦਾ ਪੰਜਾਬ ਵਿਚ ਆਨਰ ਕਿਲਿੰਗ ਵਰਗੇ ਕਿੱਸੇ ਲਗਭਗ ਖ਼ਤਮ ਹੋ ਚੁੱਕੇ ਹਨ। ਇਸੇ ਲਈ ਇਸ ਫ਼ਿਲਮ ਦਾ ਕਲਾਈਮੈਕਸ ਵੀ ਆਮ ਤੌਰ 'ਤੇ ਪਸੰਦ ਨਹੀਂ ਕੀਤਾ ਗਿਆ, ਵਿਸ਼ੇਸ਼ ਤੌਰ 'ਤੇ ਨਵੀਂ ਪੀੜ੍ਹੀ ਵੱਲੋਂ, ਕਿਉਂ ਕਿ ਅਸੀਂ ਹਮੇਸ਼ਾ ਹਰ ਫ਼ਿਲਮ ਵਿਚ ਹੈਪੀ ਐਂਡਿੰਗ ਦੇ ਆਦੀ ਹਾਂ, ਜੋ ਇਸ ਵਿਚ ਨਹੀਂ ਵਿਖਾਇਆ ਗਿਆ। ਕਾਰਨ ਇਹ ਕਿ ਅਸੀਂ ਰੀਮੇਕ ਨਾਲ ਬੱਝੇ ਹੋਏ ਸਾਂ।

ਖ਼ੈਰ ਇਸ ਫ਼ਿਲਮ ਦੇ ਜ਼ਰੀਏ ਅਦਾਕਾਰੀ ਦੇ ਰੂਪ ਵਿਚ ਤਿੰਨ ਨਵੇਂ ਚਿਹਰੇ ਵੀ ਪੰਜਾਬੀ ਫ਼ਿਲਮਾਂ ਲਈ ਮਿਲੇ। ਲੀਡ ਅਦਾਕਾਰ ਪਾਇਲ ਰਾਜਪੂਤ, ਨਿੰਜਾ ਅਤੇ ਅੰਮ੍ਰਿਤ ਮਾਨ ਨੇ ਵੀ ਬਤੌਰ ਅਦਾਕਾਰ ਪਹਿਲੀ ਫ਼ਿਲਮ ਵਿਚ ਆਪਣੀ ਅਦਾਕਾਰੀ ਦੀ ਛਾਪ ਛੱਡਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਇਸ ਤੋਂ ਇਲਾਵਾ ਫ਼ਿਲਮ ਦੇ ਪ੍ਰਮੁੱਖ ਕਲਾਕਾਰਾਂ ਵਿਚ ਯੋਗਰਾਜ, ਬੀ. ਐਨ. ਸ਼ਰਮਾ, ਅਨੀਤਾ ਮੀਤ, ਕਰਮਜੀਤ ਅਨਮੋਲ ਤੇ ਮਲਕੀਤ ਰੌਣੀ ਦੀ ਅਦਾਕਾਰੀ ਤਾਂ ਹੈ ਹੀ ਕਮਾਲ ਦੀ, ਬਾਕੀ ਕਲਾਕਾਰਾਂ ਨੇ ਵੀ ਪੂਰੀ ਮਿਹਨਤ ਨਾਲ ਆਪਣੀ ਕਲਾ ਦੇ ਜ਼ੌਹਰ ਵਿਖਾਏ। ਫ਼ਿਲਮ ਦਾ ਸੰਗੀਤ ਵੀ ਵਧੀਆ ਅਤੇ ਢੁੱਕਵਾਂ ਸੀ। ਮੈਲੋਡੀ ਮਾਸਟਰ ਸੰਗੀਤਕਾਰ ਜੈਦੇਵ ਕੁਮਾਰ ਦੀ ਕਾਬਲੀਅਤ ਇਸ ਫ਼ਿਲਮ ਵਿਚ ਇਕ ਵਾਰ ਫੇਰ ਵੇਖਣ-ਸੁਣਨ ਨੂੰ ਮਿਲੀ। ਕਿਤੇ-ਕਿਤੇ ਫ਼ਿਲਮ ਦੇ ਬੈਕਗਰਾਊਂਡ ਮਿਊਜ਼ਿਕ ਵਿਚ ਮਰਾਠੀ ਫ਼ਿਲਮ 'ਸਹਿਰਾਟ' ਦੀਆਂ ਧੁਨਾਂ ਵੀ ਸੁਣਨ ਨੂੰ ਮਿਲੀਆਂ ਜੋ ਕਿ ਵਧੀਆ ਲੱਗੀਆਂ। ਸੰਗੀਤ ਪ੍ਰਤੀ ਗੋਲਡ ਬੁਆਏ ਤੇ ਸੋਨੂੰ ਦੀ ਮਿਹਨਤ ਵੀ ਝਲਕੀ।

ਖ਼ੈਰ ਨਿਰਦੇਸ਼ਕ ਸਮੇਤ ਸਾਰੀ ਟੀਮ ਨੇ ਇਕ ਵਧੀਆ ਵੇਖਣਯੋਗ ਫ਼ਿਲਮ ਬਣਾਈ।

## 21. ਠੱਗ ਲਾਈਫ਼ (21 ਜੁਲਾਈ)




ਜਿੱਥੋਂ ਤੱਕ 'ਠੱਗ ਲਾਈਫ਼' ਦਾ ਸਵਾਲ ਹੈ, ਇਸ ਨੂੰ ਬਿਨਾ ਕਿਸੇ ਠੋਸ ਪ੍ਰਚਾਰ ਦੇ ਕਾਹਲੀ 'ਚ ਰਿਲੀਜ਼ ਕੀਤਾ ਗਿਆ। ਸਭ ਨੂੰ ਪਤਾ ਸੀ ਕਿ ਸਤਿੰਦਰ ਸਰਤਾਜ ਦੀ 'ਬਲੈਕ ਪ੍ਰਿੰਸ' ਵੀ ਇਸੇ ਤਰੀਕ ਨੂੰ ਦੁਨੀਆ ਭਰ ਵਿਚ ਰਿਲੀਜ਼ ਹੋਣੀ ਹੈ ਫੇਰ ਵੀ "ਠੱਗ ਲਾਈਫ" ਰਿਲੀਜ਼ ਕੀਤੀ ਗਈ। ਨਿਰਮਾਤਾ-ਨਿਰਦੇਸ਼ਕ ਨੂੰ ਇਹ ਵੀ ਪਤਾ ਸੀ ਕਿ ਫ਼ਿਲਮ ਦੇ ਹੀਰੋ ਹਰੀਸ਼ ਵਰਮਾ ਦੀ 'ਕ੍ਰੇਜ਼ੀ ਟੱਬਰ' ਦੋ ਹਫ਼ਤੇ ਪਹਿਲਾਂ ਰਿਲੀਜ਼ ਹੋਈ ਸੀ ਅਤੇ ਇੱਕੋ ਹੀਰੋ ਦੀ ਐਨੀ ਛੇਤੀ ਫੇਰ ਫ਼ਿਲਮ ਵੇਖਣੀ ਵੀ ਕਈਆਂ ਨੂੰ ਗਵਾਰਾ ਨਹੀਂ ਹੁੰਦੀ।

ਐਨਾ ਪੈਸਾ ਖਰਚਣ ਤੋਂ ਬਾਅਦ ਸਬਰ-ਸੰਤੋਖ ਅਤੇ ਸਿਆਣਪ ਤੋਂ ਕੰਮ ਲੈਣ ਦੀ ਲੋੜ ਸੀ ਨਿਰਮਾਤਾਵਾਂ ਨੂੰ। ਨਿਰਮਾਤਾ-ਨਿਰਦੇਸ਼ਕ ਦੋਹਾਂ 'ਚੋਂ ਇਕ ਦਾ ਤਾਂ ਤਜ਼ਰਬੇਕਾਰ ਹੋਣਾ ਜ਼ਰੂਰੀ ਸੀ।

ਇਕ ਤਾਂ ਫ਼ਿਲਮ ਦਾ ਕੰਟੈਂਟ ਵੀ ਕੋਈ ਖਾਸ ਨਾ ਹੋਵੇ, ਉੱਤੋਂ ਫ਼ਿਲਮ 'ਤੇ ਫ਼ਿਲਮ ਚੜ੍ਹੀ ਹੋਵੇ, ਉਹ ਵੀ ਪੰਜਾਬੀ ਤਾਂ ਕੋਈ ਕੀ ਕਰੇਗਾ ? ਕਿਉਂਕਿ ਦਰਸ਼ਕਾਂ ਕੋਲ ਤਾਂ ਆਪਸ਼ਨ ਨੇ, ਆਪਣੇ ਪਸੰਦ ਦੀ ਫ਼ਿਲਮ ਚੁਣਨ ਦੀ ਅਤੇ ਆਪਣੇ ਪਸੰਦੀਦਾ ਕਲਾਕਾਰਾਂ ਦੀ ਚੋਣ ਕਰਕੇ ਫ਼ਿਲਮ ਵੇਖਣ ਦੀ, ਉਹ ਆਪਣੇ ਟੇਸਟ ਮੁਤਾਬਕ ਫ਼ਿਲਮ ਦੇ ਵਿਸ਼ੇ ਵੱਲ ਵੀ ਧਿਆਨ ਦੇਣਗੇ।

ਹੁਣ ਜੇ ਫ਼ਿਲਮ 'ਠੱਗ ਲਾਈਫ਼' ਦੀ ਕਹਾਣੀ ਬਾਰੇ ਗੱਲ ਕਰੀਏ ਤਾਂ ਇਸ ਵਿਚ ਕੋਈ ਨਵੀਂ ਗੱਲ ਨਹੀਂ ਜਾਪੀ। 2001 'ਚ ਆਈ ਇੰਗਲਿਸ਼ ਫ਼ਿਲਮ 'ਠੱਗ ਲਾਈਫ਼' ਦੇ ਟਾਈਟਲ ਨਾਲ ਸਜਿਆ ਇਸ ਫ਼ਿਲਮ ਦਾ ਟਾਈਟਲ ਹਿੰਦੀ ਫ਼ਿਲਮਨੁਮਾ, ਨੌਜਵਾਨਾਂ ਵੱਲੋਂ ਠੱਗੀਆਂ ਮਾਰਨ ਅਤੇ ਫਿਰ ਉਲਝਣਾਂ 'ਚ ਫੱਸ ਕੇ ਅੰਤ ਵਿਚ ਸੁਧਰਣ ਵਾਲਾ ਹਲਕਾ-ਫੁਲਕਾ ਸਬਜੈਕਟ ਸੀ, ਜਿਸ ਫ਼ਿਲਮ ਨੂੰ ਹਲਕੀ-ਫੁਲਕੀ ਰੱਖ ਕੇ ਹੀ ਹੋਰ ਖ਼ੂਬਸੂਰਤ ਅਤੇ ਮਨੋਰੰਜਨ ਭਰਪੂਰ ਬਣਾਇਆ ਜਾ ਸਕਦਾ ਸੀ, ਜੋ ਕਿ ਨਿਰਦੇਸ਼ਕ ਮੁਕੇਸ਼ ਵੋਹਰਾ ਨਹੀਂ ਕਰ ਸਕਿਆ।

ਫ਼ਿਲਮ ਦਾ ਟਾਈਟਲ ਵੀ ਕੋਈ ਪਿਓਰ ਪੰਜਾਬੀ ਹੁੰਦਾ, ਤਾਂ ਜ਼ਿਆਦਾ ਵਧੀਆ ਗੱਲ ਸੀ। ਹਰੀਸ਼ ਵਰਮਾ ਅਤੇ ਇਹਾਨਾ ਢਿੱਲੋਂ ਤੋਂ ਇਲਾਵਾ ਰਾਜੀਵ ਠਾਕੁਰ ਦੀ ਅਦਾਕਾਰੀ ਵੀ ਸਲਾਹੁਣਯੋਗ ਸੀ। ਨਵਾਂ ਹੋਣ ਕਾਰਨ ਸਿਰਫ਼ ਜੱਸ ਬਾਜਵਾ ਹੀ ਥੋੜ੍ਹਾ ਵੀਕ ਨਜ਼ਰ ਆਇਆ। ਕਰਮਜੀਤ ਅਨਮੋਲ ਨੇ ਵੀ ਆਪਣਾ ਕਿਰਦਾਰ ਬਾਖ਼ੂਬੀ ਨਿਭਾਇਆ, ਭਾਵੇਂਕਿ ਜਬਰੀ ਵਾੜਿਆ ਕਰੈਕਟਰ ਸੀ।

ਆਖਰ ਇਹੋ ਕਹਿ ਸਕਦੇ ਹਾਂ ਕਿ ਨਿਰਮਾਤਾ ਨੂੰ ਤਾਂ ਪੰਜਾਬੀ ਫ਼ਿਲਮਾਂ ਦੇ ਮੋਹ ਨੇ ਠੱਗ ਲਿਆ ਅਤੇ ਗ਼ੈਰ ਪੇਸ਼ਾਵਰ ਢੰਗ ਨਾਲ ਫ਼ਿਲਮ ਬਣਾਉਣ ਅਤੇ ਰਿਲੀਜ਼ ਕਰਨ ਦੇ ਕਾਰਨ ਫ਼ਿਲਮ 'ਚ ਕੰਮ ਕਰਨ ਵਾਲੇ ਐਕਟਰ ਵੀ ਠੱਗੇ-ਠੱਗੇ ਮਹਿਸੂਸ ਹੋਏ।



## 22. ਦਾ ਬਲੈਕ ਪ੍ਰਿੰਸ (21 ਜੁਲਾਈ)




ਫ਼ਿਲਮ 'ਬਲੈਕ ਪ੍ਰਿੰਸ' ਮਹਾਰਾਜਾ ਰਣਜੀਤ ਸਿੰਘ ਅਤੇ ਪੰਜਾਬੀ ਸਲਤਨਤ ਦੇ ਆਖਰੀ ਵਾਰਿਸ ਦਲੀਪ ਸਿੰਘ ਦੀ ਤ੍ਰਾਸਦਿਕ ਜੀਵਨ ਕਹਾਣੀ ਹੈ, ਜੋ ਸਾਰੀ ਉਮਰ 'ਬਲੈਕ ਪ੍ਰਿੰਸ' ਹੀ ਬਣ ਕੇ ਰਿਹਾ, ਕਦੇ ਮਹਾਰਾਜਾ ਨਾ ਬਣ ਸਕਿਆ। ਇਹ ਕਹਾਣੀ ਸਾਰੇ ਪੰਜਾਬੀਆਂ ਨੇ ਥੋੜ੍ਹੀ-ਬਹੁਤ ਸੁਣੀ ਹੋਈ ਹੈ ਪਰ ਪਰਦੇ ਉੱਤੇ ਜਿਸ ਸ਼ਾਨਦਾਰ ਢੰਗ ਨਾਲ ਇਸ ਨੂੰ ਬਿਆਨ ਕੀਤਾ ਜਾਣਾ ਚਾਹੀਦਾ ਸੀ, ਨਿਰਦੇਸ਼ਕ ਕਵੀ ਰਾਜ ਨੇ ਉਸੇ ਢੰਗ ਨਾਲ ਬਿਆਨ ਕਰਨ ਦੀ ਕੋਸ਼ਿਸ਼ ਕੀਤੀ। ਇਹ ਇਕ ਇਤਿਹਾਸਕ ਫ਼ਿਲਮ ਹੈ ਤੇ ਇਸ ਦੀ ਇਤਿਹਾਸਿਕਤਾ ਨੂੰ ਕਿਤੇ ਵੀ ਮਰਨ ਨਹੀਂ ਦਿੱਤਾ ਗਿਆ। ਨਾ ਵਿਸ਼ੇ ਪੱਖੋਂ ਤੇ ਨਾ ਪੇਸ਼ਕਾਰੀ ਪੱਖੋਂ। ਪੰਜਾਬ ਦਾ ਇਤਿਹਾਸ ਸੂਰਮਗਤੀ ਅਤੇ ਕੁਰਬਾਨੀਆਂ ਦਾ ਵੱਡਾ ਜਖੀਰਾ ਹੈ। ਇਹ ਫ਼ਿਲਮ ਸਾਡੇ ਨਿਰਮਾਤਾਵਾਂ ਅਤੇ ਨਿਰਦੇਸ਼ਕਾਂ ਨੂੰ ਇਹ ਜਖੀਰਾ ਫਰੋਲਣ ਦਾ ਇਸ਼ਾਰਾ ਕਰਦੀ ਹੈ।


ਫ਼ਿਲਮ ਅੰਦਰ ਸਿਰਫ਼ ਨਿਰਦੇਸ਼ਕ ਦੀ ਪ੍ਰਤਿਭਾ ਅਤੇ ਹਿੰਮਤ ਹੀ ਨਹੀਂ ਦਿਸਦੀ, ਸਗੋਂ ਤਕਨੀਕ ਪੱਖੋਂ ਫ਼ਿਲਮ ਇਕ ਉੱਚ-ਪੱਧਰ ਦੀ ਫ਼ਿਲਮ ਹੈ। ਫ਼ਿਲਮ ਦਾ ਸਕ੍ਰੀਨ-ਪਲੇਅ ਵੀ ਆਮ ਪੰਜਾਬੀ ਫ਼ਿਲਮਾਂ ਵਾਂਗੂੰ ਲਟਕਵੇਂ ਸੀਨਾਂ ਵਾਲਾ ਨਹੀਂ, ਸਗੋਂ ਹਾਲੀਵੁੱਡ ਦੀ ਸ਼ੈਲੀ ਵਾਂਗ ਤੇਜ ਗਤੀ ਦੇ ਨਿੱਕੇ-ਨਿੱਕੇ ਸੀਨ ਹਨ, ਜੋ ਫ਼ਿਲਮ ਦੇ ਵਿਸ਼ੇ ਦੇ ਬਹੁਤ ਖੁਸ਼ਕ ਹੋਣ ਦੇ ਬਾਵਜੂਦ ਵੀ ਬੋਰ ਨਹੀਂ ਹੋਣ ਦਿੰਦੇ। ਇਹ ਸਕ੍ਰੀਨ-ਪਲੇਅ ਕਿਤੇ ਵੀ ਆਪਣੇ ਪ੍ਰਭਾਵ ਨੂੰ ਖਿੰਡਰਨ ਨਹੀਂ ਦਿੰਦਾ ਤੇ ਲਗਾਤਾਰ ਦਲੀਪ ਸਿੰਘ ਦੇ ਕਿਰਦਾਰ ਅਤੇ ਉਸਦੀ ਟ੍ਰੈਜਡੀ ਉੱਤੇ ਫੋਕਸ ਰਹਿੰਦਾ ਹੈ। ਪਤਾ ਹੀ ਨਹੀਂ ਲੱਗਦਾ ਕਿ ਕਦੋਂ ਦਲੀਪ ਸਿੰਘ ਬੱਚੇ ਤੋਂ ਬਜ਼ੁਰਗ ਬਣ ਕੇ ਮੁੱਕ ਜਾਂਦਾ ਹੈ। ਲੇਖਣ ਦੇ ਨਾਲ-ਨਾਲ ਕਵੀ ਰਾਜ ਦੀ ਨਿਰਦੇਸ਼ਨੀ-ਪ੍ਰਤਿਭਾ ਵੀ ਘੱਟ ਨਹੀਂ ਹੈ। ਸੀਨ ਮੇਕਿੰਗ ਉੱਤੇ ਤਾਂ ਉਸ ਦੀ ਕਮਾਲ ਦੀ ਪਕੜ ਹੈ। ਕਹਿਣ ਨਾਲੋਂ ਜ਼ਿਆਦਾ ਉਹ ਵਿਖਾਉਣ ਉੱਤੇ ਜ਼ੋਰ ਦਿੰਦਾ ਹੈ, ਜਿਸ ਕਰਕੇ ਉਸ ਦੀ ਫ਼ਿਲਮ ਦੀ ਰਿਪੀਟ ਵੈਲਿਊ ਬਣਦੀ ਹੈ।

ਅਦਾਕਾਰੀ ਇਸ ਫ਼ਿਲਮ ਦਾ ਇਕ ਪ੍ਰਭਾਵਸ਼ਾਲੀ ਪੱਖ ਹੈ। ਸੱਚ ਤਾਂ ਇਹ ਹੈ ਕਿ ਸਤਿੰਦਰ ਸਰਤਾਜ ਤੋਂ ਇਸ ਪੱਧਰ ਦੀ ਵਧੀਆ ਅਦਾਕਾਰੀ ਦੀ ਹਰਗਿਜ਼ ਉਮੀਦ ਨਹੀਂ ਸੀ ਭਾਵੇਂ ਕਿ ਕੁਝ ਕੁ ਦ੍ਰਿਸ਼ਾਂ ਵਿਚ ਉਸਦੀ ਬਾਡੀ-ਲੈਂਗੂਏਜ ਕਮਜ਼ੋਰ ਵੀ ਨਜ਼ਰ ਆਈ ਪਰ ਕਲਾਈਮੈਕਸ ਉੱਤੇ ਹਾਰੇ ਹੋਏ ਦਲੀਪ ਸਿੰਘ ਦੇ ਸੰਤਾਪ ਨੂੰ ਉਸ ਨੇ ਜਿਸ ਬਰੀਕੀ ਅਤੇ ਸੁਭਾਵਿਕਤਾ ਨਾਲ ਚਿੱਤਰਿਆ, ਉਹ ਬਾਕੀ ਦੇ ਪੰਜਾਬੀ ਅਦਾਕਾਰਾਂ ਲਈ ਇਕ ਚੈਲੇਂਜ ਬਣ ਗਿਆ ਹੈ। ਸ਼ਬਾਨਾ ਤਾਂ ਸ਼ਬਾਨਾ ਹੈ। ਪਹਿਲੇ ਹੀ ਦ੍ਰਿਸ਼ ਵਿਚ ਜਦ ਉਹ ਦਲੀਪ ਸਿੰਘ ਨੂੰ ਆਖਦੀ ਹੈ, "ਤੇਰੀ ਉਡੀਕ ਵਿਚ ਤਾਂ ਮੇਰੀਆਂ ਅੱਖਾਂ ਵੀ ਫਰੇਬ ਕਰ ਗਈਆਂ," ਤਾਂ ਇਕ ਮਾਂ ਦੀ ਇਕ ਪੁੱਤ ਲਈ ਪੰਦਰਾਂ ਸਾਲ ਦੀ ਤੜਪ ਤੁਹਾਡੇ ਸਿਰ ਚੜ੍ਹ ਬੋਲਣ ਲੱਗਦੀ ਹੈ। ਗਲਤ ਹੋਵੇਗਾ ਜੇ ਜੇਸਨ ਫਲੇਮਿੰਗ (ਡਾ. ਲੋਗਨ) ਦੇ ਕੰਮ ਦੀ ਤਾਰੀਫ਼ ਨਾ ਕੀਤੀ ਜਾਵੇ। ਦੇਸ਼ ਨੂੰ ਮੁੜਦੇ ਦਲੀਪ ਸਿੰਘ ਉੱਤੇ ਹੱਕ ਜਾਂਦਾ ਵੇਖ ਉਸ ਅੰਦਰ ਦੀ ਨਿਰਾਸ਼ਾ ਉਸਦੇ ਸ਼ਬਦਾਂ ਵਿੱਚੋਂ ਨਹੀਂ, ਉਸ ਦੀਆਂ ਅੱਖਾਂ ਵਿੱਚੋਂ ਝਲਕਦੀ ਹੈ।

ਵਿਸ਼ੇ ਪੱਖੋਂ ਇਹ ਕਿ ਫ਼ਿਲਮ ਖਾਲਸਾ ਰਾਜ ਦੇ ਪਤਨ ਲਈ ਸਾਰਾ ਦੋਸ਼ ਅੰਗਰੇਜ਼ੀ ਸਮਰਾਜ ਦੀਆਂ ਚਲਾਕੀਆਂ ਨੂੰ ਮੰਨਦੀ ਹੈ ਤੇ ਮਹਾਰਾਜੇ ਦੀ ਮੌਤ ਉਪਰੰਤ ਤਖ਼ਤ ਦੇ ਵਾਰਿਸਾਂ ਦੀ ਖਾਨਾਜੰਗੀ, ਸਾਜਿਸ਼ਾਂ ਅਤੇ ਲਾਲਚਾਂ ਬਾਰੇ ਚੁੱਪ ਰਹਿੰਦੀ ਹੈ।

ਇਹ ਇਕ ਨਾਟਕੀ ਪੇਸ਼ਕਾਰੀ ਹੈ, ਜਿਸ ਦਾ ਫੋਕਸ ਵਿਸ਼ੇਸ਼ ਕਰਕੇ ਮਹਾਰਾਣੀ ਜਿੰਦਾਂ ਅਤੇ ਦਲੀਪ ਸਿੰਘ ਦੀ ਆਪਣੇ ਖੋਹੇ ਗਏ ਰਾਜ ਦੀ ਮੁੜ-ਪ੍ਰਾਪਤੀ ਉੱਤੇ ਹੈ ਤੇ ਇਹੀ ਇਸ ਦਾ ਮੁੱਖ ਆਕਰਸ਼ਨ ਹੈ। ਕੁਲ ਮਿਲਾ ਕੇ ਇਹ ਫ਼ਿਲਮ ਕਾਮਯਾਬ ਫ਼ਿਲਮਾਂ ਦੇ ਖਾਤੇ ਵਿਚ ਰਹੀ।

## 23. ਵੇਖ ਬਰਾਤਾਂ ਚੱਲੀਆਂ (28 ਜੁਲਾਈ)





ਨਿਰਦੇਸ਼ਕ ਸ਼ਿਤਿਜ ਚੌਧਰੀ ਅਤੇ ਕਹਾਣੀਕਾਰ ਨਰੇਸ਼ ਕਥੂਰੀਆ ਦੀ ਇਸ ਫ਼ਿਲਮ ਦੀ ਖਾਸੀਅਤ ਇਹ ਰਹੀ ਕਿ ਇੱਕੋ ਫ਼ਿਲਮ ਵਿਚ ਕਈ ਰੰਗ ਵੇਖਣ ਨੂੰ ਮਿਲੇ। ਜਿੱਥੇ ਇਹ ਫ਼ਿਲਮ ਕਮੇਡੀ, ਪਿਆਰ-ਮੁਹੱਬਤ, ਜਜ਼ਬਾਤਾਂ ਅਤੇ ਦੋ ਭਾਸ਼ਾਵਾਂ ਦਾ ਬਰਾਬਰ ਸੁਮੇਲ ਰੱਖਦੀ ਹੋਈ ਦਰਸ਼ਕਾਂ ਦਾ ਮਨੋਰੰਜਨ ਕਰਦੀ ਹੈ, ਉੱਥੇ ਇਹ ਫ਼ਿਲਮ ਪਾਣੀ ਦੀ ਵੰਡ ਨੂੰ ਲੈ ਕੇ ਪੰਜਾਬ-ਹਰਿਆਣਾ ਦੇ ਤਿੜਕ ਰਹੇ ਰਿਸ਼ਤੇ ਕਾਰਨ ਦੋ ਰਾਜਾਂ ਦੇ ਆਮ ਲੋਕਾਂ ਦੀ ਮਾਨਸਿਕਤਾ ਵੀ ਮਜ਼ਾਹੀਆ ਢੰਗ ਨਾਲ ਜ਼ਾਹਿਰ ਕਰਦੀ ਹੈ।

ਫ਼ਿਲਮ ਦੇ ਹੋਰ ਵਿਸ਼ੇਸ਼ ਪਹਿਲੂਆਂ ਦੀ ਜੇ ਗੱਲ ਕਰੀਏ ਤਾਂ ਇਹ ਫ਼ਿਲਮ ਪੰਜਾਬ-ਹਰਿਆਣਾ ਵਿਚ ਆਪਸੀ ਫ਼ਿਲਮੀ ਰਿਸ਼ਤਾ ਜੋੜਦੀ ਹੋਈ ਅਖੌਤੀ ਰੀਤੀ ਰਿਵਾਜ਼ਾਂ, ਨਕਲੀ ਪੰਡਤਾਂ ਵੱਲੋਂ ਫੈਲਾਏ ਵਹਿਮਾਂ-ਭਰਮਾਂ ਦਾ ਮੂੰਹ ਭੰਨਦੀ ਧਰਮ-ਜਾਤ ਦੇ ਬੰਧਨਾਂ ਤੋਂ ਉੱਪਰ ਉਠ ਪਿਆਰ ਦੇ ਰਿਸ਼ਤੇ ਦਾ ਪੈਗਾਮ ਦਿੰਦੀ ਹੈ। ਬਾਪ ਬੇਟੀ ਦੇ ਆਪਸੀ ਰਿਸ਼ਤੇ ਦੀ ਸੂਝ-ਬੂਝ, ਇਕ ਦੂਜੇ ਪ੍ਰਤੀ ਫਰਜ਼ਾਂ ਅਤੇ ਸਨਮਾਨ ਦੀ ਗੱਲ ਕਰਦੀ ਹੈ। ਸ਼ਰੀਕਪੁਣੇ ਵਿਚ ਇਕ ਦੂਜੇ ਦਾ ਨੁਕਸਾਨ ਨਾ ਕਰਨ ਦੀ ਹਿਦਾਇਤ ਦਿੰਦੀ ਇਹ ਫ਼ਿਲਮ ਆਨਰ ਕਿਲਿੰਗ ਦੀਆ ਘਟਨਾਵਾਂ ਵਾਲੇ ਸੂਬੇ ਨੂੰ ਪਿਆਰ ਦਾ ਸਬਕ ਸਿਖਾਉਂਦੀ ਹੋਈ ਸਮਾਜਿਕ ਬੁਰਾਈਆਂ ਨੂੰ ਕਰਾਰੀ ਚੋਟ ਦਿੰਦੀ ਹੈ।

ਇਸ ਫ਼ਿਲਮ ਦੇ ਸਾਰੇ ਹੀ ਐਕਟਰਾਂ ਬੀਨੂੰ ਢਿੱਲੋਂ, ਕਵਿਤਾ ਕੌਸ਼ਿਕ, ਅਮਰਿੰਦਰ ਗਿੱਲ, ਰਣਜੀਤ ਬਾਵਾ, ਜਸਵਿੰਦਰ ਭੱਲਾ, ਕਰਮਜੀਤ ਅਨਮੋਲ, ਮੁਕੇਸ਼ ਭੱਟ ਤੇ ਗੋਬਿੰਦ ਨਾਮਦੇਵ ਆਦਿ ਦੀ ਖ਼ੂਬਸੂਰਤ ਅਦਾਕਾਰੀ ਵਿੱਚੋਂ ਲੀਡ ਕਿਰਦਾਰ ਨਿਭਾ ਰਹੀ ਕਵਿਤਾ ਕੌਸ਼ਿਕ ਦੀ ਅਦਾਕਾਰੀ ਦਾ ਵੱਖਰਾ ਅੰਦਾਜ਼ ਫ਼ਿਲਮ ਦਾ ਵਿਸ਼ੇਸ਼ ਆਕਰਸ਼ਨ ਰਿਹਾ।

ਇਸ ਫ਼ਿਲਮ ਤੋਂ ਨਿਰਮਾਤਾ ਦੀਆਂ ਆਸਾਂ ਵੀ ਪੂਰੀਆਂ ਹੋਈਆਂ ਅਤੇ ਇਹ ਫ਼ਿਲਮ ਵੀ 2017 ਦੀਆਂ ਹਿੱਟ ਫ਼ਿਲਮਾਂ ਵਿਚ ਸ਼ਾਮਲ ਹੋਈ।

## 24. ਰੌਕੀ ਮੈਂਟਲ (19 ਅਗਸਤ)




ਇਕ ਫਰਸਟ੍ਰੇਟਿਡ ਨੌਜਵਾਨ ਦੀ ਕਹਾਣੀ 'ਤੇ ਅਧਾਰਿਤ ਇਸ ਫ਼ਿਲਮ ਦੀ ਖ਼ੂਬੀ ਇਹ ਰਹੀ ਕਿ ਫ਼ਿਲਮ ਦਾ ਹੀਰੋ ਪਰਮੀਸ਼ ਵਰਮਾ ਫ਼ਿਲਮ ਤੋਂ ਪਹਿਲਾਂ ਹੀ ਆਪਣੇ ਵੀਡੀਓ ਗੀਤਾਂ ਕਰਕੇ ਆਪਣੀ ਫੈਨ ਫੋਲੋਵਿੰਗ ਬਣਾ ਚੁੱਕਾ ਹੈ। ਫ਼ਿਲਮ ਨੇ ਰਿਲੀਜ਼ ਹੁੰਦਿਆਂ ਹੀ ਆਪਣੀ ਪਕੜ ਬਣਾ ਲਈ ਅਤੇ ਲਗਾਤਾਰ ਤਿੰਨ-ਚਾਰ ਹਫ਼ਤੇ ਦਰਸ਼ਕ ਫ਼ਿਲਮ ਵੇਖਣ ਜਾਂਦੇ ਰਹੇ। ਫ਼ਿਲਮ ਵਿਚ ਮਾਰ-ਧਾੜ ਦੇ ਨਾਲ-ਨਾਲ ਇਸ ਨੂੰ ਕੋਮਿਕ ਅਤੇ ਰੋਮਾਂਟਿਕ ਰਿਲੀਫ਼ ਵੀ ਦਿੱਤੀ ਗਈ, ਜਿਸ ਕਰਕੇ ਦਰਸ਼ਕ ਬੋਰ ਨਹੀਂ ਹੋਇਆ ਅਤੇ ਫ਼ਿਲਮ ਦਾ ਲੁਤਫ਼ ਲੈ ਕੇ ਬਾਹਰ ਨਿਕਲਿਆ। ਪਰਮੀਸ਼ ਵਰਮਾ ਦੀ ਇਹ ਬਤੌਰ ਹੀਰੋ ਪਹਿਲੀ ਫ਼ਿਲਮ ਸੀ ਪਰ ਓਪਰਾ ਨਹੀਂ ਲੱਗਿਆ, ਕਿਉਂ ਕਿ ਇਕ ਤਾਂ ਉਹ ਆਪਣੇ ਵੀਡੀਓ ਗੀਤਾਂ ਕਰਕੇ ਤਜ਼ਰਬਾ ਹਾਸਲ ਕਰ ਚੁੱਕਾ ਹੈ, ਦੂਜਾ ਘਰੋਂ ਉਸ ਨੂੰ ਆਪਣੇ ਪਿਤਾ ਪ੍ਰੋ: ਸਤੀਸ਼ ਵਰਮਾ ਦੀ ਗਾਈਡੈਂਸ ਵੀ ਕੰਮ ਆਈ। ਇਸ ਲਈ ਉਸ ਨੇ ਆਪਣਾ ਰੋਲ ਬਾਖ਼ੂਬੀ ਨਿਭਾਇਆ।

ਫ਼ਿਲਮ ਦੇ ਬਾਕੀ ਕਲਾਕਾਰਾਂ ਨੇ ਵੀ ਦਮਦਾਰ ਭੂਮਿਕਾਵਾਂ ਨਿਭਾਈਆਂ। ਖਾਸ ਤੌਰ 'ਤੇ ਕੋਮਿਕ ਰਿਲੀਫ਼ ਦੇਣਾ ਵਾਲਾ ਕਲਾਕਾਰ ਜਗਮੀਤ ਸੰਧੂ ਵਿਸ਼ੇਸ਼ ਆਕਰਸ਼ਨ ਰਿਹਾ। ਫ਼ਿਲਮ ਦੇ ਗਾਣਿਆਂ 'ਤੇ ਵੀ ਮਿਹਨਤ ਅਤੇ ਖਰਚਾ ਹੋਇਆ ਨਜ਼ਰ ਆਉਂਦਾ ਹੈ। ਹੁਣ ਜੇ ਫ਼ਿਲਮ ਦੀ ਤਕਨੀਕੀ ਖਾਮੀ ਦੀ ਗੱਲ ਕਰੀਏ ਤਾਂ ਨਿਰਦੇਸ਼ਕ ਦੀ ਫ਼ਿਲਮ 'ਤੇ ਬਹੁਤ ਮਜਬੂਤ ਪਕੜ ਨਹੀਂ ਰਹੀ। ਫ਼ਿਲਮ ਦੀ ਐਡੀਟਿੰਗ ਬਹੁਤ ਕਮਜ਼ੋਰ ਸੀ। ਬਹੁਤ ਧਿਆਨ ਨਾਲ ਵੇਖਣ ਦੇ ਬਾਵਜੂਦ ਵੀ ਚੱਲਦਾ ਹੋਇਆ ਸੀਨ ਆਮ ਦਰਸ਼ਕ ਦੀ ਸਮਝ ਤੋਂ ਬਾਹਰ ਹੋ ਜਾਂਦਾ ਹੈ, ਜਦਕਿ ਆਮ ਦਰਸ਼ਕ ਤਾਂ ਇੱਕੋ ਵਾਰ ਫ਼ਿਲਮ ਵੇਖੇਗਾ, ਦੋ ਜਾਂ ਤਿੰਨ ਵਾਰ ਨਹੀਂ। ਦਰਸ਼ਕਾਂ ਨੂੰ ਪਹਿਲੀ ਵਾਰ ਹੀ ਸਰਲ ਭਾਸ਼ਾ 'ਚ ਫ਼ਿਲਮ ਦੀ ਕਹਾਣੀ ਸਮਝ ਆ ਜਾਣੀ ਚਾਹੀਦੀ ਹੈ, ਜਿਸ ਵਿਚ ਕਿ ਨਿਰਦੇਸ਼ਕ ਕਮਜ਼ੋਰ ਰਿਹਾ ਅਤੇ ਇਸ ਕਾਰਨ ਕਿਤੇ ਨਾ ਕਿਤੇ ਨਿਰਮਾਤਾ ਨੂੰ ਨੁਕਸਾਨ ਵੀ ਹੋਇਆ। ਖ਼ੈਰ ਦਰਸ਼ਕਾਂ ਦੇ ਵਧੀਆ ਹੁੰਗਾਰੇ ਨਾਲ ਨਿਰਮਾਤਾ ਦਾ ਹੌਸਲਾ ਬਰਕਰਾਰ ਰਿਹਾ।



## 25. ਜ਼ੋਰਾ ਦਸ ਨੰਬਰੀਆ (1 ਸਤੰਬਰ)




'ਜ਼ੋਰਾ ਦਸ ਨੰਬਰੀਆ' ਨੂੰ ਵੀ ਦਰਸ਼ਕਾਂ ਨਕਾਰ ਦਿੱਤਾ। ਹੈਵੀ ਬਜਟ ਲੈ ਕੇ ਵੱਡੇ ਕਲਾਕਾਰਾਂ ਨਾਲ ਪੂਰੀ ਤਰ੍ਹਾਂ ਕਮਰਸ਼ੀਅਲ ਫ਼ਿਲਮ ਬਣੀ ਹੋਵੇ ਅਤੇ ਪੂਰੇ ਪ੍ਰਚਾਰ ਤੋਂ ਬਾਅਦ ਵੀ ਦਰਸ਼ਕਾਂ ਨੂੰ ਸਿਨੇਮਾ ਘਰਾਂ ਵੱਲ ਨਾ ਖਿੱਚ ਸਕੇ, ਫੇਰ ਕੋਈ ਕਮੀ ਤਾਂ ਹੈ, ਜਿਸ ਕਰ ਕੇ ਫ਼ਿਲਮ ਨਹੀਂ ਚੱਲੀ। ਜਿਹੜਾ ਨਿਰਦੇਸ਼ਕ ਅਤੇ ਕਹਾਣੀਕਾਰ ਫ਼ਿਲਮ ਬਣਾਉਣ ਲੱਗਿਆਂ ਦਰਸ਼ਕਾਂ ਦੀ ਨਬਜ਼ ਦਾ ਧਿਆਨ ਹੀ ਨਾ ਰੱਖੇ ਤਾਂ ਥੋੜ੍ਹਾ ਬਹੁਤ ਕਸੂਰਵਾਰ ਤਾਂ ਕਹਾਵੇਗਾ ਹੀ।

ਭਾਵੇਂ ਕਿ ਇਹ ਫ਼ਿਲਮ ਇਕ ਬਾਇਓਪਿਕ ਫ਼ਿਲਮ ਸੀ ਪਰ ਕੀ ਫ਼ਿਲਮ ਦਾ ਵਿਸ਼ਾ ਪੰਜਾਬ ਲਈ ਢੁਕਵਾਂ ਸੀ, ਕੀ ਅੱਜ ਦੇ ਮਾਡਰਨ ਯੁੱਗ ਵਿਚ ਇਹ ਸਭ ਘਟਨਾਵਾਂ ਵਾਪਰਦੀਆਂ ਹਨ, ਜੋ ਇਸ ਵਿਚ ਵਿਖਾਈਆਂ, ਜੇ ਨਹੀਂ ਤਾਂ ਫੇਰ ਦਰਸ਼ਕ ਵੀ ਕਿਉਂ ਮੂਰਖ਼ ਬਣਨ। ਬਿਲਕੁਲ ਸਹੀ ਫਤਵਾ ਮਿਲਿਆ ਦਰਸ਼ਕਾਂ ਦਾ ਇਸ ਫ਼ਿਲਮ ਨੂੰ। ਸਾਰੀ ਦੀ ਸਾਰੀ ਫ਼ਿਲਮ ਵਿਚ ਇਕ ਵੀ ਕਿਰਦਾਰ ਪੋਜ਼ੀਟਿਵ ਨਹੀਂ ਸਮੇਤ ਹੀਰੋਇਨ ਦੇ, ਹੋਰ ਤਾਂ ਹੋਰ ਧਰਮਿੰਦਰ ਭਾਜੀ ਦੀ ਬਦਕਿਸਮਤੀ ਵੇਖੋ ਇਕ ਹੋਰ ਪੰਜਾਬੀ ਫ਼ਿਲਮ ਵਿਚ ਉਨ੍ਹਾਂ ਦਾ ਮਿਸ ਯੂਜ਼। ਫ਼ਿਲਮ ਵਿਚ ਦਿਖਾਏ ਗਏ ਐਕਸ਼ਨ ਵਿਚ ਕ੍ਰਿਏਟੀਵਿਟੀ ਘੱਟ ਤੇ ਪੁਰਾਣੀਆਂ ਹਿੰਦੀ ਫ਼ਿਲਮਾਂ ਦੇ ਸੀਨ ਜ਼ਿਆਦਾ ਨਜ਼ਰ ਆਏ। ਜਿੱਥੋਂ ਤੱਕ ਦੀਪ ਸਿੱਧੂ ਦੇ ਬਤੌਰ ਹੀਰੋ ਇਸ ਫ਼ਿਲਮ ਵਿਚ ਆਉਣ ਦੀ ਗੱਲ ਹੈ ਤਾਂ ਅਮਿਤਾਭ ਵਾਂਗੂੰ ਐਂਗਰੀ ਯੰਗਮੈਨ ਦਾ ਚਿਹਰਾ ਵੀ ਤਾਂ ਬੋਲਣਾ ਚਾਹੀਦਾ ਸੀ, ਜਿਸ ਤਰ੍ਹਾਂ ਇਸ ਫ਼ਿਲਮ ਦੇ ਬਾਕੀ ਕਲਾਕਾਰਾਂ ਦੇ ਚਿਹਰਿਆਂ ਤੋਂ ਦਮਦਾਰ ਐਕਟਿੰਗ ਝਲਕਦੀ ਸੀ। ਹਰ ਮਾੜੀ ਤੋਂ ਮਾੜੀ ਫ਼ਿਲਮ ਆਖਰ ਵਿਚ ਕੋਈ ਨਾ ਕੋਈ ਚੰਗਾ ਸੰਦੇਸ਼ ਦੇ ਕੇ ਜਾਂਦੀ ਹੈ ਅਤੇ ਇਸੇ ਲਈ ਹੀ ਪਹਿਲਾਂ ਫ਼ਿਲਮਾਂ ਬਣਨੀਆਂ ਸ਼ੁਰੂ ਹੋਈਆਂ ਸਨ। ਜੋ ਇਸ ਵਿਚ ਨਹੀਂ ਮਿਲ ਸਕਿਆ। ਬਤੌਰ ਨਿਰਦੇਸ਼ਕ ਅਮਰਦੀਪ ਗਿੱਲ ਤਕਨੀਕੀ ਤੌਰ 'ਤੇ ਕਾਫ਼ੀ ਹੱਦ ਤੱਕ ਸਫ਼ਲ ਰਿਹਾ। ਫ਼ਿਲਮ ਚਲਾਉਣਾ ਤਾਂ ਦਰਸ਼ਕਾਂ ਦੇ ਹੱਥ ਹੀ ਹੁੰਦਾ ਹੈ ਪਰ ਅਮਰਦੀਪ ਗਿੱਲ ਨੂੰ ਫ਼ਿਲਮ ਬਣਾਉਣੀ ਜ਼ਰੂਰ ਆ ਗਈ ਹੈ। ਇਹੀ ਇਸ ਫ਼ਿਲਮ ਦਾ ਮੁਨਾਫਾ ਰਿਹਾ।

## 26. ਰੁਪਿੰਦਰ ਗਾਂਧੀ ਦਾ ਰੌਬਿਨਹੁੱਡ (8 ਸਤੰਬਰ)




ਜੇ ਗੱਲ 'ਰੁਪਿੰਦਰ ਗਾਂਧੀ ਦਾ ਰੌਬਿਨਹੁੱਡ ਦੀ' ਕਰੀਏ ਤਾਂ ਨਿਰਦੇਸ਼ਕ ਅਵਤਾਰ ਸਿੰਘ ਇਕ ਵਧੀਆ ਨਿਰਦੇਸ਼ਕ ਹੈ ਅਤੇ ਸਰਲ ਫ਼ਿਲਮ ਬਣਾਉਣ ਵਿਚ ਯਕੀਨ ਰੱਖਦਾ ਹੈ, ਜਿਸ ਨੇ ਆਪਣੀ ਪਹਿਲੀ ਫ਼ਿਲਮ 'ਮਿੱਟੀ ਨਾ ਫਰੋਲ ਜੋਗੀਆ' ਦਰਸ਼ਕਾਂ ਦੀ ਝੋਲੀ ਪਾਈ ਸੀ। ਨਿਰਦੇਸ਼ਕ ਨੇ ਫ਼ਿਲਮ 'ਰੁਪਿੰਦਰ ਗਾਂਧੀ' ਨੂੰ ਵੀ ਦਰਸ਼ਕਾਂ ਦੀ ਨਬਜ਼ ਦੇ ਹਿਸਾਬ ਨਾਲ ਹੀ ਬਣਾਇਆ। ਇਸ ਫ਼ਿਲਮ ਵਿਚ ਦਰਸ਼ਕਾਂ ਦੇ ਮਨੋਰੰਜਨ ਦਾ ਵੀ ਪੂਰਾ ਖਿਆਲ ਰੱਖਦੇ ਹੋਏ ਕੋਮਿਕ ਅਤੇ ਰੋਮਾਂਟਿਕ ਰਿਲੀਫ਼ ਵੀ ਦਿੱਤੀ ਗਈ। ਐਕਸ਼ਨ ਸੀਨ ਨੌਜਵਾਨਾਂ ਨੂੰ ਆਕਰਸ਼ਿਤ ਕਰਨ ਲਈ ਅਜਿਹੇ ਢੰਗ ਨਾਲ ਫ਼ਿਲਮਾਏ ਗਏ ਕਿ ਆਮ ਨੌਜਵਾਨਾਂ ਨੂੰ ਆਪਣੇ 'ਤੇ ਢੁੱਕਦੇ ਨਜ਼ਰ ਆਏ, ਮਤਲਬ ਕਿ ਫ਼ਿਲਮ ਦੀਆਂ ਘਟਨਾਵਾਂ ਨੂੰ ਦਿਲਚਸਪ ਬਣਾ ਕੇ ਰਿਆਲਟੀ ਦੇ ਨੇੜੇ ਲਿਆਂਦਾ ਗਿਆ, ਜਿਵੇਂ ਕਿ ਸਿਆਸੀ ਪਾਰਟੀਆਂ ਦਾ ਵਿਦਿਆਰਥੀਆਂ ਨੂੰ ਆਪਣੇ ਹਿੱਤਾਂ ਲਈ ਵਰਤਣਾ ਅਤੇ ਕਾਲਜਾਂ ਵਿਚ ਵਿਦਿਆਰਥੀ ਯੂਨੀਅਨਾਂ ਦਾ ਆਪਸ ਵਿਚ ਟਕਰਾਵ ਜਾਂ ਧੜੇਬੰਦੀ ਆਦਿ।

ਖ਼ੈਰ ਇਹ ਫ਼ਿਲਮ ਵਪਾਰਕ ਪੱਖੋਂ ਕਾਮਯਾਬ ਰਹੀ, ਉਸ ਦਾ ਇਕ ਕਾਰਨ ਇਹ ਵੀ ਹੈ ਕਿ ਫ਼ਿਲਮ ਨੇ ਫਜ਼ੂਲ ਖਰਚੀ ਵੀ ਨਹੀਂ ਕੀਤੀ ਕੋਈ। ਨਿਰਦੇਸ਼ਕ ਨੇ ਸੂਝ-ਬੂਝ ਤੋਂ ਕੰਮ ਲੈ ਕੇ ਨਿਰਮਾਤਾ ਨੂੰ ਸੇਫ ਰੱਖਿਆ। ਖਾਸ ਤੌਰ 'ਤੇ ਫ਼ਿਲਮ ਦਾ ਹੀਰੋ ਦੇਵ ਖਰੌੜ ਇਕ ਵਧੀਆ ਐਕਸ਼ਨ ਹੀਰੋ ਬਣ ਕੇ ਉੱਭਰਿਆ। ਹਾਸਰਸ ਸੰਵਾਦਾਂ ਅਤੇ ਦਮਦਾਰ ਅਦਾਕਾਰੀ ਨਾਲ ਦਰਸ਼ਕਾਂ ਦਾ ਧਿਆਨ ਆਪਣੇ ਵੱਲ ਖਿੱਚਣ 'ਚ ਕਾਮਯਾਬ ਰਹੇ ਕਲਾਕਾਰ ਜਗਮੀਤ ਸੰਧੂ। ਫ਼ਿਲਮ ਦਾ ਸੰਗੀਤ ਵੀ ਸਲਾਹੁਣ ਯੋਗ ਹੈ ਅਤੇ ਬਾਕੀ ਕਲਾਕਾਰ ਵੀ।

## 27. ਨਿੱਕਾ ਜ਼ੈਲਦਾਰ 2 (22 ਸਤੰਬਰ)




ਪੰਜਾਬੀ ਦੀ ਬਹੁ-ਚਰਚਿਤ ਫ਼ਿਲਮ 'ਅੰਗਰੇਜ਼' ਨਾਲ ਨਾਮਣਾ ਖੱਟਣ ਵਾਲੇ ਫ਼ਿਲਮ ਨਿਰਦੇਸ਼ਕ ਸਿਮਰਜੀਤ ਸਿੰਘ ਨੇ 'ਨਿੱਕਾ ਜ਼ੈਲਦਾਰ' ਦੀ ਅਪਾਰ ਸਫ਼ਲਤਾ ਤੋਂ ਬਾਅਦ 'ਨਿੱਕਾ ਜ਼ੈਲਦਾਰ 2' ਬਣਾਈ, ਜੋ 22 ਸਤੰਬਰ ਨੂੰ ਰਿਲੀਜ਼ ਹੋਈ। 'ਅੰਗਰੇਜ਼' ਫ਼ਿਲਮ ਵਾਂਗ ਪੁਰਾਤਨ ਪੰਜਾਬ ਦੇ ਦਰਸ਼ਨ ਕਰਵਾਉਂਦੀ ਹੋਈ ਇਸ ਮਨੋਰੰਜਨ ਭਰਪੂਰ ਫ਼ਿਲਮ 'ਚ ਐਮੀ ਵਿਰਕ ਤੇ ਸੋਨਮ ਨਾਲ ਖ਼ੂਬਸੂਰਤ ਅਦਾਕਾਰਾ ਵਾਮਿਕਾ ਗੱਬੀ ਵੀ ਨਜ਼ਰ ਆਈ। ਇਸ ਫ਼ਿਲਮ ਨੂੰ ਤਿਕੋਣੀ ਲਵ ਸਟੋਰੀ ਦੇ ਰੂਪ 'ਚ ਵੀ ਦੇਖਿਆ ਗਿਆ। 'ਪਟਿਆਲਾ ਮੋਸ਼ਨ ਪਿਕਚਰਸ' ਦੀ ਪੇਸ਼ਕਸ਼ ਅਤੇ ਨਿਰਮਾਤਾ ਅਮਨੀਤ ਸ਼ੇਰਸਿੰਘ ਕਾਕੂ ਤੇ ਰਮਨੀਤ ਸ਼ੇਰਸਿੰਘ ਦੀ ਇਸ ਫ਼ਿਲਮ ਨੂੰ ਨਾਮਵਰ ਫ਼ਿਲਮ ਲੇਖਕ ਜਗਦੀਪ ਸਿੰਘ ਸਿੱਧੂ ਨੇ ਲਿਖਿਆ। ਪ੍ਰਸਿੱਧ ਸੰਗੀਤਕਾਰ ਗੁਰਮੀਤ ਸਿੰਘ ਦੇ ਸੰਗੀਤ ਨਾਲ ਸਜੇ ਇਸ ਫ਼ਿਲਮ ਦੇ ਗੀਤ ਵੀਤ ਬਲਜੀਤ ਸਮੇਤ ਨਾਮੀਂ ਗੀਤਕਾਰਾਂ ਨੇ ਲਿਖੇ, ਜਿਨ੍ਹਾਂ ਨੂੰ ਆਵਾਜ਼ਾਂ ਐਮੀ ਵਿਰਕ, ਵੀਤ ਬਲਜੀਤ ਤੇ ਫ਼ਿਰੋਜ਼ ਖ਼ਾਨ ਨੇ ਦਿੱਤੀਆਂ।

ਨਿਰਮਲ ਰਿਸ਼ੀ, ਸਰਦਾਰ ਸੋਹੀ, ਕਰਮਜੀਤ ਅਨਮੋਲ, ਰਾਣਾ ਰਣਬੀਰ, ਪ੍ਰਿੰਸ ਕੰਵਲਜੀਤ ਸਿੰਘ, ਪ੍ਰਕਾਸ਼ ਗਾਧੂ ਤੇ ਗੁਰਮੀਤ ਸਾਜਨ ਜਿਹੇ ਕਲਾਕਾਰਾਂ ਵਾਲੀ ਇਹ ਫ਼ਿਲਮ ਪਹਿਲੀ ਫ਼ਿਲਮ ਵਾਂਗ ਤਾਂ ਵਪਾਰ ਸ਼ਾਇਦ ਨਹੀਂ ਕਰ ਸਕੀ ਪਰ ਫੇਰ ਵੀ ਨਿਰਮਾਤਾ ਲਈ ਨੁਕਸਾਨ ਰਹਿਤ ਅਤੇ 2017 ਵਾਲੀਆਂ ਦਰਸ਼ਕਾਂ ਦੀਆਂ ਪਸੰਦੀਦਾ ਫ਼ਿਲਮਾਂ ਵਿਚ ਜ਼ਰੂਰ ਸ਼ਾਮਲ ਹੋਈ।

## 28. ਕਿਰਦਾਰ ਏ ਸਰਦਾਰ (29 ਸਤੰਬਰ)

'ਕਿਰਦਾਰ-ਏ-ਸਰਦਾਰ' ਇਕ ਆਮ ਪੰਜਾਬੀ ਫ਼ਿਲਮ ਨਾ ਹੋ ਕੇ ਕਹਾਣੀਕਾਰ ਅਤੇ ਨਿਰਦੇਸ਼ਕ ਵੱਲੋਂ ਵੱਡੇ ਪਰਦੇ 'ਤੇ ਉਤਾਰਿਆ ਗਿਆ ਇਕ ਅਜਿਹਾ ਜਜ਼ਬਾ




ਹੈ, ਜੋ ਸਿੱਖ ਨੌਜਵਾਨਾਂ ਨੂੰ ਕੇਸਾਧਾਰੀ/ਪਗੜੀਧਾਰੀ ਹੋਣ ਦਾ ਸੰਦੇਸ਼ ਤਾਂ ਦਿੰਦਾ ਹੀ ਹੈ ਪਰ ਨਾਲ ਦੇ ਨਾਲ ਇਸ ਫ਼ਿਲਮ ਵਿਚ ਸਿੱਖਾਂ ਦਾ ਦੁਨੀਆ ਭਰ ਵਿਚ ਉੱਚਾ- ਸੁੱਚਾ ਕਿਰਦਾਰ ਵਿਖਾਉਣ ਅਤੇ ਉਨ੍ਹਾਂ ਦੁਆਰਾ ਸਮੁੱਚੀ ਮਾਨਵਤਾ ਲਈ ਬਿਨਾ ਕਿਸੇ ਭੇਦਭਾਵ ਨਿਭਾਈ ਜਾਂਦੀ ਦਲੇਰਆਨਾ ਸੇਵਾਭਾਵਨਾ ਨੂੰ ਵੀ ਬੜੇ ਸਰਲ ਅਤੇ ਮਨੋਰੰਜਨ ਭਰਪੂਰ ਤਰੀਕੇ ਨਾਲ ਬਾਖ਼ੂਬੀ ਵਿਖਾਉਣ ਦੀ ਕੋਸ਼ਿਸ਼ ਹੈ।

ਜਿੱਥੇ ਇਸ ਫ਼ਿਲਮ ਨੂੰ ਆਮ ਪੰਜਾਬੀ ਫ਼ਿਲਮਾਂ ਵਾਂਗ ਮਨੋਰੰਜਨ ਭਰਪੂਰ ਬਣਾਉਣ ਲਈ ਕਮੇਡੀ, ਰੁਮਾਂਸ, ਐਕਸ਼ਨ ਅਤੇ ਵਧੀਆ ਸੰਗੀਤ ਨਾਲ ਸਵਾਰਿਆ ਗਿਆ, ਉੱਥੇ ਸਮੇਂ-ਸਮੇਂ ਫ਼ਿਲਮ ਵਿਚਲੀਆਂ ਘਟਨਾਵਾਂ ਨੂੰ ਦਮਦਾਰ ਸੰਦੇਸ਼ਮਈ ਸੰਵਾਦਾਂ ਦੇ ਰਾਹੀਂ ਦਰਸ਼ਕਾਂ ਨੂੰ ਭਾਵੁਕਤਾ ਨਾਲ ਜੋੜਣ ਦਾ ਕੰਮ ਵੀ ਇਸ ਫ਼ਿਲਮ ਦੇ ਸਿੱਖ ਨੌਜਵਾਨ ਨਿਰਦੇਸ਼ਕ ਜਤਿੰਦਰ ਸਿੰਘ ਜੀਤੂ ਨੇ ਆਪਣੀ ਪਹਿਲੀ ਫ਼ਿਲਮ ਵਿਚ ਹੀ ਬਾਖ਼ੂਬੀ ਕਰ ਵਿਖਾਇਆ। ਪਰ ਅਫਸੋਸ ਇਸ ਗੱਲ ਦਾ ਹੈ ਕਿ ਜਿੰਨੀ ਸ਼ਿੱਦਤ ਨਾਲ ਫ਼ਿਲਮ ਬਣਾ ਕੇ ਇਸ ਦਾ ਪ੍ਰਚਾਰ ਕੀਤਾ ਗਿਆ, ਉਨੀਂ ਸ਼ਿੱਦਤ ਨਾਲ ਸਿਨੇਮਾ ਘਰਾਂ ਨੇ ਇਸ ਨੂੰ ਸ਼ੋਅ ਨਹੀਂ ਦਿੱਤੇ, ਨਾ ਹੀ ਇਹ ਫ਼ਿਲਮ ਵਿਦੇਸ਼ਾਂ ਵਿਚ ਰਿਲੀਜ਼ ਹੋ ਸਕੀ। ਨਵੇਂ ਨਿਰਮਾਤਾਵਾਂ ਨਾਲ ਅਕਸਰ ਇਸੇ ਤਰ੍ਹਾਂ ਹੁੰਦਾ ਹੀ ਹੈ ਬਹੁਤ ਵਾਰ। ਖ਼ੈਰ ਕਾਰਨ ਕੋਈ ਵੀ ਹੋਣ ਪਰ ਨਿਰਮਾਤਾ ਦਾ ਨੁਕਸਾਨ ਮਤਲਬ ਪੰਜਾਬੀ ਸਿਨੇਮਾ ਦਾ ਨੁਕਸਾਨ!



## 29. ਬਾਈਲਾਰਸ (6 ਅਕਤੂਬਰ)




'ਬਾਈਲਾਰਸ' ਕਮੇਡੀਅਨ ਬੀਨੂੰ ਢਿੱਲੋਂ ਨੇ ਆਪਣੀ ਹੋਮ ਪ੍ਰੋਡਕਸ਼ਨ 'ਨੌਟੀ ਮੈਨ ਪ੍ਰੋਡਕਸ਼ਨ' ਦੇ ਬੈਨਰ ਹੇਠ ਬਣਾਈ। ਜਿਸ ਦੇ ਨਿਰਦੇਸ਼ਕ ਸ਼ਿਤਿਜ ਚੌਧਰੀ ਸਨ। ਇਸ ਫ਼ਿਲਮ ਵਿਚ ਬੀਨੂੰ ਢਿੱਲੋਂ ਤੋਂ ਇਲਾਵਾ ਐਂਕਰ ਰਵਨੀਤ (ਕੰਟੀਨੀ ਮੰਡੀਰ) ਪ੍ਰਾਚੀ ਤਹਿਲਨ, ਦੇਵ ਖਰੋੜ, ਕਰਮਜੀਤ ਅਨਮੋਲ ਤੇ ਨਿਰਮਲ ਰਿਸ਼ੀ ਆਦਿ ਨੇ ਮੁੱਖ ਕਿਰਦਾਰ ਨਿਭਾਏ। ਕਹਾਣੀ, ਸਕ੍ਰੀਨ ਪਲੇਅ ਅਤੇ ਡਾਇਲਾਗ ਜੱਸ ਗਰੇਵਾਲ ਨੇ ਲਿਖੇ। ਸੰਗੀਤ ਜਤਿੰਦਰ ਸ਼ਾਹ ਨੇ ਦਿੱਤਾ। ਗੀਤ ਰਣਜੀਤ ਬਾਵਾ, ਨਛੱਤਰ ਗਿੱਲ ਅਤੇ ਹੋਰਨਾਂ ਨੇ ਗਾਏ। ਇਸ ਫ਼ਿਲਮ ਦੀ ਇਕ ਖਾਸੀਅਤ ਇਹ ਵੀ ਰਹੀ ਕਿ ਬੀਨੂੰ ਢਿੱਲੋਂ ਦੀ ਫ਼ਿਲਮ ਦੇ ਟਾਈਟਲ ਨੂੰ ਲੈ ਕੇ ਪੁਗਾਈ ਗਈ ਜ਼ਿੱਦ ਕਿ ਨਾਂਅ ਤਾਂ ਫ਼ਿਲਮ ਦਾ ਇਹੋ ਰਹੂ, ਕਿਸੇ ਨੂੰ ਮਤਲਬ ਪਤਾ ਚੱਲੇ ਜਾਂ ਨਾ, ਦਰਸ਼ਕ ਆਉਣ ਜਾਂ ਨਾ!

ਉਹੀ ਹੋਇਆ ਨਾ ਆਮ ਲੋਕਾਂ ਨੂੰ 'ਬਾਇਲਾਰਸ' ਦਾ ਮਤਲਬ ਪਤਾ ਲੱਗਾ, ਨਾ ਲੋਕ ਫ਼ਿਲਮ ਵੇਖਣ ਆਏ। ਆਪਣੇ ਨਾਲ-ਨਾਲ ਸਾਰੀ ਟੀਮ ਦਾ ਵੀ ਨੁਕਸਾਨ ਕਰਵਾਇਆ। ਹਮ ਤੋ ਡੂਬੇਂਗੇ ਸਨਮ, ਮਗਰ ਤੁਝ ਕੋ ਭੀ ਸਾਥ ਲੇਕਰ.!

## 30. ਯਾਰਾਂ ਦੇ ਯਾਰ (13 ਅਕਤੂਬਰ)




ਰੁਮਾਂਸ, ਐਕਸ਼ਨ ਅਤੇ ਹਾਸਿਆਂ ਨਾਲ ਲੱਧੀ ਮਨੋਰੰਜਨ ਭਰਪੂਰ ਮਸਾਲਾ ਫ਼ਿਲਮ ਹੈ 'ਯਾਰਾਂ ਦੇ ਯਾਰ'! ਇਹ ਕਹਿਣਾ ਸੀ ਫ਼ਿਲਮ ਦੇ ਨਿਰਮਾਤਾ-ਨਿਰਦੇਸ਼ਕ ਦਾ, ਪਰ ਦਰਸ਼ਕਾਂ ਨੇ ਸਾਰੇ ਦਾਅਵੇ ਫੇਲ ਕਰ ਦਿੱਤੇ। ਵਿਜੇ ਸਿਕੰਦਰ ਦੁਆਰਾ ਨਿਰਮਤ ਅਤੇ ਅਜੇ ਸਿੰਘ ਦੁਆਰਾ ਨਿਰਦੇਸ਼ਿਤ ਇਸ ਫ਼ਿਲਮ ਵਿਚ ਪ੍ਰਸਿੱਧ ਟੀ. ਵੀ. ਅਦਾਕਾਰ ਪ੍ਰਿੰਸ ਸਿੰਘ ਨੇ ਲੀਡ ਰੋਲ ਕੀਤਾ ਅਤੇ ਨਾਇਕਾ ਵਜੋਂ ਮਾਹੀ ਸ਼ਰਮਾ ਨੇ ਪਾਲੀਵੁੱਡ ਵਿਚ ਡੈਬਿਊ ਕੀਤਾ। ਫ਼ਿਲਮ ਦੇ ਬਾਕੀ ਕਲਾਕਾਰਾਂ ਵਿਚ 2007 ਵਿਚ ਮਿਸਟਰ ਇੰਡੀਆ (ਬਾਡੀ ਬਿਲਡਿੰਗ) ਰਹਿ ਚੁੱਕੇ ਸਤਨਾਮ ਜੇਈ (ਵਿਲੇਨ ਦੇ ਰੋਲ ਵਿਚ), ਅਨੀਕੇਤ, ਮਿਸ ਮਹਿਕ, ਗੁਰਜੀਤ ਢਿੱਲੋਂ, ਸੁਖਬੀਰ ਸਿੰਘ, ਦੀਦਾਰ ਗਿੱਲ, ਚਾਚਾ ਬਿਸ਼ਨਾ ਅਤੇ ਸ਼ਮਸ਼ੇਰ ਸਿੰਘ ਪ੍ਰਮੁੱਖ ਭੂਮਿਕਾਵਾਂ ਵਿਚ ਨਜ਼ਰ ਆਏ।

ਫ਼ਿਲਮ "ਯਾਰਾਂ ਦੇ ਯਾਰ" ਦੇ ਟਾਈਟਲ ਗੀਤ ਦਾ ਮਿਊਜ਼ਿਕ ਪ੍ਰਸਿੱਧ ਸੰਗੀਤਕਾਰ ਗੁਰਮੀਤ ਸਿੰਘ ਨੇ ਦਿੱਤਾ, ਜਿਸ ਨੂੰ ਅੰਤਰਰਾਸ਼ਟਰੀ ਗਾਇਕ ਲਹਿੰਬਰ ਹੁਸੈਨਪੁਰੀ ਨੇ ਗਾਇਆ ਅਤੇ ਗੀਤ ਦੇ ਬੋਲ ਦਲਜੀਤ ਸਿੰਘ ਅਰੋੜਾ ਨੇ ਲਿਖੇ। ਫ਼ਿਲਮ ਦੇ ਬਾਕੀ ਗੀਤਾਂ ਨੂੰ ਸੰਗੀਤ ਨਾਲ ਸਵਾਰਿਆ ਗੌਤਮ ਨੇ ਅਤੇ ਅਵਾਜ਼ਾਂ ਦਿੱਤੀਆਂ ਪ੍ਰਸਿੱਧ ਬਾਲੀਵੁੱਡ/ਪਾਲੀਵੁੱਡ ਗਾਇਕ ਕਮਲ ਖ਼ਾਨ, ਮਾਨਵ ਸਿੰਘ, ਪ੍ਰਭਜੋਤ ਕੌਰ ਨੇ ਤੇ ਗੀਤਾਂ ਨੂੰ ਲਿਖਿਆ ਅਨੀਸ਼ ਨੇ। ਕਹਾਣੀ-ਸਕ੍ਰੀਨ ਪਲੇਅ ਅਤੇ ਨਿਰਦੇਸ਼ਨ ਪੱਖੋਂ ਕਮਜ਼ੋਰ ਇਹ ਫ਼ਿਲਮ ਟਿਕਟ ਖਿੜਕੀ 'ਤੇ ਦਰਸ਼ਕਾਂ ਤੋਂ ਵਾਂਝੀ ਰਹੀ।

## 31. ਡੰਗਰ ਡਾਕਟਰ (20 ਅਕਤੂਬਰ)

ਪੰਜਾਬੀ ਫ਼ਿਲਮ 'ਡੰਗਰ ਡਾਕਟਰ ਜੈਲੀ' ਦੇ ਨਿਰਦੇਸ਼ਕ ਅਥਰਵ ਬਲੂਜਾ ਦੀ ਇਸ ਫ਼ਿਲਮ ਦੇ ਨਿਰਮਾਤਾ ਵਿਵੇਕ ਓਹਰੀ ਤੇ ਅਨਿਲ ਅਰੋੜਾ ਸਨ। 'ਓਹਰੀ ਪ੍ਰੋਡਕਸ਼ਨ 'ਤੇ 'ਸ਼ਿਵਓਮ ਮੀਡੀਆ' ਵੱਲੋਂ ਬਣਾਈ




ਇਸ ਫ਼ਿਲਮ ਵਿਚ ਮੁੱਖ ਭੂਮਿਕਾ ਗਾਇਕ ਤੇ ਅਦਾਕਾਰ ਰਵਿੰਦਰ ਗਰੇਵਾਲ ਨੇ ਨਿਭਾਈ। ਹੀਰੋਇਨ ਸਾਰਾ ਗੁਰਪਾਲ, ਗੀਤ ਗੰਭੀਰ, ਬੀ. ਐਨ. ਸ਼ਰਮਾ, ਕਰਮਜੀਤ ਅਨਮੋਲ, ਸਰਦਾਰ ਸੋਹੀ, ਹੋਬੀ ਧਾਲੀਵਾਲ, ਰਾਜੀਵ ਠਾਕੁਰ, ਨਿਸ਼ਾ ਬਾਨੋ, ਗੁਰਮੀਤ ਸਾਜਨ, ਸੰਤੋਸ਼ ਮਲਹੋਤਰਾ, ਮਿੰਟੋ, ਗੁਰਪ੍ਰੀਤ ਤੋਤੀ ਆਦਿ ਨੇ ਵੀ ਅਹਿਮ ਭੂਮਿਕਾਵਾਂ ਨਿਭਾਈਆਂ। ਫ਼ਿਲਮ ਦੀ ਕਹਾਣੀ ਅਥਰਵ ਬਲੂਜਾ ਨੇ ਖ਼ੁਦ ਲਿਖੀ। ਪਟਕਥਾ ਅਥਰਵ ਬਲੂਜਾ, ਸਿਕੰਦਰ ਤੇ ਚੰਦਨ ਪ੍ਰਭਾਕਰ ਨੇ ਲਿਖੀ, ਜਦਕਿ ਸੰਵਾਦ ਜਤਿੰਦਰ ਲਾਲ ਨੇ ਲਿਖੇ।

ਫ਼ਿਲਮ ਵਿਚ ਡਰਾਮੈਟਿਕ ਕਮੇਡੀ, ਪਿਆਰ, ਜਜ਼ਬਾਤ, ਜ਼ਿੰਦਗੀ ਦੀ ਅਹਿਮੀਅਤ ਤੇ ਪਿੰਡਾਂ ਦੇ ਪਰਿਵਾਰਾਂ ਦੀ ਆਪਸੀ ਝੜਪ, ਸ਼ਹਿਰਾਂ ਦਾ ਪਿੰਡਾਂ ਵਾਲਿਆਂ ਪ੍ਰਤੀ ਵਤੀਰਾ ਇਹ ਸਭ ਫ਼ਿਲਮ ਦਾ ਦਿਲਚਸਪ ਪਹਿਲੂ ਸੀ। ਫ਼ਿਲਮ ਦੇ ਗੀਤ ਨਵੀ ਕੰਬੋਜ, ਕੁਲਵੀਰ ਸ਼ੌਕੀ, ਪ੍ਰੀਤ ਜੱਜ, ਪਵਨ ਮਾਨ ਖੇਤੀਆ, ਅਭਿਨਵ ਲਾਹੌਰੀਆ ਆਦਿ ਗੀਤਕਾਰਾਂ ਨੇ ਲਿਖੇ, ਜਿਨ੍ਹਾਂ ਨੂੰ ਸੰਗੀਤ ਜੱਸੀ ਕਟਿਆਲ, ਜੈਦੇਵ ਕੁਮਾਰ, ਡੀ. ਜੇ. ਫਲੋਅ ਤੇ ਗੋਲਡ ਬੁਆਏ ਨੇ ਦਿੱਤਾ ਅਤੇ ਅਵਾਜ਼ ਰਵਿੰਦਰ ਗਰੇਵਾਲ ਤੇ ਹੋਰ ਨਾਮੀ ਗਾਇਕਾਂ ਨੇ ਦਿੱਤੀ। ਇਹ ਇਕ ਪਰਿਵਾਰਿਕ ਫ਼ਿਲਮ ਸੀ ਪਰ 'ਡੰਗਰ ਡਾਕਟਰ' ਕੋਲੋਂ ਦਰਸ਼ਕਾਂ ਦੀ ਨਬਜ਼ ਸ਼ਾਇਦ ਨਾ ਫੜ ਹੋਈ, ਨਾ ਮਰੀਜ਼ ਆਏ ਅਤੇ ਨਾ ਨਿਰਮਾਤਾ ਦਾ ਘਰ ਭਰਿਆ।

## 32. ਭਲਵਾਨ ਸਿੰਘ (27 ਅਕਤੂਬਰ)




ਫ਼ਿਲਮ 'ਭਲਵਾਨ ਸਿੰਘ' ਨੂੰ ਵੇਖ ਕਿਤੇ-ਕਿਤੇ ਇਹ ਵੀ ਮਹਿਸੂਸ ਹੋਇਆ ਕਿ ਜਿਹੜੇ ਨਿਰਮਾਤਾਵਾਂ ਜਾਂ ਪ੍ਰੋਡਕਸ਼ਨ ਹਾਊਸ ਦੀਆਂ ਦੋ-ਤਿੰਨ ਫ਼ਿਲਮਾਂ ਹਿੱਟ ਹੋ ਜਾਂਦੀਆਂ ਨੇ, ਉਹ ਲੋੜ ਤੋਂ ਵੱਧ ਓਵਰ ਕੋਨਫੀਡੈਂਟ ਹੋ ਜਾਂਦੇ ਹਨ ਅਤੇ ਉਸੇ ਦਾ ਹੀ ਨਤੀਜਾ ਹੈ ਇਹ ਕਮਜ਼ੋਰ ਨਿਰਦੇਸ਼ਨ ਅਤੇ ਊਟ-ਪਟਾਂਗ ਕਹਾਣੀ ਵਾਲੀ ਫ਼ਿਲਮ 'ਭਲਵਾਨ ਸਿੰਘ'। ਸ਼ਾਇਦ ਫ਼ਿਲਮ ਦੀਆਂ ਗਲਤੀਆਂ ਗਿਣਾਉਣ ਦੀ ਲੋੜ ਨਹੀਂ, ਇਸ ਦਾ ਅੰਦਾਜ਼ਾ ਤਾਂ ਫ਼ਿਲਮ ਟੀਮ ਨੂੰ ਹੋ ਚੁੱਕਿਆ ਹੈ। ਖ਼ੈਰ ਫ਼ਿਲਮ ਦੇ ਸਾਰੇ ਕਲਾਕਾਰਾਂ ਰਣਜੀਤ ਬਾਵਾ, ਨਵਪ੍ਰੀਤ ਬੰਗਾ, ਮਾਨਵ ਵਿਜ, ਰਾਣਾ ਜੰਗ ਬਹਾਦੁਰ ਅਤੇ ਮਹਾਬੀਰ ਭੁੱਲਰ ਆਦਿ ਨੇ ਆਪਣੇ ਰੋਲ ਬਾਖ਼ੂਬੀ ਨਿਭਾਏ। ਬੀਰ ਸਿੰਘ ਦੇ ਲਿਖੇ ਗੀਤਾਂ ਨੂੰ ਗੁਰਮੋਹ ਵੱਲੋਂ ਦਿੱਤਾ ਗਿਆ ਫ਼ਿਲਮ ਦਾ ਸੰਗੀਤ ਵੀ ਠੀਕ-ਠਾਕ ਹੀ ਸੀ।

ਨਿਰਮਾਤਾ ਜਸਪਾਲ ਸਿੰਘ ਸੰਧੂ, ਕਾਰਜ ਸਿੰਘ ਅਤੇ ਅਮੀਕ ਵਿਰਕ ਦੀ ਬਣਾਈ ਤੇ ਨਿਰਦੇਸ਼ਕ ਪਰਮਸ਼ਿਵ ਦੀ ਇਸ ਫ਼ਿਲਮ ਦੇ ਪੀਰੀਅਡ ਦੀ ਗੱਲ ਕਰੀਏ ਤਾਂ ਸ਼ਾਇਦ ਹੀ ਕਿਸੇ ਨੇ ਹਿੰਦੁਸਤਾਨ ਦੀ ਗੁਲਾਮੀ ਵੇਲੇ ਕਿਸੇ ਅਜਿਹੇ 'ਭਲਵਾਨ ਸਿੰਘ' ਦਾ ਕੋਈ ਕਿੱਸਾ ਸੁਣਿਆ ਹੋਵੇ, ਜਿਸ ਨੇ ਉਸ ਸਮੇਂ ਦੇ ਅੰਗਰੇਜ਼ਾਂ ਵੱਲੋਂ ਜ਼ਾਲਿਮਾਨਾ ਹਕੂਮਤ ਦੇ ਦੌਰ ਵਿਚ ਹਾਸੋਹੀਣੀਆਂ ਗੱਲਾਂ ਨਾਲ ਅੰਗਰੇਜ਼ ਹਕੂਮਤ ਨੂੰ ਕਿਸੇ ਤਰ੍ਹਾਂ ਦੀ ਕੋਈ ਢਾਹ ਲਾਈ ਹੋਵੇ। ਆਖਰ ਫ਼ਿਲਮ ਨੂੰ ਹੀ ਢਾਹ ਲੱਗ ਗਈ!


with best compliments from:

JANG BAHADUR SINGH

HARPREET NIWAS A GUEST HOUSE


CHOWK PRAGDAS AMRITSAR # 97817-37733

(Ac & Non-Ac Rooms Available)






## 33. ਸਰਦਾਰ ਮੁਹੰਮਦ (3 ਨਵੰਬਰ)




ਫ਼ਿਲਮ 'ਸਰਦਾਰ ਮੁਹੰਮਦ' ਬੜੀ ਮਿਹਨਤ ਅਤੇ ਸੂਝ-ਬੂਝ ਨਾਲ ਬਣਾਈ ਗਈ ਮਜਬੂਤ ਪਕੜ ਵਾਲੀ ਪਰਿਵਾਰ ਨਾਲ ਦੇਖਣ ਯੋਗ ਫ਼ਿਲਮ ਸੀ, ਜਿਸ ਨੂੰ ਨਿਰਦੇਸ਼ਕ ਹੈਰੀ ਭੱਟੀ, ਨਿਰਮਾਤਾ ਮਨਪ੍ਰੀਤ ਜੋਹਲ, 'ਵਿਹਲੀ ਜਨਤਾ' ਨੇ ਬਣਾਇਆ। ਫ਼ਿਲਮ ਦੀ ਕਹਾਣੀ, ਸਕ੍ਰੀਨ ਪਲੇਅ ਤੇ ਸੰਵਾਦ ਹੀਰੋ/ਗਾਇਕ ਤਰਸੇਮ ਜੱਸੜ ਨੇ ਖ਼ੁਦ ਹੀ ਲਿਖੇ, ਭਾਵੇਂ ਕਿ ਇਹ ਅਸਲੀਅਤ 'ਤੇ ਅਧਾਰਿਤ ਫ਼ਿਲਮ ਸੀ, ਜਿਸ ਦਾ ਕਿ ਫ਼ਿਲਮ ਦੇ ਆਖਰ ਵਿਚ ਖੁਲਾਸਾ ਵੀ ਕੀਤਾ ਗਿਆ ਹੈ, ਪਰ ਇਸ ਨੂੰ ਮਜਬੂਤ ਪਕੜ ਵਾਲੀ ਫ਼ਿਲਮੀ ਕਹਾਣੀ ਦਾ ਰੂਪ ਦੇਣਾ ਵੀ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੁੰਦੀ ਪਰ ਤਰਸੇਮ ਜੱਸੜ ਨੇ ਵਧੀਆ ਗਾਇਕੀ, ਸੁਭਾਵਕ, ਕੁਦਰਤਨ ਐਕਟਿੰਗ ਦੇ ਨਾਲ-ਨਾਲ ਇਹ ਕੰਮ ਵੀ ਬਾਖ਼ੂਬੀ ਸਿਰੇ ਚੜਾਇਆ। ਫ਼ਿਲਮ ਦੀ ਕਹਾਣੀ, ਸਕ੍ਰੀਨ ਪਲੇਅ ਨੂੰ ਦ੍ਰਿਸ਼ਾਂ ਦਾ ਰੂਪ ਦੇ ਕੇ ਉਨ੍ਹਾਂ ਨਾਲ ਨਿਆਂ ਕਰਦੇ ਹੋਏ ਪਰਦੇ 'ਤੇ ਉਤਾਰਨਾ ਤੇ ਫ਼ਿਲਮ ਸੰਵਾਦਾਂ ਨੂੰ ਅਦਾਕਾਰਾਂ ਕੋਲੋਂ ਪ੍ਰਭਾਵਸ਼ਾਲੀ ਤਰੀਕੇ ਨਾਲ ਬੁਲਵਾ ਕੇ ਦਰਸ਼ਕਾਂ ਨੂੰ ਤਾੜੀਆਂ ਮਾਰਨ ਲਈ ਮਜਬੂਰ ਕਰਨਾ ਕਿਸੇ ਸੁਲਝੇ ਹੋਏ ਨਿਰਦੇਸ਼ਕ ਦਾ ਹੀ ਕੰਮ ਹੋ ਸਕਦਾ ਹੈ, ਜੋ ਕਿ ਹੈਰੀ ਭੱਟੀ ਨੇ ਬਾਕਮਾਲ ਕਰ ਵਿਖਾਇਆ।

ਕਿਸੇ ਵੀ ਫ਼ਿਲਮ ਦਾ ਸੰਗੀਤ ਫ਼ਿਲਮ ਦੀ ਰੀੜ ਦੀ ਹੱਡੀ ਹੁੰਦਾ ਹੈ ਅਤੇ ਉਸ ਦਾ ਬੈਕਗਰਾਊਂਡ ਮਿਊਜ਼ਿਕ ਉਸ ਦੇ ਮਣਕੇ ਅਤੇ ਇਸ ਗੱਲ 'ਤੇ ਸੰਗੀਤ ਪੱਖੋਂ ਖ਼ਰੇ ਉਤਰਨ ਦੀ ਵਾਹ ਲਗਾਈ ਸੰਗੀਤਕਾਰ ਆਰ. ਗੁਰੂ ਨੇ, ਜਦ ਕਿ ਫ਼ਿਲਮ 'ਰੱਬ ਦਾ ਰੇਡੀਓ' 'ਚ ਪਿੱਠਵਰਤੀ ਸੰਗੀਤ ਦੇਣ ਵਾਲੇ ਪ੍ਰਸਿੱਧ ਸੰਗੀਤਕਾਰ ਜੈਦੇਵ ਕੁਮਾਰ ਨੇ ਇਕ ਵਾਰ ਫੇਰ ਸਾਬਤ ਕਰ ਦਿੱਤਾ ਕਿ ਬੈਕਗਰਾਊਂਡ ਸਕੋਰ ਦੀ ਵੀ ਆਪਣੀ ਹੀ ਮਹੱਤਤਾ ਹੁੰਦੀ ਹੈ। ਗਾਇਕ ਕੁਲਬੀਰ ਝਿੰਜਰ, ਨਰਿੰਦਰ ਬਾਠ ਅਤੇ ਤਰਸੇਮ ਜੱਸੜ ਨੇ ਫ਼ਿਲਮ ਦੇ ਗੀਤ ਗਾਏ, ਕੁਲਬੀਰ ਝਿੰਜਰ ਦਾ ਸੰਗੀਤ ਨੂੰ ਸੁਰੀਲਾ ਅਤੇ ਮਿਠਾਸ ਭਰਪੂਰ ਬਣਾਉਣ ਲਈ ਭਰਪੂਰ ਯੋਗਦਾਨ ਰਿਹਾ।

ਫ਼ਿਲਮ ਦੀ ਕਾਸਟਿੰਗ ਵੀ ਪੀਰੀਅਡ ਫ਼ਿਲਮ ਮੁਤਾਬਕ ਬਿਲਕੁੱਲ ਫਿੱਟ ਸੀ। ਜੇ ਨਵਿਆਂ 'ਚੋਂ ਗੱਲ ਕਰੀਏ ਤਾਂ ਐਕਟਿੰਗ ਦੇ ਮਾਮਲੇ 'ਚ ਰਾਹੁਲ ਜੁਗਰਾਲ ਬਾਜੀ ਮਾਰ ਗਿਆ। ਨੀਟਾ ਮਹਿੰਦਰਾ ਦੀ ਨਿਪੁੰਨ ਅਦਾਕਾਰੀ ਤੇ ਬਾਕੀ ਐਵਰਗਰੀਨ ਐਕਟਰ ਸਰਦਾਰ ਸੋਹੀ, ਅਦਾਕਾਰਾ ਜਤਿੰਦਰ ਕੌਰ, ਕਰਮਜੀਤ ਅਨਮੋਲ, ਰਾਣਾ ਜੰਗ ਬਹਾਦੁਰ ਤਾਂ ਵਿਸ਼ੇਸ਼ ਆਕਰਸ਼ਨ ਹਨ ਹੀ, ਇਨ੍ਹਾਂ ਤੋਂ ਇਲਾਵਾ ਨੀਟੂ ਪੰਧੇਰ, ਹਰਸ਼ਜੋਤ ਕੌਰ, ਮਨਜੀਤ ਸਿੰਘ, ਅਮਨਦੀਪ ਕੌਰ ਅਤੇ ਹੋਰ ਸਾਥੀ ਕਲਾਕਾਰਾਂ ਨੇ ਆਪਣੇ-ਆਪਣੇ ਰੋਲ ਪੂਰੀ ਤਨਦੇਹੀ ਨਾਲ ਨਿਭਾਏ।

ਨਿਰਮਾਤਾ ਨੂੰ ਇਸ ਵਾਰ "ਰੱਬ ਦਾ ਰਡੀਓ" ਵਾਂਗ ਫਾਇਦਾ ਨਹੀਂ ਹੋ ਸਕਿਆ। ਸਭ ਕੁਝ ਠੀਕ ਹੋਣ ਦੇ ਬਾਵਜੂਦ ਇਸ ਫ਼ਿਲਮ ਨੂੰ ਦਰਸ਼ਕਾਂ ਦਾ ਭਰਵਾਂ ਹੁੰਗਾਰਾ ਨਾ ਮਿਲ ਸਕਣ ਦਾ ਕਾਰਨ ਇਹ ਲੱਗਦਾ ਹੈ ਕਿ ਲੋਕ ਸ਼ਾਇਦ ਜ਼ਿਆਦਾ ਸੀਰੀਅਸ ਫ਼ਿਲਮਾਂ ਨਹੀਂ ਦੇਖਣਾ ਚਾਹੁੰਦੇ, ਉਨ੍ਹਾਂ ਨੂੰ ਕਿਤੇ ਨਾ ਕਿਤੇ ਹਰ ਫ਼ਿਲਮ ਵਿਚ ਥੋੜ੍ਹਾ ਬਹੁਤ ਮਨੋਰੰਜਨ ਵੀ ਚਾਹੀਦਾ ਹੁੰਦਾ ਹੈ, ਜਿਸ ਦੀ ਕਿ ਇਸ ਫ਼ਿਲਮ ਵਿਚ ਕਮੀ ਮਹਿਸੂਸ ਕੀਤੀ ਗਈ। ਖ਼ੈਰ ਅੱਗੋਂ ਲਈ ਨਿਰਮਾਤਾ-ਨਿਰਦੇਸ਼ਕ ਆਮ ਲੋਕਾਂ ਦੇ ਜਜ਼ਬਾਤਾਂ ਦਾ ਖਿਆਲ ਰੱਖਣਗੇ ਅਤੇ ਆਪਣੇ ਮੁਨਾਫੇ ਦਾ ਵੀ!

## 34. ਸਤਿ ਸ੍ਰੀ ਅਕਾਲ ਇੰਗਲੈਂਡ (8 ਦਸੰਬਰ)




'ਕੌਆਸਮੀਡੀਆ' ਅਤੇ 'ਸਿਜ਼ਲਿਨ ਪ੍ਰੋਡਕਸ਼ਨ' ਦੇ ਬੈਨਰ ਹੇਠ ਫ਼ਿਲਮ "ਸਤਿ ਸ੍ਰੀ ਅਕਾਲ ਇੰਗਲੈਂਡ" ਦੇ ਨਿਰਮਾਤਾ ਸ਼ਗੁਨ ਵਾਘ ਅਤੇ ਉਨ੍ਹਾਂ ਦੀ ਪਤਨੀ ਐਗਜ਼ੈਕਟਿਵ ਪ੍ਰੋਡਿਊਸਰ ਸ਼੍ਰੀਦੇਵੀ ਸ਼ੈਟੀ ਨੇ ਪੰਜਾਬੀ ਸਿਨੇਮਾ 'ਚ ਕਦਮ ਰੱਖਦਿਆਂ ਹੀ ਇਕ ਪਰਿਵਾਰਕ ਅਤੇ ਵੇਖਣਯੋਗ ਫ਼ਿਲਮ ਪੰਜਾਬੀ ਸਿਨੇ ਦਰਸ਼ਕਾਂ ਦੀ ਝੋਲੀ ਪਾਈ।

ਸਹਿ ਨਿਰਮਾਤਾ ਨਿੱਕ ਬਹਿਲ ਦੇ ਸਹਿਯੋਗ ਨਾਲ ਬਣੀ ਇਸ ਫ਼ਿਲਮ ਨੂੰ ਵਿਕਰਮ ਪ੍ਰਧਾਨ ਨੇ ਡਾਇਰੈਕਟ ਕਰ ਕੇ ਇਕ ਵਧੀਆ ਨਿਰਦੇਸ਼ਕ ਹੋਣ ਦਾ ਸਬੂਤ ਦਿੱਤਾ। ਨਿਰਦੇਸ਼ਕ ਵੱਲੋਂ ਹੀ ਲਿਖੀ ਕਹਾਣੀ ਦਾ ਸਕ੍ਰੀਨ ਪਲੇਅ ਜਤਿੰਦਰ ਲਾਲ ਅਤੇ ਵਿਕਰਮ ਪ੍ਰਧਾਨ ਨੇ ਤਿਆਰ ਕੀਤਾ, ਜਦ ਕਿ ਸੰਵਾਦ ਜਤਿੰਦਰ ਲਾਲ ਨੇ ਰਚੇ।

ਐਮੀ ਵਿਰਕ ਅਤੇ ਮੋਨਿਕਾ ਗਿੱਲ ਦੀ ਜੋੜੀ ਤੋਂ ਇਲਾਵਾ ਕਰਮਜੀਤ ਅਨਮੋਲ ਸਮੇਤ ਸਾਰੇ ਕਲਾਕਾਰਾਂ ਨੇ ਅਹਿਮ ਕਿਰਦਾਰਾਂ ਵਿਚ ਆਪਣਾ ਰੋਲ ਬਾਖ਼ੂਬੀ ਨਿਭਾਇਆ।

'ਓਮ ਜੀ ਗਰੁੱਪ' ਵੱਲੋਂ ਮੁਨੀਸ਼ ਸਾਹਨੀ ਦੀ ਨਿਗਰਾਨੀ ਹੇਠ ਰਿਲੀਜ਼ ਹੋਈ ਇਸ ਫ਼ਿਲਮ ਦੀ ਕਹਾਣੀ ਵਿਚ ਕਮੇਡੀ, ਰੋਮਾਂਸ, ਇਮੋਸ਼ਨਸ, ਦਿਲਚਸਪ ਸੰਵਾਦਾਂ ਅਤੇ ਪ੍ਰਸਿੱਧ ਸੰਗੀਤਕਾਰ ਜਤਿੰਦਰ ਸ਼ਾਹ ਵੱਲੋਂ ਦਿੱਤੇ ਵਧੀਆ ਸੰਗੀਤ ਜਿਹੀਆਂ ਖ਼ੂਬੀਆਂ ਨੇ ਇਸ ਨੂੰ ਖ਼ੂਬਸੂਰਤ ਤੇ ਪਰਿਵਾਰਿਕ ਫ਼ਿਲਮ ਬਣਾਉਣ ਲਈ ਬਰਾਬਰ ਦਾ ਯੋਗਦਾਨ ਪਾਇਆ।

ਨਿਰਮਾਤਾ ਨੇ ਸੈਂਸਰ ਦੇ ਅੜਿੱਕੇ ਕਰਕੇ ਨੁਕਸਾਨ ਝੱਲਿਆ, ਕਿਉਂਕਿ ਬਾਲੀਵੁੱਡ ਦੀ "ਪਦਮਾਵਤੀ" ਦੇ ਚੱਕਰ 'ਚ ਇਹ ਵੀ ਫ਼ਿਲਮ ਵੀ ਸਮੇਂ ਸਿਰ ਰਿਲੀਜ਼ ਨਹੀਂ ਹੋ ਸਕੀ ਅਤੇ ਫ਼ਿਲਮ ਲਈ ਨਿਰਮਾਤਾ ਦੀ ਪਹਿਲਾਂ ਕੀਤੀ ਪਬਲੀਸਿਟੀ ਵੀ ਬੇਕਾਰ ਗਈ, ਉੱਤੋਂ ਫ਼ਿਲਮ ਵੀ ਨਹੀਂ ਚੱਲੀ। ਕਈਆਂ ਨੇ ਤਾਂ ਇਹ ਫ਼ਿਲਮ ਲੱਗ ਕੇ ਉਤਰ ਗਈ ਸਮਝ ਲਈ!

## 35. ਹਾਰਡ ਕੌਰ (15 ਦਸੰਬਰ)




15 ਦਸੰਬਰ ਨੂੰ 'ਦਿੱਲੀਵੁੱਡ ਸਟੂਡੀਓਜ਼' ਦੇ ਬੈਨਰ ਹੇਠ ਰਿਲੀਜ਼ ਹੋਈ ਨਿਰਦੇਸ਼ਕ-ਲੇਖਕ ਅਜੀਤ ਆਰ ਰਾਜਪਾਲ ਦੀ ਇਸ ਫ਼ਿਲਮ ਵਿਚ 'ਹਾਰਡ ਕੌਰ' ਟਾਈਟਲ ਵਰਤ ਕੇ ਸਿੱਖ ਔਰਤਾਂ ਦੇ ਜਜ਼ਬਾਤਾਂ ਨੂੰ ਜੋਸ਼ੀਲੇ ਸੰਵਾਦਾਂ ਨਾਲ ਕੈਸ਼ ਕਰਨ ਲਈ ਦਿਖਾਏ ਗਏ ਟ੍ਰੇਲਰ ਵਾਲੇ ਦ੍ਰਿਸ਼ਾਂ ਜਿੰਨੀ ਪ੍ਰਭਾਵਸ਼ਾਲੀ ਨਹੀਂ ਨਿਕਲੀ ਫ਼ਿਲਮ ਦੀ ਕਹਾਣੀ ਅਤੇ ਨਾ ਹੀ ਫ਼ਿਲਮ ਦਾ ਟਾਈਟਲ ਇਸ ਦੇ ਅਨੁਕੂਲ ਨਿਕਲਿਆ।

'ਹਾਰਡ ਕੌਰ' ਫ਼ਿਲਮ ਦੀ ਕਹਾਣੀ ਦਾ ਬਹੁਤਾ ਹਿੱਸਾ ਹਾਰਡਕੋਅਰ ਕ੍ਰਿਮਨਲ ਬੰਦੇ ਦੇ ਰੂਪ ਵਿਚ ਕਿਰਦਾਰ ਨਿਭਾਉਣ ਵਾਲੇ ਵਧੀਆ ਅਦਾਕਾਰ ਚੇਤੰਨਿਆ (ਫ਼ਿਲਮ ਦਾ ਵਿਲੇਨ) ਨਾਲ ਜੁੜਿਆ ਹੋਇਆ ਜ਼ਿਆਦਾ ਉੱਭਰ ਕੇ ਸਾਹਮਣੇ ਆਇਆ, ਜਦ ਕਿ ਅਸੀਂ ਔਰਤਾਂ ਦੇ ਹਾਰਡ ਹੋਣ ਦੀ ਗੱਲ ਕਰਨੀ ਚਾਹੀ।

ਜੇ ਫ਼ਿਲਮ ਦੇ ਕਲਾਕਾਰਾਂ ਦੀ ਗੱਲ ਕਰੀਏ ਤਾਂ 1/2 ਕਲਾਕਾਰਾਂ ਨੂੰ ਛੱਡ ਕੇ ਬਾਕੀ ਦੇ ਐਕਟਰ ਜਿਵੇਂ ਕਿ ਨਿਰਮਲ ਰਿਸ਼ੀ, ਨੀਤ ਕੌਰ, ਦੇਨਾ ਉੱਪਲ, ਦ੍ਰਿਸ਼ਟੀ ਗਰੇਵਾਲ, ਸਵਾਤੀ ਬਖ਼ਸ਼ੀ, ਚੇਤੰਨਿਆ ਅਤੇ ਸ਼ਸ਼ੀਕਿਰਨ ਦੀ ਅਦਾਕਾਰੀ ਸ਼ਲਾਘਾਯੋਗ ਹੈ ਪਰ ਇਨ੍ਹਾਂ 'ਚੋਂ 1/2 ਕਲਾਕਾਰਾਂ ਦੀ ਸੰਵਾਦ ਸ਼ੈਲੀ ਪੂਰੀ ਤਰ੍ਹਾਂ ਪੰਜਾਬੀ ਵਾਲੀ ਨਾ ਹੋ ਕੇ ਓਪਰੀ-ਓਪਰੀ ਲੱਗੀ।

ਫ਼ਿਲਮ ਵਿਚ ਫੀਮੇਲ ਕਰੈਕਟਰ ਨੂੰ ਵਕੀਲ ਬਣਾ ਕੇ ਉਸ ਕੋਲੋਂ ਓਵਰ ਲਾਊਡ ਡਾਇਲਾਗ ਬੁਲਵਾ ਕੇ ਕਿਹੜਾ ਅਜਿਹਾ ਖਾਸ ਕੰਮ ਕਰਵਾਇਆ ਗਿਆ, ਜੋ ਨਾਰੀ ਜਾਤੀ ਦੀ ਹੌਸਲਾ ਅਫ਼ਜਾਈ ਕਰਦਾ ਹੋਵੇ, ਜਾਂ ਬਾਕੀ ਦੀਆਂ ਫੀਮੇਲ ਅਦਾਕਾਰਾਂ ਨੂੰ ਕਿਹੜਾ ਮਹਾਨ ਕੰਮ ਕਰਦਿਆਂ ਵਿਖਾਇਆ ਗਿਆ ਜੋ ਔਰਤਾਂ ਲਈ ਪ੍ਰੇਰਨਾਸ੍ਰੋਤ ਹੋਵੇ, ਕਿਉਂਕਿ ਨਿਰਮਲ ਰਿਸ਼ੀ ਨੂੰ ਤਾਂ ਸਿੰਘਣੀ ਵਜੋਂ ਆਪਣੀ ਬਹਾਦੁਰੀ ਵਿਖਾਉਣ ਦਾ ਮੌਕਾ ਦੇਣ ਤੋਂ ਪਹਿਲਾਂ ਹੀ ਮਾਰ ਮੁਕਾ ਦਿੱਤਾ, ਇਕ ਪਾਸੇ ਤੁਸੀਂ ਔਰਤ ਨੂੰ 'ਹਾਰਡ ਕੌਰ' ਜਿਹਾ ਸਿੰਬੋਲਿਕ ਨਾਂਅ ਦੇ ਰਹੇ ਹੋ ਦੂਜੇ ਪਾਸੇ ਇਕ ਵਕੀਲ ਦੇ ਕਿਰਦਾਰ ਵਾਲੀ ਹਾਰਡ ਦਿਖਾਈ ਗਈ ਕੁੜੀ, ਮੁਦਈ ਔਰਤ ਨੂੰ ਇਨਸਾਫ਼ ਨਾ ਮਿਲਦਾ ਵੇਖ ਕੇ ਕੋਈ ਹੋਰ ਠੋਸ ਗੱਲ ਕਰਨ ਦੀ ਬਜਾਏ ਵਾਰ-ਵਾਰ ਅਦਾਲਤ ਵਿਚ ਰੋਣ ਲੱਗ ਪੈਂਦੀ ਹੈ, ਇਹ ਤਾਂ ਹਾਰਡ ਕੌਰ ਨਈਂ ਸੋਫਟ ਕੌਰ ਹੋਈ!

ਵਧੀਆ ਐਕਟਰਾਂ ਅਤੇ ਵਧੀਆ ਪ੍ਰਚਾਰ ਨਾਲ ਰਿਲੀਜ਼ ਹੋਈ ਇਸ ਫ਼ਿਲਮ 'ਤੇ ਜਿੰਨੇ ਵੀ ਪੈਸੇ ਖਰਚੇ ਗਏ, ਇੰਨੇ ਵਿਚ ਹੀ ਇਹ ਫ਼ਿਲਮ ਨੂੰ ਇਸੇ ਕੰਟੈਂਟ ਸਮੇਤ ਚੰਗੀ ਤਰ੍ਹਾਂ ਸਵਾਰਿਆ ਜਾ ਸਕਦਾ ਸੀ, ਕਿਉਂਕਿ ਇਸ ਫ਼ਿਲਮ ਵਿਚਲੇ ਲੀਡ ਚਿਹਰੇ ਬਹੁਤੇ ਜਾਣੇ-ਪਛਾਣੇ ਨਾ ਹੋਣ ਕਾਰਨ ਮਾਊਥ ਪਬਲੀਸਿਟੀ ਨਾਲ ਹੀ ਫ਼ਿਲਮ ਚੱਲਣ ਦੀ ਆਸ ਸੀ। ਇਸ ਲਈ ਇਸ ਫ਼ਿਲਮ ਦੀ ਕਹਾਣੀ, ਪਟਕਥਾ, ਸੰਵਾਦ, ਨਿਰਦੇਸ਼ਨ ਅਤੇ ਓਵਰਆਲ ਮੇਕਿੰਗ ਲਈ ਬਹੁਤ ਸੂਝ-ਬੂਝ ਦੀ ਲੋੜ ਸੀ ਜੋ ਕਿ ਨਹੀਂ ਹੋ ਸਕਿਆ। ਇਹ ਫ਼ਿਲਮ ਵੀ ਨਿਰਮਾਤਾਵਾਂ ਦੀਆਂ ਆਸਾਂ 'ਤੇ ਪੂਰੀ ਨਹੀਂ ਉਤਰ ਪਾਈ। ਫ਼ਿਲਮ ਬਣਾ ਕੇ ਕਮਾਈ ਕਰਨੀ ਵੀ ਹਾਰਡ ਜੋਬ ਹੈ!



Jagdish Sachdeva (Natakkaar)



Vijay Sharma (Theatrist & Film Actor)

## 36. ਪਰਾਊਡ ਟੂ ਬੀ ਏ ਸਿੱਖ
(29 ਦਸੰਬਰ)




ਸਾਲ 2017 ਦੀ ਆਖਰੀ 35ਵੀਂ ਫਿਲਮ "ਪਰਾਊਡ ਟੂ ਬੀ ਏ ਸਿੱਖ" 'ਸ਼ਾਨ ਏ ਖਾਲਸਾ ਪ੍ਰੋਡਕਸ਼ਨ' ਦੇ ਬੈਨਰ ਹੇਠ ਰਿਲੀਜ਼ ਹੋਈ। ਨਿਰਮਾਤਾ ਅਤੇ ਕਹਾਣੀਕਾਰ ਡਾ: ਰੁਪਿੰਦਰ ਸਿੰਘ ਦੀ ਇਸ ਫ਼ਿਲਮ ਦੇ ਨਿਰਦੇਸ਼ਕ ਸਤਦੀਪ ਸਿੰਘ ਸਨ ਅਤੇ ਮੁੱਖ ਭੂਮਿਕਾ ਪ੍ਰਸਿੱਧ ਗੁਰਸਿੱਖ ਅਦਾਕਾਰ ਅੰਮ੍ਰਿਤਪਾਲ ਸਿੰਘ ਬਿੱਲਾ ਨੇ ਨਿਭਾਈ। ਬਾਕੀ ਕਲਾਕਾਰਾਂ ਵਿਚ ਅਤਵਿੰਦਰ ਸਿੰਘ, ਗੁਰਸਿਮਰਨ ਕੌਰ, ਸੰਨੀ ਗਿੱਲ, ਵਿਜੈ ਧਨੂਆ, ਸਿਫਤ ਸਿੱਧੂ, ਜਤਿਨ ਭਾਟੀਆ, ਤੇਗਬੀਰ ਸਿੰਘ, ਹਨੀ ਗਰੇਵਾਲ, ਹਿਨਾ ਭਾਟੀਆ, ਦੇਵਕਰਨ ਸਿੰਘ, ਗਗਨਦੀਪ ਕੌਰ ਦੇ ਨਾਮ ਜ਼ਿਕਰਯੋਗ ਹਨ। ਇਸ ਫ਼ਿਲਮ ਦਾ ਮਿਊਜ਼ਿਕ ਜਸਦੀਪ ਸਿੰਘ (ਯੂ. ਐਸ. ਏ), ਰੈਂਡੀ ਜੇ, ਅਤੇ ਮਿਸਟਰ ਗਰੂਵਸ ਨੇ ਬੜੀ ਮਿਹਨਤ ਨਾਲ ਨਿਵੇਕਲੇ ਅੰਦਾਜ਼ ਵਿਚ ਦਿੱਤਾ। ਗਾਇਕ ਕੰਬੀ ਰਾਜਪੁਰੀਆ, ਪ੍ਰਦੀਪ ਸਿੰਘ ਸਰ੍ਹਾਂ, ਜਸਦੀਪ ਸਿੰਘ, ਰੈਨੂੰ ਜਗੋਤਰਾ ਨੇ ਆਪਣੀਆਂ ਆਕਰਸ਼ਕ ਅਵਾਜ਼ਾਂ ਨਾਲ ਫ਼ਿਲਮ ਦੇ ਗੀਤ ਗਾਏ। ਇਸ ਟੀਮ ਵੱਲੋਂ ਬਣਾਈ ਗਈ ਪਹਿਲੀ ਫ਼ਿਲਮ ਨੇ ਤਾਂ ਵਧੀਆ ਬਿਜ਼ਨਸ ਕੀਤਾ ਸੀ ਪਰ ਇਸ ਵਾਰੀ ਫ਼ਿਲਮ 'ਪਰਾਊਡ ਟੂ ਬੀ ਏ ਸਿੱਖ-2' ਨੂੰ ਸ਼ਾਇਦ ਬਹੁਤ ਵੱਡਾ ਹੁੰਗਾਰਾ ਨਹੀਂ ਮਿਲ ਸਕਿਆ, ਪਹਿਲੇ ਦੋ-ਤਿੰਨ ਦਿਨ।

## 2009 ਤੋਂ 2017 ਤੱਕ ਰਿਲੀਜ਼ ਹੋਈਆਂ ਪੰਜਾਬੀ ਫ਼ਿਲਮਾਂ ਦਾ ਗ੍ਰਾਫ਼




ਇਹ ਸੀ ਸਾਲ 2017 ਵਿਚ ਰਿਲੀਜ਼ ਹੋਈਆਂ ਪੰਜਾਬੀ ਫ਼ਿਲਮਾਂ ਦਾ ਲੇਖਾ ਜੋਖਾ। ਬਾਕੀ ਇਸ ਵਾਰ ਵੀ ਪੰਜਾਬੀ ਸਿਨੇਮਾ ਦੇ ਘਾਟੇ ਵਿਚ ਰਹਿਣ ਦੇ ਉਹੀ ਪੁਰਾਣੇ ਮੁੱਖ ਕਾਰਨ ਹੀ ਸਾਹਮਣੇ ਆਏ, ਜਿਵੇਂ ਕੁਝ ਫ਼ਿਲਮਾਂ ਜਿਨ੍ਹਾਂ ਦੇ ਵਿਸ਼ੇ ਵਧੀਆ ਸਨ ਅਤੇ ਬਜਟ ਵੀ ਪਰ ਨਿਰਦੇਸ਼ਕ ਸੰਭਾਲ ਨਹੀਂ ਪਾਏ। ਕੁਝ ਫ਼ਿਲਮਾਂ ਵਧੀਆ ਬਣਨ ਦੇ ਬਾਵਜੂਦ ਅਣਜਾਨ ਸਟਾਰ ਕਾਸਟ ਕਰ ਕੇ ਨਾ ਚੱਲੀਆਂ, ਕਿਤੇ ਗ਼ੈਰ ਪੇਸ਼ਾਵਰ ਲੋਕਾਂ ਦਾ ਇੰਡਸਟਰੀ ਵਿਚ ਦਾਖਲ ਹੋਣਾ, ਕਿਤੇ ਵੱਡੀ ਕਮਜ਼ੋਰੀ ਕਿ ਪੰਜਾਬੀ ਫ਼ਿਲਮ ਲਈ ਸਬਜੈਕਟ ਅਤੇ ਵਧੀਆ ਲੇਖਕਾਂ ਦੀ ਸਹੀ ਚੋਣ ਨਾ ਹੋਣਾ, ਕਿਤੇ ਪੰਜਾਬੀ ਫ਼ਿਲਮਾਂ, ਪੰਜਾਬੀਆਂ ਦੇ ਕਲਚਰ ਅਤੇ ਪੰਜਾਬ ਦੇ ਮੌਜੂਦਾ ਹਲਾਤਾਂ ਨਾਲ ਮੇਲ ਨਾ ਖਾਂਦੀਆਂ ਹੋਣਾ, ਕੋਈ ਨਿਰੋਲ ਇਤਿਹਾਸਕ ਪੱਖ ਵਾਲੀ ਤੇ ਘੱਟ ਮਨੋਰੰਜਨ ਵਾਲੀ ਸੀ। ਕਿਤੇ ਪੰਜਾਬੀ ਫ਼ਿਲਮ ਦੇ ਅਜੀਬੋ-ਗ਼ਰੀਬ ਨਾਂਅ ਨੇ ਫ਼ਿਲਮ ਉਡਾਈ। ਫ਼ਿਲਮ ਸੰਗੀਤ ਪ੍ਰਤੀ ਲਾਪ੍ਰਵਾਹੀ, ਬਾਰ-ਬਾਰ ਇੱਕੋ ਜਿਹੇ ਵਿਸ਼ਿਆਂ 'ਤੇ ਫ਼ਿਲਮਾਂ, ਅਸਲ ਐਕਟਰਾਂ ਨੂੰ ਨਜ਼ਰ-ਅੰਦਾਜ਼ ਕਰਕੇ ਹਰ ਥਾਂ ਗਾਇਕਾਂ ਨੂੰ ਤਰਜੀਹ ਦੇਣਾ, ਇੱਕੋ ਹਫ਼ਤੇ ਦੋ-ਦੋ ਫ਼ਿਲਮਾਂ ਰਿਲੀਜ਼ ਹੋਣਾ ਅਤੇ ਗਾਇਕ/ਸਟਾਰ ਐਕਟਰਾਂ ਦੀ ਫ਼ਿਲਮ ਮੇਕਿੰਗ ਵਿਚ ਬੇਲੋੜੀ ਦਖਲ ਅੰਦਾਜ਼ੀ ਹੱਥੋਂ ਨਿਰਦੇਸ਼ਕਾਂ ਦੀ ਬੇਵੱਸੀ ਆਦਿ ਕਾਰਨਾਂ ਨੇ ਵੀ ਫ਼ਿਲਮਾਂ ਡੁਬੋਈਆਂ। ਇਸ ਤੋਂ ਇਲਾਵਾ ਕੁਝ ਆਰਟ ਫ਼ਿਲਮ ਜਾਂ ਪੈਰਲਰ ਸਿਨੇਮਾ ਟਾਈਪ ਫ਼ਿਲਮਾਂ ਵੀ ਸੀ, ਪਰ ਸਾਡਾ ਪੰਜਾਬੀ ਦਰਸ਼ਕ ਵਰਗ ਅਜੇ ਹਰ ਤਰ੍ਹਾਂ ਦੀ ਪੰਜਾਬੀ ਫ਼ਿਲਮ ਵੇਖਣ ਲਈ ਗੰਭੀਰ ਨਹੀਂ ਹੋਇਆ। ਇਕ ਗੱਲ ਹੋਰ ਕੇ ਫ਼ਿਲਮ ਹਿੰਦੀ ਹੋਵੇ ਜਾਂ ਪੰਜਾਬੀ, ਟਿਕਟ 'ਤੇ ਪੈਸੇ ਇੱਕੋ-ਜਿਹੇ ਲੱਗਦੇ ਹਨ, ਇਸ ਲਈ ਦਰਸ਼ਕਾਂ ਕੋਲ ਹੋਰ ਵੀ ਬਦਲ ਮੌਜੂਦ ਰਹਿੰਦੇ ਹਨ।

ਬਾਕੀ ਪੰਜਾਬ ਸਰਕਾਰ ਦਾ ਪੰਜਾਬੀ ਸਿਨੇਮਾ ਪ੍ਰਤੀ ਬੇਰੁਖ਼ੀ ਵਾਲਾ ਰਵੱਈਆ ਵੀ ਪੰਜਾਬੀ ਸਿਨੇਮਾ ਲਈ ਹਮੇਸ਼ਾ ਤੋਂ ਹੀ ਨੁਕਸਾਨ-ਦੇਹ ਰਿਹਾ, ਜਿਸ ਲਈ ਸਰਕਾਰ ਨੂੰ ਵੀ ਪੰਜਾਬੀ ਸਿਨੇਮਾ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਥੋੜ੍ਹੀ ਦਿਲਚਸਪੀ ਵਿਖਾਉਣ ਦੀ ਲੋੜ ਹੈ। ਲੱਖਾਂ ਪਰਿਵਾਰਾਂ ਨੂੰ ਰੋਜ਼ਗਾਰ ਦੇਣ ਦੇ ਨਾਲ-ਨਾਲ ਸਰਕਾਰੀ ਆਮਦਨ ਵਧਾ ਕੇ ਸਰਕਾਰ ਦੇ ਸਹਿਯੋਗੀ ਬਣੇ ਪੰਜਾਬੀ ਸਿਨੇਮਾ ਤੋਂ ਬੇਖ਼ਬਰ ਸਾਡੀ ਪੰਜਾਬ ਸਰਕਾਰ ਪੰਜਾਬੀ ਸਿਨੇਮਾ ਪ੍ਰਤੀ ਆਪਣਾ ਰੁਖ਼ ਜਿੰਨੀ ਛੇਤੀ ਬਦਲੇ ਬੇਹਤਰ ਹੈ, ਵਰਨਾ ਪਾਇਰੇਸੀ ਦੀ ਮਾਰ ਕਾਰਨ ਪੰਜਾਬ ਦਾ ਸੰਗੀਤ ਉਦਯੋਗ ਤਾਂ ਬਰਬਾਦ ਹੋ ਹੀ ਗਿਆ ਹੈ।


Happy New Year, Lohri & Republic Day
OHRI PRODUCTIONS
# 98728-42631
with best compliments from :
Vivek Ohri (Producer & Distributor)

ਪੰਜਾਬ ਦਾ ਪਹਿਲਾ ਰੰਗੀਨ ਫ਼ਿਲਮੀ ਰਸਾਲਾ

VOICE OF POLLYWOOD

# PUNJABI SCREEN

MONTHLY MAGAZINE

## ਅੱਜ ਹੀ ਮੈਂਬਰ ਬਣੋ !

### HOME DISTRIBUTION ALL INDIA & ABORAD

ਪੰਜਾਬੀ ਸਕਰੀਨ ਡਾਕ ਰਾਹੀਂ ਆਪਣੇ ਘਰ/ਦਫ਼ਤਰ ਮੰਗਵਾਉਣ ਲਈ ਹੇਠਾਂ ਦਿੱਤੇ ਕੂਪਨ ਨੂੰ ਭਰ ਕੇ ਮਨੀਆਰਡਰ ਜਾਂ ਬੈਂਕ ਡਰਾਫਟ 'ਪੰਜਾਬੀ ਸਕਰੀਨ' ਦੇ ਨਾਂਅ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ।

249-A, St. No. 2, Gopal Nagar, Majitha Road, Asr-143001 (Pb.) INDIA
(M): +91-98145-93858, 098673-99924

## ADVERTISEMENT TARIFF

**FROM 1ST JANUARY 2018**

| | |
|---|---|
| Title Page (T1) | Rs. 60,000/- |
| Title Page (T1) Bottom Strip 1.5"x8.5" Inch | Rs. 15,000/- |
| Title Inner (T2) | Rs. 25,000/- |
| Opening Page No.3 | Rs. 20,000/- |
| Center Spread Page No.26-27(Combined) | Rs. 35,000/- |
| Closing Page No.50 | Rs. 18,000/- |
| Title Back Inner (T3) | Rs. 20,000/- |
| Title Back Page (T4) | Rs. 40,000/- |
| Any Other Full Page | Rs. 15,000/- |
| Half Page | Rs. 8,000/- |

**ONLINE PROMOTION ON OUR WEBSITE & FB PAGES**
**Rs. 10,000/- for one Month**

DISCOUNT ON REGULAR ADVERTISEMENT

For Three Months - 5% For Six Months - 10% For One Year - 15%

FULL PAGE SIZE 8.5 X 11 (INCH) HALF PAGE SIZE 8.5 X 5.5 (INCH)

## ORDER COUPON

(Please give complete details)

Cut and mail this coupon alongwith your money order/DD/cheque to 'PUNJABI SCREEN' 249-A, St. 2, Gopal Nagar, Majitha Road, Amritsar-143001 M : 98145-93858, 98673-99924 I E-mail : punjabiscreen@yahoo.com

| FOREIGN RATES (SINGLE COPY WITH POST) | UK | USA/CANADA | EUROPE |
|---|---|---|---|
| | £ 5.00 | $ 8.00 | € 7.00 |

**RATE IN INDIA** ₹ 50/- Per Copy-Postage

| | TERM | No. of Issue | Price | You Save | You Pay |
|---|---|---|---|---|---|
| ☐ | 1 years | 12+1 | Rs. 600/- | Rs. 100/- | Rs. 500/- |
| ☐ | 2 years | 24 | Rs. 1200/- | Rs. 250/- | Rs. 950/- |
| ☐ | 3 years | 36 | Rs. 1800/- | Rs. 400/- | Rs.1400/- |

**Exclusive Gift on 3 Years Subscription**

**Life time Subscription Rs. 11000/- (Only in India)**

Cheque / DD no.________________ of Rs. ________________

(Payable to Punjabi Screen, Amritsar-143001 INDIA)

Dated____________ Bank________________________

**Filling up all fields is mandatory**

Terms & Conditions :

Please Fill this order form and mail it with your remittance to 'Punjabi Screen' 249-A, St. No. 2, Gopal Nagar, Majitha Road, Amritsar - 143 001 (Pb.) India. Punjabi Screen reserves the rights to cancel, modify, extend or discontinue the offer or any thereof, without giving any reasons or piror notice. Please allow 4-6 weeks delivery of your first copy of the magazine by post.

**For Detailed Terms and Conditions log on to www-punjabaiscreen.com**

**All disputes shall be subject to Amritsar Jurisdiction.**

Posting Charges Included

| Foreign Rates ਵਿਦੇਸ਼ਾਂ ਦੇ ਰੇਟ | Term 3 Year (36 Issue) | UK | USA/CANADA | EUROPE |
|---|---|---|---|---|
| | | £ 4 x 36 = 144 | $ 6 x 36 = 216 | € 5 x 36 = 180 |

**SPECIAL GIFT ON 3 YEARS SUBSCRIPTION**

ਨਾਮ
Name________________ ਪੁੱਤਰ/ਪੁੱਤਰੀ/ਪਤਨੀ
S/o, D/o, W/o ________________

ਟੈਲੀਫੋਨ ਨੰ. ਮਕਾਨ
Tel. No. Resi. :________________ ਮੋਬਾਇਲ
Mobile________________

ਫੈਕਸ
Fax :____________ ਈ-ਮੇਲ
E-mail________________

ਪੂਰਾ ਪਤਾ:
Complete Address:________________________________

Existing subscribers please specify customer ID________________
ਪਹਿਲੇ ਤੋਂ ਬਣੇ ਮੈਂਬਰ ਆਪਣਾ ਕਸਟਮਰ ਆਈ.ਡੀ. ਭਰੋ

I have read the terms and conditions and I would like to avail of this offer.
ਮੈਂ ਸਾਰੇ ਨਿਯਮ ਅਤੇ ਸ਼ਰਤਾਂ ਪੜ੍ਹ ਲਈਆਂ ਹਨ ਅਤੇ ਮੈਂ ਇਹ ਆਫਰ ਪ੍ਰਾਪਤ ਕਰਨਾ ਚਾਹੁੰਦਾ/ਚਾਹੁੰਦੀ ਹਾਂ।

Signature________________

**For outstation cheque Please pay Rs. 50/- extra**

## Other Ways to Subscribe

www.punjabiscreen.com punjabiscreen@yahoo.com
+91 98145-93858, +91 98673-99924

## OUR DISTRIBUTORS & RETAILERS

**Amritsar:** *Counter No. 7, I/s Bus Stand *Belli Ram & Sons, O/s Hall Gate *Sehgal & Co., Shop No. 1, O/s. Hall Gate *Narang Advt. & News Agency, Shop No. 2, O/s Hall Gate * Pooja News Agency, Shop No. 3, O/s. Hall Gate *Ashok News Agency, Shop No.4, O/s Hall Gate *Saurabh News Agency, Shop No. 5, O/s. Hall Gate *Bharat Agency, Cooper Road *Platform No. 1, Railway Station **Abohar:** *Prem News Agency, Ghanta Ghar Chowk, Railway Road *Aarti Book Centre, Rani Jhansi Market, Rlwy. Road **Bathinda:** *Vohra News Agency, Bus Stand **Barnala:** *Walia News Agency, I/s Bus Stand **Banga:** *Mohindra Book Depot, Main Road *Khalsa News Agency, Shop no. 6, Bus Stand **Chandigarh:** *Punjab Book Center, SCO 1126-27, Sec. 22-B *EBS Corner, 1180, Sec. 22-B *Rakesh News Agency, Bus Stand Book Shop, Sec.17. **Delhi:** *Central News Agency Pvt. Ltd. 110 Bangla Sahib Rd., ND **Dasuya:** *Santokh News Agency, Bus Stand **Dhuri:** *Girdhari Lal-Jagdish Pal, Bus Stand **Dhariwal:** *Kuldip Rai Gupta book Sailer, GT Road. **Dinanagar:** *Ram Lal Kapoor (newspaper seller) Bus Stand, **Ferozepur :** *Ashok Monga, I/s Bus Stand **Faridkot:** *Progressive Book Center, Mall Road **Gurdaspur:** *Dogra Advertising Agency, Near Bus Stand *Suresh News Agency, Shop No. 2, New Bus Stand **Hoshiarpur:** *Naresh Kumar, Madan Book Stall I/s Bus Stand *Ghuman News Agency, Railway Road **Jalandhar:** *Sethi Enterprises, 15 Shastri Market *Aggarwal News Agency, I/s Bus Stand * Northern Railway Book Stall, Platform No. 1, Platform No. 2 * Khurana Book Store, S. No. M-13, Opp. Chandigarh Counter, I/s Bus Stand **Kotkapura:** *Mr. Rinku Malhotra, News Paper Agent, Opp. Bus Stand *Sharma News Agency, Bus Stand *Malhotra Agency, Red Light Chowk **Kharar:** *Gagan News Agency, Opp. Bus Stand, G.T. Road **Ludhiana:** *Nayyar Book Shop, Shop No. 4, Main Bus Stand *Mahindra News Agency, 12, Court Road, Clock Tower **Moga:** *Giani Akhbaran Wala, Bus Stand **Mumbai:** *Magazine Stall, Adrash Nagar Signal, Jogeshwari West **Mukatsar:** *Bedi News Agency, Opp. Red Cross Bhawan, Kotkapoora Chowk * Bawa News Agency, Kotkapoora Chowk **Malout:** *Mahindra News Agency, Bus Stand *Gulshan News Agency, I/s. Bus Stand **Malerkotla:** *Narendra Book Stall, Opp. Bus Stand **Patiala:** N.K. News Agency, Shop No. 27, Bus Stand *J.K. Book Center, O/s Bus Stand, Madan Book Stall, I/s Punjabi University Patiala **Pathankot:** * Rakesh Genral Store, I/s Bus Stand **Rajpura:** *K.S. Book Center, Opp. Railway Station, Near Bus Stand *J.K. News Agency, Near Post Office *Puran Singh & Sons, Gurdwara Road **Roop Nagar:** *Arvinder News Agency, New Bus Stand, *Bindra Adevrtisement, Old Bus Stand **Sangrur:** *Tuteja News Agency, Opp. Bus Stand, Near DC Office *Vinod News Agency, I/s Bus Stand Bathinda Counter, Bus Stand **Tarn Taran:** *Kala (hawker) Bohri wala Chowk *Khalsa News Agency, Near Bohri Wala Chowk **Zira:** *Jagdish News Agency, Bus Stand

# 'ਮੈਂ ਜਦੋਂ ਮਾਰਦਾਂ ਏਦਾਂ ਹੀ ਮਾਰਦਾਂ' -ਗੁਰਜਿੰਦ ਮਾਨ

## 19 ਜਨਵਰੀ ਨੂੰ ਰਿਲੀਜ਼ ਹੋਵੇਗੀ ਪੰਜਾਬ ਸਿੰਘ



ਇਹ ਹੈ 19 ਜਨਵਰੀ ਨੂੰ ਰਿਲੀਜ਼ ਹੋ ਰਹੀ ਫ਼ਿਲਮ 'ਪੰਜਾਬ ਸਿੰਘ' ਦਾ ਪੌਂਟ ਡਾਇਲਾਗ ਜੋ ਬੋਲਿਆ ਹੈ ਫ਼ਿਲਮ ਦੇ ਹੀਰੋ ਗੁਰਜਿੰਦ ਮਾਨ ਨੇ। ਆਪਣੀ ਇਸ ਫ਼ਿਲਮ ਬਾਰੇ 'ਪੰਜਾਬੀ ਸਕਰੀਨ' ਦੀ ਐਸੋਸੀਏਟ ਐਡੀਟਰ ਗੁਰਜੀਤ ਢਿੱਲੋਂ ਨਾਲ ਹੋਈ ਗੱਲਬਾਤ ਦੌਰਾਨ ਜਿੱਥੇ ਸਾਨੂੰ ਗੁਰਜਿੰਦ ਦੀ ਆਉਣ ਵਾਲੀ ਫ਼ਿਲਮ ਬਾਰੇ ਜਾਣਕਾਰੀ ਹਾਸਲ ਹੋਈ, ਉੱਥੇ ਸਾਨੂੰ ਉਸ ਦੀ ਨਿੱਜੀ ਅਤੇ ਇਸ ਕਿੱਤੇ ਨਾਲ ਜੁੜੇ ਪ੍ਰਭਾਵਸਾਲੀ ਕੰਮਾਂ ਵਾਲੀ ਸ਼ਖ਼ਸੀਅਤ ਬਾਰੇ ਵੀ ਜਾਣਕਾਰੀ ਮਿਲੀ। ਆਪਣੀ ਦੂਜੀ ਪੰਜਾਬੀ ਫ਼ਿਲਮ 'ਪੰਜਾਬ ਸਿੰਘ' ਦੇ ਹੀਰੋ ਗੁਰਜਿੰਦ ਮਾਨ ਪੇਸ਼ੇ ਵਜੋਂ ਗੀਤਕਾਰ, ਸਟੋਰੀ, ਸਕ੍ਰੀਨ ਪਲੇਅ ਅਤੇ ਡਾਇਲਾਗ ਰਾਈਟਰ ਹਨ। ਫ਼ਿਲਮ 'ਯਮਲੇ ਜੱਟ ਯਮਲੇ' ਦੀ ਕਹਾਣੀ, ਸਕ੍ਰੀਨ ਪਲੇਅ, ਡਾਇਲਾਗ ਅਤੇ ਗੀਤ ਗੁਰਜਿੰਦ ਮਾਨ ਨੇ ਹੀ ਲਿਖੇ ਸਨ, ਪਰ ਕਿਸੇ ਕਾਰਨ ਇਹ ਫ਼ਿਲਮ ਰਿਲੀਜ਼ ਨਹੀਂ ਹੋ ਸਕੀ। ਚਰਚਿਤ ਲਘੂ ਫ਼ਿਲਮ 'ਵੰਡ' ਵਿਚ ਮੁੱਖ ਕਿਰਦਾਰ ਨਿਭਾਉਣ ਦੇ ਨਾਲ-ਨਾਲ ਇਸ ਫ਼ਿਲਮ ਦੀ ਕਹਾਣੀ, ਸਕ੍ਰੀਨ ਪਲੇਅ, ਡਾਇਲਾਗ ਅਤੇ ਗੀਤ ਵੀ ਗੁਰਜਿੰਦ ਮਾਨ ਨੇ ਹੀ ਲਿਖੇ। ਬਤੌਰ ਕਹਾਣੀਕਾਰ, ਗੀਤਕਾਰ, ਸਕ੍ਰੀਨ ਪਲੇਅ, ਡਾਇਲਾਗ ਰਾਈਟਰ ਅਤੇ ਹੀਰੋ ਵਜੋਂ ਹਰਜੀਤ ਰਿੱਕੀ ਦੀ ਫ਼ਿਲਮ 'ਵਨਸ ਅਪਾਨ ਏ ਟਾਈਮ ਇਨ ਅੰਮ੍ਰਿਤਸਰ' ਰਾਹੀਂ ਵੱਡੇ ਪਰਦੇ 'ਤੇ ਆਉਣ ਵਾਲੇ ਗੁਰਜਿੰਦ ਮਾਨ ਨੇ ਆਪਣੇ ਬਾਰੇ ਹੋਰ ਦੱਸਦੇ ਹੋਏ ਕਿਹਾ ਕਿ 17 ਸਾਲ ਦਾ ਲੰਮਾ ਸੰਘਰਸ਼, ਜਿਸ ਵਿਚ 8 ਸਾਲ ਸਪਾਟ ਬੁਆਏ ਵਜੋਂ ਕੰਮ ਵੀ ਕੀਤਾ, ਫੇਰ ਫ਼ਿਲਮਾਂ ਦੀਆਂ ਕਹਾਣੀਆਂ, ਗੀਤ ਲਿਖਣੇ ਸ਼ੁਰੂ ਕੀਤੇ, ਇਸ ਤਰ੍ਹਾਂ ਹੌਲੀ-ਹੌਲੀ ਚੱਲਦੇ ਹੋਏ ਆਖਰ ਮੈਨੂੰ ਆਪਣੀ ਮੰਜ਼ਿਲ ਮਿਲ ਹੀ ਗਈ।

ਖੈਰ ਗੱਲ ਕਰਦੇਂ ਹਾਂ ਫ਼ਿਲਮ 'ਪੰਜਾਬ ਸਿੰਘ' ਦੀ, ਜੋ ਕਿ ਅਰਬਨ ਹਿਸਟਰੀ ਦੀ ਪਹਿਲੀ ਪੰਜਾਬੀ ਫ਼ਿਲਮ ਹੈ। ਅੱਜ ਤੱਕ ਪਿੰਡਾਂ ਦੀਆਂ ਪੀਰੀਅਡ ਫ਼ਿਲਮਾਂ ਤਾਂ ਬਹੁਤ ਆਈਆਂ ਪਰ ਇਹ ਇਕ ਸ਼ਹਿਰ ਦੀ ਪੀਰੀਅਡ ਫ਼ਿਲਮ ਹੈ। ਇਹ ਫ਼ਿਲਮ ਇਕ ਮਿਊਜ਼ਿਕਲ ਰੋਮਾਂਟਿਕ ਡਰਾਮਾ ਹੈ, ਜਿਸ ਵਿਚ ਫਾਈਟ ਮਾਸਟਰ ਕੇ ਗਣੇਸ਼ ਨੇ ਐਕਸ਼ਨ ਦਾ ਵਧੀਆ ਤੜਕਾ ਲਗਾਇਆ ਹੈ ਅਤੇ ਬਹੁਤ ਵਧੀਆ ਐਕਸ਼ਨ ਸੀਨ ਫ਼ਿਲਮਾਏ ਹਨ।



ਜੇ ਇਸ ਫ਼ਿਲਮ ਦੇ ਸੰਗੀਤ ਦੀ ਗੱਲ ਕਰੀਏ ਤਾਂ ਇਸ ਵਿਚ ਅੱਠ ਗੀਤ ਹਨ, ਸਾਰੇ ਹੀ ਗੀਤ ਗੁਰਜਿੰਦ ਦੇ ਲਿਖੇ ਹਨ, ਜੋ ਗੁਰਦਾਸ ਮਾਨ, ਨੂਰਾਂ ਸਿਸਟਰ, ਸਾਰਥੀ ਕੇ, ਰਣਜੀਤ ਬਾਵਾ, ਰੁਪਿੰਦਰ ਹਾਂਡਾ, ਨਛੱਤਰ ਗਿੱਲ, ਮਿਸ ਪ੍ਰੀਤ ਥਿੰਦ ਤੇ ਦੋ ਗਾਣੇ ਨਿੰਜਾ ਨੇ ਗਾਏ ਹਨ। ਗੁਰਚਰਨ ਸਿੰਘ, ਦਲਜੀਤ ਸਿੰਘ, ਵਿਕਾਸ ਸੁਨੀਲ, ਡੀ.ਜੇ. ਨਰਿੰਦਰ ਅਤੇ ਡੈਵੀ ਸਿੰਘ ਦਾ ਸਵਾਰਿਆ ਇਹ ਸੰਗੀਤ ਯਕੀਨਨ ਵੱਡਾ ਹੈ ਅਤੇ ਕਾਮਯਾਬ ਹੋਣ ਦੀ ਪੂਰੀ ਆਸ ਹੈ।

ਇਸ ਫ਼ਿਲਮ ਦੀ ਸਟਾਰਕਾਸਟ ਦੀ ਖਾਸੀਅਤ ਇਹ ਹੈ ਕਿ ਜਿੱਥੇ ਇਸ ਵਿਚ ਗੁਰਜਿੰਦ ਮਾਨ ਦੇ ਔਪੋਜਿਟ ਦੋ ਹੀਰੋਇਨਾਂ ਐਨੀ ਸੇਖੋਂ ਅਤੇ ਜੈ ਸ਼੍ਰੀ ਹਨ, ਉੱਥੇ ਗਾਇਕ ਸਾਰਥੀ ਕੇ ਨੇ ਵੀ ਅਹਿਮ ਕਿਰਦਾਰ ਨਿਭਾਇਆ ਹੈ। ਬਾਕੀ ਕਲਾਕਾਰਾਂ ਵਿਚ ਕੁਲਜਿੰਦਰ ਸਿੱਧੂ, ਅਸ਼ੀਸ਼ ਦੁੱਗਲ, ਅਨੀਤਾ ਦੇਵਗਨ, ਯਾਦ ਗਰੇਵਾਲ, ਅਰੁਨ ਬਾਲੀ, ਰੁਪਿੰਦਰ ਮੈਡਮ, ਤੇਜੀ ਸੰਧੂ, ਵਿਕਾਸ ਕੋਹਲੀ, ਡੈਵੀ ਸਿੰਘ, ਨੀਟੂ ਪੰਧੇਰ ਵੀ ਫ਼ਿਲਮ ਦਾ ਮੁੱਖ ਆਕਰਸ਼ਨ ਹਨ।

'ਬਿਗ ਹਾਈਟ ਮੋਸ਼ਨ ਪਿਕਚਰਜ਼' ਅਤੇ 'ਪੀ.ਬੀ.ਆਰ. ਐਂਟਰਟੇਨਮੈਂਟ' ਦੇ ਬੈਨਰ ਅਤੇ ਕੋ ਪ੍ਰੋਡਿਊਸਰ ਸੰਨੀ ਗੱਗੂ, 'ਬਲੂ ਹਾਰਸ ਐਂਟਰਟੇਨਮੈਂਟ' ਅਤੇ 'ਰਿਚ ਹੈਂਡ ਪਿਕਚਰ' ਅਤੇ 'ਜੇਸਲ ਐਂਟਰਟੇਨਮੈਂਟ' ਦੇ ਸਾਂਝੇ ਬੈਨਰ ਹੇਠ ਨਿਰਮਾਤਾ ਮਾਹੀ ਔਲਖ ਵੱਲੋਂ ਬਣਾਈ ਗਈ ਇਸ ਫ਼ਿਲਮ ਦੇ ਨਿਰਦੇਸ਼ਕ ਹਨ ਤਾਜ।

ਇਸ ਫ਼ਿਲਮ ਦੀ ਕਹਾਣੀ 1980 ਦੇ ਇਕ ਰੌਏਲ ਸਰਦਾਰ ਪੰਜਾਬ ਸਿੰਘ ਦੀ ਕਹਾਣੀ ਹੈ ਜੋ ਕਿ ਲੋਕਾਂ ਲਈ ਲੜਦਾ ਹੈ। ਜਦੋਂ ਦੁਨੀਆ 'ਚ ਪਾਪ ਬਹੁਤ ਵੱਧ ਜਾਂਦਾ ਹੈ ਤਾਂ ਪ੍ਰਮਾਤਮਾ ਕਿਸੇ ਨਾ ਕਿਸੇ ਇਨਸਾਨ ਨੂੰ ਪਾਪ ਖ਼ਤਮ ਕਰਨ ਲਈ ਦੁਨੀਆ 'ਤੇ ਭੇਜਦਾ ਹੈ ਪਰ ਉਸ ਦੇ ਬਦਲੇ ਉਹ ਉਸ ਇਨਸਾਨ ਦੀ ਕਿਸੇ ਪਿਆਰੀ ਚੀਜ਼ ਦੀ ਕੁਰਬਾਨੀ ਜ਼ਰੂਰ ਲੈਂਦਾ ਹੈ, ਸੋ ਅਜਿਹਾ ਹੀ ਇਸ ਫ਼ਿਲਮ ਦੇ ਮੁੱਖ ਕਿਰਦਾਰ 'ਪੰਜਾਬ ਸਿੰਘ' ਨਾਲ ਵੀ ਵਾਪਰਦਾ ਹੈ ਅਤੇ ਫੇਰ ਉਹ ਦੁਨੀਆ 'ਚੋਂ ਕ੍ਰਾਈਮ ਦਾ ਸਫਾਇਆ ਕਰਦਾ ਹੈ। ਇਹ ਸਾਰੀ ਫ਼ਿਲਮ ਅੰਮ੍ਰਿਤਸਰ ਦੀ ਪਵਿੱਤਰ ਧਰਤੀ 'ਤੇ ਸ਼ੂਟ ਕੀਤੀ ਗਈ ਹੈ। ਫ਼ਿਲਮ ਦੇ ਦੋ ਗੀਤਾਂ ਦੀ ਸ਼ੂਟਿੰਗ ਹਿਮਾਚਲ ਪ੍ਰਦੇਸ਼ ਵਿਚ ਹੋਈ ਹੈ।

ਗੁਰਜਿੰਦ ਦਾ ਕਹਿਣਾ ਹੈ ਕਿ ਮੇਰੀ ਪਹਿਲੀ ਫ਼ਿਲਮ 'ਵਨਸ ਅਪਾਨ ਏ ਟਾਈਮ ਇਨ ਅੰਮ੍ਰਿਤਸਰ' ਨਿਰਦੇਸ਼ਕ ਦੇ ਅਨੁਸਾਰ ਬਣੀ ਸੀ ਅਤੇ 'ਪੰਜਾਬ ਸਿੰਘ' ਵਿਚ ਨਿਰਦੇਸ਼ਕ ਨੇ ਸਕ੍ਰੀਨ ਪਲੇਅ ਦੇ ਮੁਤਾਬਕ ਕੰਮ ਕੀਤਾ ਹੈ, ਇਹੀ ਫ਼ਰਕ ਹੈ ਦੋਨਾਂ ਵਿਚ। ਬਾਕੀ ਫ਼ਿਲਮ ਏਨੀ ਫਾਸਟ ਹੈ ਕਿ ਦਰਸ਼ਕ ਦੇ ਪਲਕ ਝਪਕਦਿਆਂ ਹੀ ਸੀਨ ਲੰਘ ਜਾਏਗਾ ਤੇ ਪਤਾ ਹੀ ਨਹੀਂ ਚੱਲੇਗਾ। ਹਰ ਇਕ ਕਿਰਦਾਰ ਨੂੰ ਬਹੁਤ ਵਧੀਆ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਗੁਰਜਿੰਦ ਨੇ ਇਸ ਫ਼ਿਲਮ ਬਾਰੇ ਇਕ ਹੋਰ ਗੱਲ ਸਾਂਝੀ ਕਰਦੇ ਹੋਏ ਦੱਸਿਆ ਕਿ ਅਸੀਂ ਆਪਣੀ ਨਵੀਂ ਹੋਮ ਪ੍ਰੋਡਕਸ਼ਨ ਵੀ ਖੋਲੀ ਹੈ। ਬਾਕੀ ਨਿਰਮਾਤਾ ਸਿਰਫ਼ ਪੈਸੇ ਵੱਲ ਧਿਆਨ ਦਿੰਦੇ ਨੇ, ਇਸੇ ਲਈ ਨਵੇਂ ਕਲਾਕਾਰਾਂ ਨੂੰ ਮੌਕਾ ਨਹੀਂ ਮਿਲ ਰਿਹਾ। ਇਹ ਫ਼ਿਲਮ ਬਣਾ ਕੇ ਇਹ ਵੀ ਦੱਸਿਆ ਹੈ ਕਿ ਨਵੇਂ ਕਲਾਕਾਰ ਵੀ ਵਧੀਆ ਕੰਮ ਕਰਦੇ ਹਨ, ਇਸ ਲਈ ਉਨ੍ਹਾਂ ਨੂੰ ਵੀ ਮੌਕਾ ਮਿਲਣਾ ਚਾਹੀਦਾ ਹੈ। ਅਸੀਂ ਇਕ ਲਿਮਟਡ ਬਜਟ ਵਿਚ ਵਧੀਆ ਫ਼ਿਲਮ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਉਮੀਦ ਹੈ ਦਰਸ਼ਕਾਂ ਨੂੰ ਜ਼ਰੂਰ ਪਸੰਦ ਆਵੇਗੀ।




HAPPY NEW YEAR
With best compliments from:
SF SAYA FILMS
Gurpreet Singh (Nittu) (+91) 99159-83333
Sandeep Kumar (Sonu) (+91) 99159-63333
Laxman (+91) 98760-44899
Saya Films
Team of Professionals
Jimmy Jibs
Car Rigs
Helicam
HD Cameras
Steadicam
Latest Edit Suits
Ronin
Red Epic
# 160, Sector 48-C, Chandigarh, Email: sayafilms@gmail.com, Web: www.sayafilms.in


HAPPY NEW YEAR
Gurinder Makna (Story, Screenplay & Dialogue Writer)
PRODUCTIONS & CASTING
CONTACT FOR LINE PRODUCTION, LOCATIONS AND CASTING
LINE PRODUCTIONS
WORK DONE
Hollywood Film 'Mango Dreams' (For Punjab)
Shamsher Khalsa (Movie)
Red Label Tea (Advt)
Chauthi Koot (Movie)
Dupont (Advt)
Contact : 98882-82228 | E-mail: gmakna@yahoo.co.in
AS CASTING DIRECTOR
MOVIES
Mango Dreams (Punjab)
Shamsher Khalsa
Wapsi • Angrej • Love Punjab
Heer Ranjha Ki Bhaykatha
Nikka Zaildar • Firangi
1971 (TV Serial For Sony )
Lahoriye
SONGS Punjab(Gurdas Maan)
Mitar Pyare Nu


HAPPY NEW YEAR
With best compliments from:
Shiva Cine Lights
Hires of Cine Shooting Equipments, Par and HMI Lights
Office No. 29, Block No. 2006, Sec. 32-C, Chandigarh
Ph: (+91) 92572-13995, 93161-35772, 9803017002, 9417470167
VANITY VAN INTERIOR


HAPPY NEW YEAR
SHAAN FILMS
& productions
A Complete Production House
SHOOTING IN PUNJAB, HIMACHAL PARDESH & J&K
www.shaanfilms.in
LOCATION SCOUTING, GOVT PARMITIONS,CASTING
EDITING, DUBBING, HELLICAM,COSTUMES Etc..
MEMBER:- WESTERN INDIA FILM PRODUCER ASSOCIATIONS MUMBAI
NO.23212
ACTOR & MD
GUR RANDHAWA
M. +91-9814965333
ACTOR & LINE PRODUCER
GURPREET SANDHU
M. +91-9914111436

ਫ਼ਿਲਮ ਅਪਡੇਟ

# ਫ਼ਿਲਮ ਸੱਗੀ ਫੁੱਲ : ਇਕ ਨਜ਼ਰ

ਕਹਿੰਦੇ ਨੇ ਕਿ ਝੋਨੇ ਵਾਲੇ ਪਿੰਡ ਪਰਾਲੀਓਂ ਨਜ਼ਰ ਆ ਜਾਂਦੇ ਨੇ, ਇਸੇ ਤਰ੍ਹਾਂ ਕਿਸੇ ਫ਼ਿਲਮ ਦਾ ਟਾਈਟਲ ਪੜ੍ਹ ਕੇ ਫ਼ਿਲਮ ਦੇ ਰੰਗ ਦਾ ਅੰਦਾਜ਼ਾ ਵੀ ਲੱਗ ਜਾਂਦਾ ਹੈ। ਜੇ ਫ਼ਿਲਮ ਦਾ ਨਾਂਅ 'ਸੱਗੀ ਫੁੱਲ' ਵਰਗਾ ਆਕਰਸ਼ਿਤ ਹੋਵੇ ਅਤੇ ਉਸਦੀ ਕਹਾਣੀ ਲਿਖਣ ਵਾਲਾ ਸੂਝਵਾਨ ਅਤੇ ਸਮਾਜ ਵਿਚ ਵਿਚਰਨ ਵਾਲੀ ਇਕ ਅਜ਼ੀਮ ਸ਼ਖ਼ਸੀਅਤ ਹੋਵੇ ਤਾਂ ਕਹਾਣੀ ਵਿਚ ਦਮ ਹੋਣਾ ਲਾਜ਼ਮੀ ਹੈ।

ਗੱਲ ਕਰਦੇ ਹਾਂ 19 ਜਨਵਰੀ ਨੂੰ ਆਉਣ ਵਾਲੀ ਬੜੇ ਹੀ ਪਿਆਰੇ ਨਾਮ ਵਾਲੀ ਫ਼ਿਲਮ 'ਸੱਗੀ ਫੁੱਲ' ਦੀ। ਫ਼ਿਲਮ ਦੀ ਕਹਾਣੀ ਦੇ ਲੇਖਕ ਸ: ਬਖ਼ਤਾਵਰ ਸਿੰਘ ਜੋ ਕਿ ਸਾਹਿਤਕ ਹਲਕਿਆਂ ਵਿਚ ਮੀਆਂ ਬਖ਼ਤਾਵਰ ਸਿੰਘ ਦੇ ਨਾਂਅ ਨਾਲ ਜਾਣੇ ਜਾਂਦੇ ਹਨ, ਬੀਤੇ ਦਿਨੀਂ ਅੰਮ੍ਰਿਤਸਰ ਵਿਖੇ 'ਪੰਜਾਬੀ ਸਕਰੀਨ' ਦੇ ਦਫ਼ਤਰ ਆਏ, ਜਿੱਥੇ ਐਸੋਸੀਏਟ ਐਡੀਟਰ ਗੁਰਜੀਤ ਢਿੱਲੋਂ ਨਾਲ ਉਨ੍ਹਾਂ ਦੀ ਫ਼ਿਲਮ ਦੇ ਵਿਸ਼ੇ ਨੂੰ ਲੈ ਕੇ ਵਿਸਥਾਰ ਨਾਲ ਗੱਲ ਹੋਈ। 'ਸੱਗੀ ਫੁੱਲ' ਦੀ ਕਹਾਣੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੇ ਦੱਸਿਆ ਕਿ ਇਹ 1982 ਤੋਂ ਲੈ ਕੇ ਅੱਜ ਤੱਕ ਦੇ ਪੰਜਾਬ ਦੀ ਕਹਾਣੀ ਹੈ ਕਿ ਕਿਵੇਂ ਪੰਜਾਬ 'ਚ ਪਰਿਵਰਤਨ ਆਏ, ਪੰਜਾਬ ਦੀ ਜਵਾਨੀ 'ਤੇ ਕਿਰਸਾਨੀ 'ਤੇ ਕੀ ਅਸਰ ਪਏ ਹਨ।

ਫ਼ਿਲਮ ਦਾ ਸਭ ਤੋਂ ਖ਼ੂਬਸੂਰਤ ਅਤੇ ਅੱਜ ਤੱਕ ਕਿਸੇ ਵੀ ਫ਼ਿਲਮ ਵਿਚ ਨਾ ਛੋਹਿਆ ਪਹਿਲੂ ਇਹ ਹੈ ਕਿ ਇਹ ਫ਼ਿਲਮ ਕਿਰਤ ਸੱਭਿਆਚਾਰ ਨੂੰ ਪ੍ਰਮੋਟ ਕਰਦੀ ਹੈ। ਲੋਕੀਂ ਅੱਜ ਹੱਥੀਂ ਕੰਮ ਕਰਨਾ ਭੁੱਲ ਗਏ ਹਨ। ਕੋਸ਼ਿਸ਼ ਕੀਤੀ ਗਈ ਹੈ ਇਸ ਫ਼ਿਲਮ ਰਾਹੀਂ ਇਹ ਸੰਦੇਸ਼ ਦੇਣ ਦੀ ਕਿ ਜੇ ਲੋਕ ਹੱਥੀਂ ਕੰਮ ਕਰਨਗੇ, ਸਧਾਰਨ ਜ਼ਿੰਦਗੀ ਜੀਣਗੇ, ਹੋਰ ਸਮਾਜਿਕ ਸਮਾਰੋਹਾਂ 'ਤੇ ਘੱਟ ਖਰਚਾ ਕਰਨਗੇ ਤਾਂ ਬਹੁਤ ਸਾਰੀਆਂ ਮਾਨਸਿਕ ਤੇ ਆਰਥਿਕ ਸਮੱਸਿਆਵਾਂ ਤੋਂ ਨਿਜਾਤ ਪਾਈ ਜਾ ਸਕਦੀ ਹੈ।




ਫ਼ਿਲਮ ਦਾ ਇਕ ਹੋਰ ਅਹਿਮ ਪਹਿਲੂ ਇਹ ਵੀ ਹੈ ਕਿ ਜਿੱਥੇ ਇਹ ਫ਼ਿਲਮ ਸੱਗੀ ਫੁੱਲ ਜਿਹੇ ਔਰਤਾਂ ਦੀ ਦਿੱਖ ਨੂੰ ਚਾਰ ਚੰਨ ਲਾਉਣ ਵਾਲੇ ਰਵਾਇਤਨ ਅਤੇ ਸੱਭਿਆਚਾਰਕ ਗਹਿਣੇ ਬਾਰੇ ਅੱਜ ਦੀ ਨੌਜਵਾਨ ਪੀੜੀ ਨੂੰ ਇਸ ਦੇ ਪਿਛੋਕੜ ਦੀ ਜਾਣਕਾਰੀ ਦੇਵੇਗੀ, ਉੱਥੇ ਬੜੇ ਹੀ ਮਨੋਰੰਜਨ ਭਰਪੂਰ ਅੰਦਾਜ਼ ਨਾਲ ਔਰਤਾਂ ਨੂੰ ਬਰਾਬਰਤਾ ਦਾ ਅਧਿਕਾਰ ਦੇਣ ਦੀ ਜ਼ੋਰਦਾਰ ਹਮਾਇਤ ਕਰੇਗੀ।

ਆਮ ਤੌਰ 'ਤੇ ਅੱਜਕੱਲ ਭਰੂਣ ਹੱਤਿਆ, ਬਲਾਤਕਾਰ ਜਾਂ ਦਹੇਜ ਵਰਗੀਆਂ ਲਾਹਨਤਾਂ ਨੂੰ ਉਜਾਗਰ ਕਰਦੀਆਂ ਫ਼ਿਲਮਾਂ ਰਾਹੀਂ ਔਰਤਾਂ ਦੇ ਹੱਕ ਦੀ ਗੱਲ ਕੀਤੀ ਗਈ ਹੈ, ਪਰ ਇਸ ਫ਼ਿਲਮ ਵਿਚ ਲੇਖਕ ਨੇ ਆਪਣੀ ਗੱਲ ਕਹਿਣ ਦਾ ਜੋ ਅੰਦਾਜ਼ ਪੇਸ਼ ਕੀਤਾ ਹੈ, ਉਸ ਬਾਰੇ ਸੁਣ ਕੇ ਸੱਚ ਹੀ ਫ਼ਿਲਮ ਦੀ ਖ਼ੂਬਸੂਰਤੀ ਬਿਆਨ ਹੁੰਦੀ ਹੈ ਕਿ ਸੱਗੀ ਫੁੱਲ ਜਿਹੇ ਗਹਿਣੇ ਨੂੰ ਸਾਡੇ ਸਮਾਜਿਕ ਰੀਤੀ-ਰਿਵਾਜ਼ਾਂ ਅਨੁਸਾਰ ਹਮੇਸ਼ਾ ਸੱਸ ਆਪਣੀ ਨੂੰਹ ਦੇ ਸਿਰ 'ਤੇ ਤੋਹਫ਼ੇ ਵਜੋਂ ਸਜਾਉਂਦੀ ਆਈ ਹੈ ਪਰ ਜਦੋਂ ਘਰ ਵਿਚ ਅੱਗੋਂ ਲੜਕਾ ਜਨਮ ਨਹੀਂ ਲੈਂਦਾ ਅਤੇ ਬੇਟੀ ਦੇ ਮੱਥੇ 'ਤੇ ਸੱਗੀ ਫੁੱਲ ਸਜਾਉਣ ਦੀ ਗੱਲ ਤੁਰਦੀ ਹੈ ਤਾਂ ਫੇਰ ਫ਼ਿਲਮ ਦੀ ਕਹਾਣੀ ਕੀ ਮੋੜ ਲੈਂਦੀ ਹੈ ? ਇਨ੍ਹਾਂ ਅਖੌਤੀ ਸਮਾਜਿਕ ਰੀਤੀ-ਰਿਵਾਜ਼ਾਂ ਦੀ ਉੱਥਲ-ਪੁੱਥਲ ਦਾ ਕੀ ਸਿੱਟਾ ਨਿਕਲਦਾ ਹੈ ? ਇਹ ਜਾਣਨ ਲਈ ਤੁਹਾਨੂੰ 19 ਜਨਵਰੀ ਤੱਕ ਇੰਤਜ਼ਾਰ ਕਰਨਾ ਪਵੇਗਾ।

ਫ਼ਿਲਮ ਬਾਰੇ ਹੋਰ ਜਾਣਕਾਰੀ ਦਿੰਦੇ ਹੋਏ ਸ: ਬਖ਼ਤਾਵਰ ਸਿੰਘ ਨੇ ਦੱਸਿਆ ਕਿ ਬਹੁਤ ਹੀ ਪ੍ਰਤਿਭਾ ਵਾਲੇ ਡਾਇਰੈਕਸ਼ਨ ਅਤੇ ਸਿਨੇਮਾਟੋਗ੍ਰਾਫੀ ਵਿਚ ਨਿਪੁੰਨ ਨਿਰਦੇਸ਼ਕ ਸ਼ਿਵਤਾਰ ਸ਼ਿਵ ਨੇ ਇਸ ਫ਼ਿਲਮ ਦਾ ਨਿਰਦੇਸ਼ਨ ਦਿੱਤਾ ਹੈ, ਜਿਸ ਦੀ ਕਿ ਖ਼ੁਦਮੁਖਤਿਆਰ ਨਿਰਦੇਸ਼ਕ ਵਜੋਂ ਇਹ ਪਹਿਲੀ ਫ਼ਿਲਮ ਹੈ ਅਤੇ ਇਸ ਫ਼ਿਲਮ ਨੂੰ ਬਣਾਉਣ ਲੱਗਿਆਂ ਸਾਡੀ ਦੋਹਾਂ ਦੀ ਕੈਮਿਸਟਰੀ ਬਹੁਤ ਵਧੀਆ ਰਹੀ।

'ਲੀਜੈਂਡ ਮੋਸ਼ਨ ਪਿਕਚਰ' ਬੈਨਰ ਦੇ ਹੇਠ ਬਣਾਈ ਗਈ ਫ਼ਿਲਮ ਵਿਚਲੇ ਕਲਾਕਾਰਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੱਸਿਆ ਕਿ ਅਮੀਤੋਜ਼ ਸ਼ੇਰਗਿੱਲ ਅਤੇ ਰਵਿੰਦਰ ਪਵਾਰ ਇਸ ਫ਼ਿਲਮ ਵਿਚ ਲੀਡ ਰੋਲ ਨਿਭਾ ਰਹੇ ਹਨ ਅਤੇ ਬਾਕੀ ਐਕਟਰਾਂ ਵਿਚ ਪ੍ਰੀਤ ਸਿਮਰਨ, ਸ਼ਵਿੰਦਰ ਮਾਹਲ, ਗੁਰਪ੍ਰੀਤ ਭੰਗੂ, ਨੀਟੂ ਪੰਧੇਰ, ਸੁੱਖੀ ਬੱਲ ਅਤੇ ਅੰਮ੍ਰਿਤਪਾਲ ਛੋਟੂ ਆਦਿ ਪ੍ਰਮੁੱਖ ਕਿਰਦਾਰਾਂ ਵਿਚ ਨਜ਼ਰ ਆਉਣਗੇ। ਫ਼ਿਲਮ ਦੇ ਸੰਗੀਤ ਦੀ ਗੱਲ ਸੁਣ ਕੇ ਲੱਗਿਆ ਕਿ ਸੰਗੀਤ ਦਾ ਵਿਸ਼ੇਸ਼ ਤੌਰ 'ਤੇ ਖਿਆਲ ਰੱਖਿਆ ਗਿਆ ਹੈ। ਪੰਜਾਬੀ ਸੰਗੀਤਕ ਵਿਹੜੇ ਦੇ ਜਾਣੇ-ਪਛਾਣੇ ਹੋਣਹਾਰ ਮਿਊਜ਼ਿਕ ਡਾਇਰੈਕਟਰ ਦਲਜੀਤ ਸਿੰਘ ਨੇ ਫ਼ਿਲਮ ਦੇ ਗੀਤਾਂ ਨੂੰ ਬੜੀਆਂ ਹੀ ਦਿਲ ਖਿੱਚਵੀਆਂ ਧੁਨਾਂ ਦੇ ਕੇ ਰੂਹ ਨਾਲ ਸੁਣਨਯੋਗ ਬਣਾਇਆ ਹੈ। ਬਖ਼ਤਾਵਰ ਸਿੰਘ ਹੋਰਾਂ ਦੀ ਕਲਮ ਨਾਲ ਰਚੇ ਗੀਤਾਂ ਨੂੰ



ਫ਼ਿਲਮ ਲੇਖਕ- ਬਖ਼ਤਾਵਰ ਸਿੰਘ

ਸੁਰਮਈ ਅਵਾਜ਼ਾਂ ਨਾਲ ਸਵਾਰਨ ਲਈ ਗਾਇਕ ਨਿੰਜਾ, ਨੂਰਾਂ ਸਿਸਟਰਜ਼, ਜਸਪਿੰਦਰ ਨਰੂਲਾ, ਯਾਕੂਬ ਅਤੇ ਸਵਰਲਤਾ ਤੋਂ ਯੋਗਦਾਨ ਲੈਣਾ ਸੁਭਾਵਕ ਹੀ ਫ਼ਿਲਮ ਲਈ ਸਹੀ ਅਤੇ ਢੁੱਕਵੇਂ ਸੰਗੀਤ ਦੀ ਗਵਾਹੀ ਭਰਦਾ ਹੈ।

ਜਦੋਂ ਲੇਖਕ ਨੂੰ ਪੁੱਛਿਆ ਗਿਆ ਕਿ ਤੁਹਾਡੇ ਮਨ ਵਿਚ ਅਜਿਹੇ ਵਿਸ਼ੇ 'ਤੇ ਫ਼ਿਲਮ ਲਿਖਣ ਦਾ ਵਿਚਾਰ ਕਿਵੇਂ ਆਇਆ ਤਾਂ ਉਨ੍ਹਾਂ ਦੱਸਿਆ ਇਕ ਵਾਰ 'ਟ੍ਰਿਬਿਊਨ' ਅਖ਼ਬਾਰ 'ਚ ਖ਼ਬਰ ਆਈ ਸੀ, ਜੋ ਬਾਅਦ ਵਿਚ 'ਜੱਗ ਬਾਣੀ' ਨੇ ਵੀ ਛਾਪੀ, ਜੋ ਕਿ ਇਕ ਕਿਸਾਨ ਬਾਰੇ ਸੀ, ਕਿ ਉਸ ਸਿਰ ਜ਼ਰਾ ਵੀ ਕਰਜ਼ਾ ਨਹੀਂ ਹੈ ਤੇ ਬਹੁਤ ਖ਼ੁਸ਼ਹਾਲ ਜੀਵਨ ਗੁਜ਼ਾਰ ਰਿਹਾ ਹੈ। ਮੈਂ ਇਸ ਗੱਲ ਦੀ ਤਸੱਲੀ ਕਰਨ ਲਈ ਤਰਨਤਾਰਨ ਦੇ ਨੇੜੇ ਪਿੰਡ ਰਸੂਲਪੁਰ ਵਿਚ ਉਸ ਕਿਸਾਨ ਦੇ ਘਰ ਗਿਆ। ਉਸ ਨਾਲ ਗੱਲਬਾਤ ਕੀਤੀ ਤਾਂ ਉਸ ਨੇ ਦੱਸਿਆ ਕਿ ਮੈਂ ਬਲਦਾਂ ਦੇ ਨਾਲ ਹੀ ਵਾਹੀ ਕਰਦਾ, ਡੇਢ ਕਿੱਲਾ ਮੇਰੀ ਪੈਲੀ ਏ, ਤੇ ਦੋ ਕਿੱਲੇ ਮੈਂ ਠੇਕੇ 'ਤੇ ਲਈ ਹੈ । ਮੈਂ ਤੇ ਮੇਰੀ ਪਤਨੀ ਦੋਵੇਂ ਹੱਥੀਂ ਕੰਮ ਕਰਦੇ ਹਾਂ। ਅਸੀਂ ਸਿਰਫ਼ ਲੂਣ, ਪੱਤੀ ਤੇ ਕੱਪੜੇ ਹੀ ਬਜ਼ਾਰੋਂ ਖਰੀਦਦੇ ਹਾਂ, ਬਾਕੀ ਸਭ ਸਾਡੀ ਆਪਣੀ ਪੈਦਾਵਾਰ ਹੈ। ਉਸ ਕਿਸਾਨ ਦੀ ਕੁੜੀ ਨੇ ਮਾਸਟਰ ਡਿਗਰੀ ਕੀਤੀ ਹੈ। ਮੈਂ ਇਨ੍ਹਾਂ ਗੱਲਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਤੇ ਸੋਚਿਆ ਕਿਉਂ ਨਾ ਇਸ ਵਿਸ਼ੇ ਨੂੰ ਇਕ ਫ਼ਿਲਮ ਦਾ ਰੂਪ ਦੇ ਕੇ ਘਰ-ਘਰ ਪਹੁੰਚਾਇਆ ਜਾਵੇ।

ਫ਼ਿਲਮ ਬਾਰੇ ਸਾਡੇ ਨਾਲ ਆਖਰੀ ਗੱਲ ਸਾਂਝੀ ਕਰਦੇ ਹੋਏ ਬਖ਼ਤਾਵਰ ਜੀ ਨੇ ਦੱਸਿਆ ਕਿ ਅਸੀਂ ਸਾਰੀ ਟੀਮ ਨੇ ਮਿਲ ਕੇ ਜੋ ਉਪਰਾਲਾ ਕੀਤਾ ਹੈ, ਇਸ ਵਿਚ ਕਿਤੇ ਵੀ ਸਾਡਾ ਮਕਸਦ ਪੈਸੇ ਕਮਾਉਣਾ ਨਹੀਂ। ਅਸੀਂ ਆਪਣੇ ਪੰਜਾਬੀ ਭਰਾਵਾਂ ਨੂੰ ਬਿਹਤਰ ਜੀਵਨ ਜਿਉਣ ਲਈ ਹੱਥੀਂ ਕੰਮ ਕਰਨ ਦਾ ਵਿਕਲਪ ਦੇਣ ਦੀ ਕੋਸ਼ਿਸ਼ ਕੀਤੀ ਹੈ ਪਰ ਦਰਸ਼ਕਾਂ ਦੀ ਨਬਜ਼ ਦਾ ਪੂਰਾ-ਪੂਰਾ ਖਿਆਲ ਰੱਖਦੇ ਹੋਏ ਸਾਰੀ ਫ਼ਿਲਮ ਵਿਚ ਕਿਤੇ ਵੀ ਸੰਦੇਸ਼ ਨੂੰ ਮਨੋਰੰਜਨ 'ਤੇ ਹਾਵੀ ਨਹੀਂ ਹੋਣ ਦਿੱਤਾ। ਫ਼ਿਲਮ ਵਿਚ ਵਧੀਆ ਸੰਗੀਤ, ਪਿਆਰ, ਜਜ਼ਬਾਤ ਅਤੇ ਕਮੇਡੀ ਜਿਹੇ ਸਾਰੇ ਰੰਗ ਵੇਖਣ ਨੂੰ ਮਿਲਣਗੇ। 'ਲੀਜੈਂਡ ਮੋਸ਼ਨ ਪਿਕਚਰ' ਵੱਲੋਂ ਨਿਰਮਾਤਾ ਅਮੀਤਜ਼ ਸ਼ੇਰਗਿੱਲ ਦੀ ਇਹ ਫ਼ਿਲਮ ਪ੍ਰਸਿੱਧ ਡਿਸਟ੍ਰੀਬਿਊਟਰ ਮੁਨੀਸ਼ ਸਾਹਨੀ ਦੀ ਦੇਖ-ਰੇਖ ਵਿਚ 'ਓਮ ਜੀ ਸਿਨੇ ਵਰਲਡ' ਸਿਨੇਮਾ ਘਰਾਂ ਵਿਚ ਉਤਾਰ ਰਿਹਾ ਹੈ। ਉਮੀਦ ਕਰਦੇ ਹਾਂ ਕਿ ਦਰਸ਼ਕਾਂ ਨੂੰ ਸਾਡਾ ਇਹ ਉਪਰਾਲਾ ਜ਼ਰੂਰ ਪਸੰਦ ਆਵੇਗਾ।

-ਗੁਰਜੀਤ ਢਿੱਲੋਂ।

# ਭਗਤ ਸਿੰਘ ਦੀ ਉਡੀਕ 2 ਫਰਵਰੀ ਨੂੰ




ਆਖਰ ਪੰਜਾਬੀ ਫ਼ਿਲਮ 'ਭਗਤ ਸਿੰਘ ਦੀ ਉਡੀਕ' ਖ਼ਤਮ ਹੋਈ, ਸੈਂਸਰ ਬੋਰਡ ਦੀਆਂ ਬੇਲੋੜੀਆਂ ਅੜਚਨਾਂ ਪਾਰ ਕਰਨ ਉਪਰੰਤ ਇਸ ਨੂੰ ਵੀ ਮਿਲ ਗਿਆ 2 ਫਰਵਰੀ ਨੂੰ ਰਿਲੀਜ਼ ਕਰਨ ਲਈ ਸੈਂਸਰ ਸਰਟੀਫ਼ਿਕੇਟ। ਭਾਵੇਂ ਕਿ ਇਸ ਕਾਰਨ ਨਿਰਮਾਤਾ ਦੀ ਕੀਤੀ ਸਾਰੀ ਪਹਿਲੀ ਪਬਲੀਸਿਟੀ ਵਿਅਰਥ ਗਈ ਪਰ ਫੇਰ ਵੀ ਉਸ ਨੇ ਹੌਂਸਲਾ ਨਹੀਂ ਹਾਰਿਆ। ਇਸ ਫ਼ਿਲਮ ਰਾਹੀਂ ਅਰਸ਼ ਚਾਵਲਾ ਬਤੌਰ ਹੀਰੋ ਪਾਲੀਵੁੱਡ ਵਿਚ ਐਂਟਰੀ ਕਰ ਰਿਹਾ ਹੈ। ਜਦਕਿ ਉਹ ਦੋ ਹੋਰ ਪੰਜਾਬੀ ਫ਼ਿਲਮਾਂ 'ਤਵੀਤ' ਅਤੇ 'ਢੋਲ ਰੱਤੀ' ਵੀ ਬਤੌਰ ਹੀਰੋ ਕੰਪਲੀਟ ਕਰ ਚੁੱਕਾ ਹੈ। ਕਨੇਡਾ ਦਾ ਜੰਮਪਲ ਅਰਸ਼ ਚਾਵਲਾ ਤੇ ਉਨ੍ਹਾਂ ਦੇ ਪਿਤਾ ਦਿਲਬਾਗ ਚਾਵਲਾ ਪਿਛਲੇ 20 ਸਾਲਾਂ ਤੋਂ ਟੋਰਾਂਟੋ ਵਿਚ ਰੇਡੀਓ ਸਟੇਸ਼ਨ 'ਰੰਗਲਾ ਪੰਜਾਬ' ਚਲਾ ਕੇ ਮਾਂ ਬੋਲੀ ਦੀ ਸੇਵਾ ਕਰ ਰਹੇ ਹਨ। ਅਰਸ਼ ਨੂੰ ਬਚਪਨ ਤੋਂ ਹੀ ਅਭਿਨੈ ਖੇਤਰ ਵਿਚ ਆਉਣ ਦਾ ਸ਼ੌਕ ਸੀ। 17 ਸਾਲ ਦੀ ਉਮਰ ਵਿਚ ਉਸ ਨੇ 'ਰੰਗਲਾ ਪੰਜਾਬ' ਰੇਡੀਓ ਤੋਂ ਹੀ ਰੇਡੀਓ ਜੌਕੀ ਵਜੋਂ ਆਪਣੀ ਸ਼ੁਰੂਆਤ ਕੀਤੀ। ਫਿਰ 'ਰੰਗਲਾ ਪੰਜਾਬ' ਨਾਂਅ ਦਾ ਟੀ. ਵੀ. ਸ਼ੋਅ ਵੀ ਹੋਸਟ ਕੀਤਾ। ਪੜ੍ਹਾਈ ਪੂਰੀ ਕਰਨ ਉਪਰੰਤ ਉਹ ਪੰਜਾਬ ਆ ਕੇ ਪਾਲੀਵੁੱਡ ਫ਼ਿਲਮ ਇੰਡਸਟਰੀ ਨਾਲ ਜੁੜ ਗਿਆ।

ਫ਼ਿਲਮ 'ਉਡੀਕ' ਬਾਰੇ ਜਦੋਂ ਅਰਸ਼ ਚਾਵਲਾ ਨਾਲ ਗੱਲ ਕੀਤੀ ਤਾਂ ਉਨ੍ਹਾਂ ਫ਼ਿਲਮ ਦੇ ਵਿਸ਼ੇ ਬਾਰੇ ਦੱਸਦਿਆਂ ਕਿਹਾ ਕਿ ਅੱਜ ਕੱਲ੍ਹ ਹਰ ਇਕ ਦੀ ਸੋਚ ਹੈ ਕਿ ਭਗਤ ਸਿੰਘ ਆਵੇ ਪਰ ਸਾਡੇ ਘਰ ਨਹੀਂ ਕਿਸੇ ਹੋਰ ਦੇ ਘਰ, ਕਿਉਂ ਕਿ ਅੱਜ ਹਰ ਮਾਂ ਨੂੰ ਆਪਣੇ ਪੁੱਤ ਪਿਆਰੇ ਹਨ, ਉਹ ਮਾਵਾਂ ਇਹ ਕਿਉਂ ਭੁੱਲ ਜਾਂਦੀਆਂ ਹਨ ਕਿ ਭਗਤ ਸਿੰਘ ਵੀ ਕਿਸੇ ਦਾ ਪੁੱਤ ਸੀ। ਇਹ ਫ਼ਿਲਮ ਇਕ ਮਾਂ ਦੀ ਕਹਾਣੀ ਹੈ, ਜਿਸ ਨੂੰ ਉਡੀਕ ਹੈ ਆਪਣੇ ਪੁੱਤ ਦੀ। ਫ਼ਿਲਮ ਵਿਚ ਹੋਰ ਵੀ ਸਮਾਜਿਕ ਬੁਰਾਈਆਂ ਜਿਵੇਂ ਨਸ਼ੇ, ਬਲਾਤਕਾਰ, ਚੋਰੀ ਆਦਿ ਨੂੰ ਉਜਾਗਰ ਕੀਤਾ ਗਿਆ ਹੈ, ਫ਼ਿਲਮ ਵਿਚ ਵਿਖਾਇਆ ਹੈ, ਕਿ ਡਰਗੱਸ ਕਿੱਥੋਂ ਆਉਂਦੀ ਹੈ ਅਤੇ ਇਸ ਦੀ ਸਪਲਾਈ ਕਿਵੇਂ ਹੁੰਦੀ ਹੈ। ਫ਼ਿਲਮ ਦੀ ਕਹਾਣੀ, ਸਕਰੀਨ ਪਲੇਅ ਅਤੇ ਡਾਇਲਾਗ ਬੱਬਰ ਗਿੱਲ ਨੇ ਲਿਖੇ ਹਨ। ਨਿਰਮਾਤਾ ਅਵੀਜੀਤ ਸਿੰਘ ਕਾਲੜਾ ਅਤੇ ਵਰਿੰਦਰਪਾਲ ਸਿੰਘ ਕਾਲੜਾ ਵੱਲੋਂ ਬਣਾਈ ਫ਼ਿਲਮ 'ਉਡੀਕ' ਦੇ ਨਿਰਦੇਸ਼ਕ ਹਨ ਸ਼ਿਵਮ ਸ਼ਰਮਾ।

ਫ਼ਿਲਮ ਦੇ ਬਾਕੀ ਕਲਾਕਾਰਾਂ ਵਿਚ ਬੀ. ਐਨ. ਸ਼ਰਮਾ, ਸਰਦਾਰ ਸੋਹੀ, ਮਲਕੀਤ ਰੌਣੀ, ਖ਼ੁਸ਼ੀ ਮਲਹੋਤਰਾ, ਹਰਿੰਦਰ ਹੈਰੀ, ਜਸਦੇਵ ਮਾਨ, ਗੁਰਮੀਤ ਬਾਗੀ, ਗੁਰਪ੍ਰੀਤ ਭੰਗੂ, ਸੁਰਭੀ ਸਿੰਗਲਾ, ਸੁਖਵਿੰਦਰ ਰਾਜ, ਦੇਵ ਸ਼ਰਮਾ ਅਤੇ ਬੱਬਰ ਗਿੱਲ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦਾ ਸੰਗੀਤ ਡੀ.ਜੇ. ਨਰਿੰਦਰ ਨੇ ਤਿਆਰ ਕੀਤਾ ਹੈ ਅਤੇ ਗੀਤ ਬੱਬਰ ਗਿੱਲ ਨੇ ਲਿਖੇ ਹਨ। ਫ਼ਿਲਮ ਦਾ ਟਾਈਟਲ ਗੀਤ ਨਛੱਤਰ ਗਿੱਲ ਨੇ ਗਾਇਆ ਹੈ ਅਤੇ ਬਾਕੀ ਗੀਤ ਕਮਲ ਖ਼ਾਨ, ਸੁਦੇਸ਼ ਕੁਮਾਰੀ ਅਤੇ ਬੱਬਰ ਗਿੱਲ ਨੇ ਗਾਏ ਹਨ। ਫ਼ਿਲਮ ਦੇ ਈ. ਪੀ. ਦਿਲਬਾਗ ਚਾਵਲਾ ਹਨ ਅਤੇ ਡਿਸਟ੍ਰੀਬਿਊਟਰ ਹਨ ਵਿਵੇਕ ਓਹਰੀ 'ਗਲੋਬਲ ਮੂਵੀਜ਼'। ਫ਼ਿਲਮ ਭਗਤ ਸਿੰਘ ਦੀ 'ਉਡੀਕ' ਤੋਂ ਨਿਰਮਾਤਾਵਾਂ ਨੂੰ ਕਾਫ਼ੀ ਆਸਾਂ ਹਨ। 'ਓਹਰੀ ਪ੍ਰੋਡਕਸ਼ਨਸ' ਇਸ ਫ਼ਿਲਮ ਦੇ ਡਿਸਟ੍ਰੀਬਿਊਟਰ ਹਨ ਅਤੇ ਇਹ ਫ਼ਿਲਮ ਇੰਡੀਆ ਤੋਂ ਬਾਹਰ ਵੀ ਰਿਲੀਜ਼ ਹੋ ਰਹੀ ਹੈ।

ਫ਼ਿਲਮ ਅਪਡੇਟ

# 2018 ਵਿਚ ਵੀ ਰਹੇਗੀ ਵੱਡੀਆਂ ਫ਼ਿਲਮਾਂ ਦੀ ਗਹਿਮਾ ਗਹਿਮੀ

ਜੇਕਰ ਗੱਲ 2018 ਵਿਚ ਆਉਣ ਵਾਲੀਆਂ ਫ਼ਿਲਮਾਂ ਦੀ ਕਰੀਏ ਤਾਂ ਕਾਫ਼ੀ ਲੰਬੀ-ਚੌੜੀ ਲਿਸਟ ਇਸ ਵਰ੍ਹੇ ਵੀ ਨਜ਼ਰ ਆ ਰਹੀ ਹੈ ਅਤੇ ਇਸ ਵਰ੍ਹੇ ਵੀ ਪੰਜਾਬੀ ਸਿਨੇਮਾ ਵਿਚ ਗਹਿਮਾ-ਗਹਿਮੀ ਰਹਿਣ ਦੀ ਉਮੀਦ ਹੈ। ਇਸ ਵਰ੍ਹੇ 'ਚ ਰਿਲੀਜ਼ ਹੋਣ ਵਾਲੀਆਂ ਫ਼ਿਲਮਾਂ 'ਚੋਂ ਕਾਫ਼ੀ ਫ਼ਿਲਮਾਂ ਵੱਡੇ ਬਜਟ ਦੀਆਂ ਅਤੇ ਨਾਮੀ-ਗ੍ਰਾਮੀ ਕਲਾਕਾਰਾਂ ਦੀਆਂ ਲੱਗ ਰਹੀਆਂ ਹਨ। ਵੈਸੇ ਤਾਂ ਸਾਰੀਆਂ ਵੱਡੀਆਂ ਫ਼ਿਲਮਾਂ ਨੇ ਆਪਣੀਆਂ ਰਿਲੀਜ਼ ਡੇਟਾਂ ਪਹਿਲਾਂ ਹੀ ਅਨਾਊਂਸ ਕਰ ਦਿੱਤੀਆਂ ਹਨ, ਪਰ ਫੇਰ ਵੀ ਕਿਤੇ ਨਾ ਕਿਤੇ ਰੱਦੋ-ਬਦਲ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਖ਼ੈਰ ਗੱਲ ਕਰਦੇ ਹਾਂ, ਇਸ ਵਰ੍ਹੇ 'ਚ ਰਿਲੀਜ਼ ਹੋਣ ਲਈ ਸਾਹਮਣੇ ਆਈਆਂ ਕੁਝ ਫ਼ਿਲਮਾਂ ਦੀ। ਇਸ ਵਰ੍ਹੇ ਦੀ ਸ਼ੁਰੂਆਤ 12 ਜਨਵਰੀ ਨੂੰ ਰਿਲੀਜ਼ ਹੋਣ ਵਾਲੀ ਨਿਰਦੇਸ਼ਕ ਬਲਬੀਰ ਬੇਗਮਪੁਰੀ ਅਤੇ ਨਿਰਮਾਤਾ ਹੀਰੋ ਵਿਜੇ ਖੋਪੜ ਦੀ ਫ਼ਿਲਮ 'ਦਿੱਲੀ ਤੋਂ ਲਾਹੌਰ' ਨਾਲ ਹੋਵੇਗੀ।

## ਪੰਜਾਬ ਸਿੰਘ



ਗੁਰਜਿੰਦ ਮਾਨ ਅਭਿਨੀਤ ਫ਼ਿਲਮ 'ਪੰਜਾਬ ਸਿੰਘ' ਜਿਸ ਨੂੰ ਨਿਰਦੇਸ਼ਕ ਤਾਜ ਨੇ ਬਣਾਇਆ ਹੈ ਅਤੇ ਇਸ ਦਾ ਨਿਰਮਾਣ ਮਾਹੀ ਔਲਖ ਤੇ ਪੀ. ਬੀ. ਆਰ. ਐਂਟਰਟੇਨਮੈਂਟ ਨੇ ਕੀਤਾ ਹੈ। ਇਹ ਫ਼ਿਲਮ 19 ਜਨਵਰੀ ਨੂੰ ਰਿਲੀਜ਼ ਹੋਵੇਗੀ।

## ਸੱਗੀ ਫੁੱਲ



ਫ਼ਿਲਮ 'ਸੱਗੀ ਫੁੱਲ' ਦਾ ਹੀਰੋ ਅਤੇ ਨਿਰਮਾਤਾ ਅਮੀਤੋਜ਼ ਸ਼ੇਰਗਿੱਲ ਹੈ, ਜਦਕਿ ਇਸ ਫ਼ਿਲਮ ਦਾ ਨਿਰਦੇਸ਼ਨ ਸ਼ਿਵਤਾਰ ਸ਼ਿਵ ਨੇ ਕੀਤਾ ਹੈ। ਇਹ ਫ਼ਿਲਮ 19 ਜਨਵਰੀ ਨੂੰ ਰਿਲੀਜ਼ ਹੋਵੇਗੀ।

## ਉਡੀਕ



ਆਖ਼ਰ 'ਉਡੀਕ' ਦੀ ਵੀ ਉਡੀਕ ਖ਼ਤਮ ਹੋਈ ਅਤੇ ਇਹ 2 ਫਰਵਰੀ ਨੂੰ ਰਿਲੀਜ਼ ਹੋ ਰਹੀ ਹੈ। ਸ਼ਹੀਦ ਭਗਤ ਸਿੰਘ ਦੀ ਸੋਚ 'ਤੇ ਅਧਾਰਿਤ ਐਨ. ਆਰ. ਆਈ. ਐਕਟਰ ਅਰਸ਼ ਚਾਵਲਾ ਦੀ ਡੈਬਿਊ ਫ਼ਿਲਮ ਦਾ ਨਿਰਮਾਣ 'ਗਲੋਬਲ ਮੂਵੀਜ਼' ਰਾਹੀਂ ਅਵੀਜੀਤ ਸਿੰਘ ਕਾਲੜਾ ਅਤੇ ਵਰਿੰਦਰਪਾਲ ਸਿੰਘ ਕਾਲੜਾ ਨੇ ਕੀਤਾ ਹੈ। ਫ਼ਿਲਮ ਦਾ ਨਿਰਦੇਸ਼ਨ ਸ਼ਿਵਮ ਸ਼ਰਮਾ ਨੇ ਕੀਤਾ ਹੈ।

## ਲਾਵਾਂ ਫੇਰੇ



ਇਸ ਵਰ੍ਹੇ ਦੀ ਅਗਲੀ ਵੱਡੀ ਫ਼ਿਲਮ 'ਲਾਵਾਂ ਫੇਰੇ' ਜੋ ਕਿ 9 ਫਰਵਰੀ ਨੂੰ ਰਿਲੀਜ਼ ਹੋ ਰਹੀ ਹੈ, ਰੋਸ਼ਨ ਪ੍ਰਿੰਸ ਅਭਿਨੀਤ ਇਸ ਫ਼ਿਲਮ ਦੇ ਨਿਰਮਾਤਾ ਹਨ ਕਰਮਜੀਤ ਅਨਮੋਲ ਅਤੇ ਨਿਰਦੇਸ਼ਕ ਸਮੀਪ ਕੰਗ।

## ਖਿੱਦੋ ਖੂੰਡੀ



ਇਸ ਤੋਂ ਬਾਅਦ ਇਕ ਹੋਰ ਵੱਡੀ ਫ਼ਿਲਮ 'ਖਿੱਦੋ ਖੂੰਡੀ' ਜੋ ਕਿ ਰਣਜੀਤ ਬਾਵਾ ਨੂੰ ਮੁੱਖ ਕਿਰਦਾਰ ਵਿਚ ਲੈ ਕੇ ਬਣਾਈ ਗਈ ਹੈ, 2 ਮਾਰਚ ਨੂੰ ਰਿਲੀਜ਼ ਹੋਵੇਗੀ। ਹਾਕੀ ਖੇਡ 'ਤੇ ਅਧਾਰਿਤ ਇਸ ਫ਼ਿਲਮ ਦਾ ਨਿਰਮਾਣ 'ਹੇਅਰ ਐਂਟਰਟੇਨਮੈਂਟ', 'ਕੌਆਸਮੀਡੀਆ' ਅਤੇ 'ਮਾਂ ਲਿੰਗਾ ਭੈਰਵੀ ਫ਼ਿਲਮਜ਼' ਨੇ ਕੀਤਾ ਹੈ ਅਤੇ ਇਸ ਫ਼ਿਲਮ ਦਾ ਨਿਰਦੇਸ਼ਨ ਰੋਹਿਤ ਜੁਗਰਾਜ ਨੇ ਕੀਤਾ ਹੈ।

## ਸੱਜਣ ਸਿੰਘ ਰੰਗਰੂਟ



23 ਮਾਰਚ ਨੂੰ ਰਿਲੀਜ਼ ਹੋਵੇਗੀ ਨਿਰਦੇਸ਼ਕ ਪੰਕਜ ਬਤਰਾ ਦੀ ਦਿਲਜੀਤ ਦੁਸਾਂਝ ਨੂੰ ਹੀਰੋ ਲੈ ਕੇ ਬਣਾਈ ਗਈ ਫ਼ਿਲਮ 'ਸੱਜਣ ਸਿੰਘ ਰੰਗਰੂਟ', ਜਿਸ ਦਾ ਨਿਰਮਾਣ 'ਕਲਰ 9 ਪ੍ਰੋਡਕਸ਼ਨ' ਨੇ ਕੀਤਾ ਹੈ।

## ਸੂਬੇਦਾਰ ਜੋਗਿੰਦਰ ਸਿੰਘ



6 ਅਪ੍ਰੈਲ ਨੂੰ ਗਿੱਪੀ ਗਰੇਵਾਲ ਦੀ ਮਲਟੀਸਟਾਰਰ ਫ਼ਿਲਮ 'ਸੂਬੇਦਾਰ ਜੋਗਿੰਦਰ ਸਿੰਘ' ਰਿਲੀਜ਼ ਹੋ ਰਹੀ ਹੈ, ਜਿਸ ਦੇ ਨਿਰਮਾਤਾ ਹਨ 'ਸਾਗਾ ਮਿਊਜ਼ਿਕ' ਅਤੇ 'ਸੈਵਨ ਮੋਸ਼ਨ ਪਿਕਚਰਜ਼', ਨਿਰਦੇਸ਼ਕ ਹਨ ਸਿਮਰਜੀਤ ਸਿੰਘ।

## ਨਨਕਾਣਾ



13 ਅਪ੍ਰੈਲ ਨੂੰ ਵਿਸਾਖੀ ਦੇ ਸ਼ੁੱਭ ਮੌਕੇ 'ਤੇ ਰਿਲੀਜ਼ ਹੋਵੇਗੀ ਨਿਰਮਾਤਾ ਜਤਿੰਦਰ ਸ਼ਾਹ ਦੀ ਪਹਿਲੀ ਫ਼ਿਲਮ 'ਨਨਕਾਣਾ'। ਮਨਜੀਤ ਮਾਨ ਦੇ ਨਿਰਦੇਸ਼ਨ ਹੇਠ ਇਸ ਫ਼ਿਲਮ ਦੇ ਲੀਡ ਕਲਾਕਾਰ ਹਨ ਗੁਰਦਾਸ ਮਾਨ ਅਤੇ ਕਵਿਤਾ ਕੌਸ਼ਿਕ।

## ਆਲ੍ਹਣਾ



20 ਅਪ੍ਰੈਲ ਨੂੰ ਨਿਰਦੇਸ਼ਕ ਜਨਜੋਤ ਸਿੰਘ ਦੀ ਪਲੇਠੀ ਫ਼ਿਲਮ 'ਆਲ੍ਹਣਾ' ਰਿਲੀਜ਼ ਹੋਵੇਗੀ। ਨਿੰਜੇ ਅਤੇ ਸਿਮਰਨ ਹੁੰਦਲ ਨੂੰ ਲੈ ਕੇ ਬਣਾਈ ਗਈ ਇਸ ਫ਼ਿਲਮ ਦੇ ਨਿਰਮਾਤਾ ਹਨ ਸ਼ਗੁਨ ਵਾਘ ਅਤੇ ਤਲਵਿੰਦਰ ਹੇਅਰ।

## ਦਾਣਾ ਪਾਣੀ



4 ਮਈ ਨੂੰ ਜਿੰਮੀ ਸ਼ੇਰਗਿੱਲ ਅਤੇ ਸਿੰਮੀ ਚਾਹਲ ਦੀ 'ਦਾਣਾ ਪਾਣੀ' ਸਿਨੇਮਾ ਘਰਾਂ ਦਾ ਸ਼ਿੰਗਾਰ ਬਣਨ ਜਾ ਰਹੀ ਹੈ। ਨਿਰਦੇਸ਼ਕ ਤਰਨਵੀਰ ਜਗਪਾਲ ਦੀ ਫ਼ਿਲਮ ਦਾ ਨਿਰਮਾਣ 'ਸ੍ਰੀ ਨਰੋਤਮ ਫ਼ਿਲਮਜ਼' ਅਤੇ 'ਨਾਨੋਕੀ ਸਟੂਡੀਓਜ਼' ਨੇ ਕੀਤਾ ਹੈ।

## ਹਰਜੀਤਾ



ਉੱਘੇ ਡਿਸਟ੍ਰੀਬਿਊਟਰ ਮੁਨੀਸ਼ ਸਾਹਨੀ ਦੀ ਬਤੌਰ ਨਿਰਮਾਤਾ ਪਹਿਲੀ ਫ਼ਿਲਮ 'ਹਰਜੀਤਾ' 18 ਮਈ ਨੂੰ ਹਾਕੀ ਪ੍ਰੇਮੀਆਂ ਲਈ ਤੋਹਫ਼ਾ ਹੋਵੇਗਾ। ਐਮੀ ਵਿਰਕ ਅਭਿਨੀਤ ਇਸ ਫ਼ਿਲਮ ਦੇ ਨਿਰਦੇਸ਼ਕ ਹਨ ਵਿਜੇ ਅਰੋੜਾ।

## ਆਸੀਸ



ਅਦਾਕਾਰ ਅਤੇ ਲੇਖਕ ਵਜੋਂ ਪ੍ਰਸਿੱਧੀ ਖੱਟ ਚੁੱਕੇ ਰਾਣਾ ਰਣਬੀਰ ਦੀ ਬਤੌਰ ਨਿਰਦੇਸ਼ਕ ਪਹਿਲੀ ਫ਼ਿਲਮ 'ਆਸੀਸ' ਨੂੰ 22 ਜੂਨ ਵਾਲੇ ਦਿਨ ਸਿਨੇਮਾ ਪ੍ਰੇਮੀਆਂ ਦੀਆਂ ਆਸੀਸਾਂ ਮਿਲਣ ਦੀ ਪੂਰੀ-ਪੂਰੀ ਆਸ ਹੈ। ਨਿਰਮਾਤਾ ਲਵਪ੍ਰੀਤ ਲੱਕੀ ਸੰਧੂ ਅਤੇ ਬਲਦੇਵ ਸਿੰਘ ਬਾਠ ਦੀ ਇਸ ਮਲਟੀਸਟਾਰਰ ਫ਼ਿਲਮ ਵਿਚ ਰਾਣਾ ਰਣਬੀਰ ਅਤੇ ਨੇਹਾ ਪਵਾਰ ਮੁੱਖ ਭੂਮਿਕਾ ਵਿਚ ਹਨ।

## ਮਿਸਟਰ ਐਂਡ ਮਿਸਿਜ਼ 420 ਰਿਟਰਨਸ





15 ਅਗਸਤ ਆਜ਼ਾਦੀ ਦਿਵਸ ਮੌਕੇ 'ਮਿਸਟਰ ਐਂਡ ਮਿਸਿਜ਼ 420' ਦਾ ਸੀਕਵਲ 'ਮਿਸਟਰ ਐਂਡ ਮਿਸਿਜ਼ 420 ਰਿਟਰਨਸ' ਰਿਲੀਜ਼ ਹੋਣ ਜਾ ਰਹੀ ਹੈ। ਫ਼ਿਲਮੀ ਜੋੜੇ ਰਣਜੀਤ ਬਾਵਾ, ਜੱਸੀ ਗਿੱਲ, ਅਵੰਤਿਕਾ ਹੁੰਦਲ ਤੇ ਪਾਇਲ ਰਾਜਪੂਤ ਨੂੰ ਲੈ ਕੇ ਬਣਾਈ ਗਈ ਇਸ ਫ਼ਿਲਮ ਦੇ ਨਿਰਮਾਤਾ ਰੁਪਾਲੀ ਗੁਪਤਾ ਤੇ ਦੀਪਕ ਗੁਪਤਾ ਦੀ ਇਸ ਫ਼ਿਲਮ ਦੇ ਨਿਰਦੇਸ਼ਕ ਸ਼ਿਤਿਜ ਚੌਧਰੀ ਹਨ।

# ਫ਼ਿਲਮ ਅਪਡੇਟ

## ਲੌਂਗ ਲਾਚੀ




## ਫੈਮਿਲੀ 420 ਵੰਨਸ ਅਗੇਨ



## ਦੁੱਲਾ ਵੈਲੀ



## ਵੀਜ਼ਾ




## ਲਾਟੂ



## ਡਾਕੂਆਂ ਦਾ ਮੁੰਡਾ



ਇਨ੍ਹਾਂ ਤੋਂ ਇਲਾਵਾ ਕੁਝ ਹੋਰ ਜ਼ਿਕਰਯੋਗ ਫ਼ਿਲਮਾਂ ਵੀ ਇਸੇ ਵਰ੍ਹੇ ਆਉਣ ਦੀ ਉਮੀਦ ਹੈ ਜਿਨ੍ਹਾਂ ਦੀਆਂ ਕਿ ਰਿਲੀਜ਼ ਹੋਣ ਦੀਆਂ ਅਜੇ ਪੱਕੀਆਂ ਤਰੀਕਾਂ ਅਨਾਊਂਸ ਨਹੀਂ ਕੀਤੀਆਂ ਗਈਆਂ, ਵਿਚ ਬਤੌਰ ਨਿਰਦੇਸ਼ਕ ਅਤੇ ਹੀਰੋ ਅੰਬਰਦੀਪ ਦੀ ਫ਼ਿਲਮ 'ਲੌਂਗ-ਲਾਚੀ', ਜਿਸ ਦੀ ਹੀਰੋਇਨ ਨੀਰੂ ਬਾਜਵਾ ਹੈ ਅਤੇ ਇਸ ਦਾ ਨਿਰਮਾਣ ਐਮੀ ਵਿਰਕ ਅਤੇ ਅੰਬਰਦੀਪ ਨੇ ਕੀਤਾ ਹੈ। ਨਿਰਮਾਣ ਕੰਪਨੀ 'ਵਾਈਟ ਹਿੱਲ' ਵੱਲੋਂ ਬਣਾਈ ਜਾ ਰਹੀ ਨਿਰਦੇਸ਼ਕ ਸਮੀਪ ਕੰਗ ਦੀ ਗਿੱਪੀ ਗਰੇਵਾਲ ਤੇ ਸੋਨਮ ਬਾਜਵਾ ਅਭਿਨੀਤ ਫ਼ਿਲਮ 'ਕੈਰੀ ਆਨ ਜੱਟਾ 2' ਦੀ ਸ਼ੂਟਿੰਗ ਵੀ ਜ਼ੋਰਾਂ 'ਤੇ ਚੱਲ ਰਹੀ ਹੈ। ਸੁਪਰਹਿੱਟ ਟੈਲੀਫ਼ਿਲਮ 'ਫੈਮਲੀ 420' ਨੂੰ ਫੀਚਰ ਫ਼ਿਲਮ 'ਫੈਮਲੀ 420 ਵੰਨਸ ਅਗੇਨ' ਦੇ ਰੂਪ 'ਚ ਪੇਸ਼ ਕਰ ਰਿਹਾ ਹੈ ਅਦਾਕਾਰ ਗੁਰਚੇਤ ਚਿੱਤਰਕਾਰ, ਜਿਸ ਦੇ ਨਿਰਦੇਸ਼ਕ ਹਨ ਦਿਲਾਵਰ ਸਿੱਧੂ। 'ਡੀ-7' ਬੈਨਰ ਹੇਠ ਗੁਰਚਰਨ ਸਿੰਘ ਧਾਲੀਵਾਲ ਦੀ ਇਹ ਫ਼ਿਲਮ ਵੀ ਮਲਟੀ ਸਟਾਰਰ ਫ਼ਿਲਮ ਹੈ। ਨਿਰਦੇਸ਼ਕ ਰਾਕੇਸ਼ ਮਹਿਤਾ ਦੀ ਨਿਰਮਾਤਾ ਰਾਜ ਕੁੰਦਰਾ/ਸ਼ਿਲਪਾ ਸ਼ੈਟੀ ਬਣਾਈ ਜਾ ਰਹੀ ਫ਼ਿਲਮ 'ਰੰਗਲਾ ਪੰਜਾਬ' ਵਿਚ ਦੀਪ ਸਿੱਧੂ ਅਤੇ ਕਰਤਾਰ ਚੀਮਾ ਲੀਡ ਅਦਾਕਾਰ ਹਨ। ਨਿਰਦੇਸ਼ਕ ਦੇਵੀ ਸ਼ਰਮਾ ਦੀ 'ਦੁੱਲਾ ਵੈਲੀ' ਜਿਸ ਦਾ ਨਿਰਮਾਣ 'ਦਾ ਡ੍ਰੀਮ ਪ੍ਰੋਜੈਕਟ' ਕੰਪਨੀ ਵੱਲੋਂ ਨਿਰਮਾਤਾ ਮਲਕੀਅਤ ਸਿੰਘ ਬੁੱਟਰ ਦੀ ਨਿਗਰਾਨੀ ਹੇਠ ਕੀਤਾ ਗਿਆ ਹੈ। ਇਹ ਫ਼ਿਲਮ ਯੋਗਰਾਜ ਸਿੰਘ ਤੇ ਗੁੱਗੂ ਗਿੱਲ ਦੀ ਪ੍ਰਸਿੱਧ ਜੋੜੀ ਨੂੰ ਲੈ ਕੇ ਬਣਾਈ ਗਈ ਹੈ। ਨਿਰਮਾਤਾ-ਨਿਰਦੇਸ਼ਕ ਚਾਂਦ ਕੁਮਾਰ ਦੀ ਫ਼ਿਲਮ ਹੀਰੋ ਕਰਨ ਸਿੰਘ ਤੇ ਅਦਿਤੀ ਕੰਸਾਰਾ ਨੂੰ ਲੈ ਕੇ ਬਣਾਈ ਗਈ ਫ਼ਿਲਮ 'ਮੈਂ ਕਮਲੀ ਯਾਰ ਦੀ। ਨਿਰਮਾਤਾ ਵਿਜੈ ਖੇਪੜ ਤੇ ਨਿਰਦੇਸ਼ਕ ਬਲਬੀਰ ਬੇਗਮਪੁਰੀ ਦੀ ਕੈਂਪਸ ਦਾ ਚੈਲੇਂਜ, ਨਿਰਮਾਤਾ ਬੌਬ ਖਹਿਰਾ ਦੀ ਗੈਵੀ ਚਾਹਲ ਅਭਿਨੀਤ ਫ਼ਿਲਮ ਵੀਜ਼ਾ, ਨਿਰਮਾਤਾ ਮਾਈਕ ਵਰਮਾ ਅਤੇ ਨਿਰਦੇਸ਼ਕ ਰਵੀ ਪੁੰਜ ਦੀ ਅਦਾਕਾਰਾ ਲਖਵਿੰਦਰ ਲੱਖਾ ਅਤੇ ਅਰਸ਼ ਚਾਵਲਾ ਨੂੰ ਲੈ ਕੇ ਬਣਾਈ ਗਈ ਫ਼ਿਲਮ 'ਢੋਲ ਰੱਤੀ', 'ਡ੍ਰੀਮ ਰਿਆਲਟੀ ਮੂਵੀਜ਼' ਦੇ ਨਿਰਮਾਣ ਹੇਠ ਨਿਰਦੇਸ਼ਕ ਮਨਦੀਪ ਬੈਨੀਪਾਲ ਦੀ ਦੇਵ ਖਰੌੜ ਅਭਿਨੀਤ ਫ਼ਿਲਮ 'ਡਾਕੂਆਂ ਦਾ ਮੁੰਡਾ', ਗਗਨ ਕੋਕਰੀ ਅਭਿਨੀਤ ਫ਼ਿਲਮ 'ਲਾਟੂ' ਜਿਸ ਨੂੰ 'ਫ਼ਰੀਦ ਐਂਟਰਟੇਨਮੈਂਟ' ਵੱਲੋਂ ਡਾਇਰੈਕਟਰ ਮਾਨਵ ਸ਼ਾਹ ਦੇ ਨਿਰਦੇਸ਼ਨ ਹੇਠ ਬਣਾਇਆ ਗਿਆ ਹੈ।

ਗਾਇਕ ਮੀਕਾ ਸਿੰਘ ਦੀ ਪੇਸ਼ਕਸ਼ ਨਿਰਦੇਸ਼ਕ ਰਕੇਸ਼ ਧਵਨ ਦੀ 'ਆਲ ਟਾਈਮ ਮੂਵੀਜ਼ ਪ੍ਰਾਈ: ਲਿਮਿ:' ਦੇ ਬੈਨਰ ਹੇਠ ਦਲਜੀਤ ਕਲਸੀ ਅਤੇ ਕਾਇਨਾਤ ਅਰੋੜਾ ਨੂੰ ਲੈ ਕੇ ਬਣਾਈ ਗਈ ਫ਼ਿਲਮ 'ਜੱਗਾ ਜਿਉਂਦਾ ਹੈ', ਨਿਰਦੇਸ਼ਕ ਸੁਖਬੀਰ ਸਹੋਤਾ ਵੱਲੋਂ ਡੈਵੀ ਸਿੰਘ ਅਤੇ ਮਨੀ ਬੋਪਾਰਾਏ ਦੀ ਫ਼ਿਲਮ 'ਫੌਜੀ ਕੇਹਰ ਸਿੰਘ' ਦੇ ਨਾਂਅ ਸ਼ਾਮਲ ਹਨ।

## ਕੈਰੀ ਆਨ ਜੱਟਾ 2




## ਰੰਗਲਾ ਪੰਜਾਬ




## ਮੈਂ ਕਮਲੀ ਯਾਰ ਦੀ



## ਕੈਂਪਸ ਦਾ ਚੈਲੇਂਜ



## ਢੋਲ ਰੱਤੀ




## ਜੱਗਾ ਜਿਉਂਦਾ ਹੈ



## ਫੌਜੀ ਕੇਹਰ ਸਿੰਘ



# 9 ਫਰਵਰੀ ਨੂੰ ਕਰਮਜੀਤ ਅਨਮੋਲ ਕਰਵਾਉਣਗੇ ਰੌਸ਼ਨ ਪ੍ਰਿੰਸ ਦੇ ਲਾਂਵਾਂ ਫੇਰੇ





-ਲਖਨ ਪਾਲ।
# 9646255302

ਫ਼ਿਲਮ ਰਿਵਿਊ







ਅਕਸਰ ਤੁਸੀਂ ਵਿਆਹ ਸ਼ਾਦੀਆਂ ਵਿਚ ਵੇਖਿਆ ਹੋਣਾ ਕਿ ਜੀਜੇ ਬਹੁਤ ਬਖੇੜਾ ਖੜ੍ਹਾ ਕਰ ਦਿੰਦੇ ਹਨ, ਕਦੀ ਕਿਸੇ ਗੱਲ ਨੂੰ ਲੈ ਕੇ ਤੇ ਕਦੀ ਕਿਸੇ ਗੱਲ ਤੋਂ ਰੁੱਸ ਜਾਂਦੇ ਹਨ ਅਤੇ ਫਿਰ ਵਿਆਹ ਵਾਲੇ ਘਰ ਨੂੰ ਉਨ੍ਹਾਂ ਨੂੰ ਮਨਾਉਣਾ ਪੈਂਦਾ ਹੈ ਤੇ ਉਸ ਤੋਂ ਬਾਅਦ ਹੁੰਦਾ ਹੈ ਵਿਆਹ। ਗੱਲ ਕਰੇ ਰਹੇ ਹਾਂ ਇਸੇ ਹੀ ਪ੍ਰਕਾਰ ਦੀ ਫ਼ਿਲਮ 'ਲਾਂਵਾਂ ਫੇਰੇ' ਦੀ, ਜੋ ਆਉਂਦੀ 9 ਫਰਵਰੀ ਨੂੰ ਰਿਲੀਜ਼ ਹੋਣ ਜਾ ਰਹੀ ਹੈ।

ਰੌਸ਼ਨ ਪ੍ਰਿੰਸ, ਰੁਬੀਨਾ ਬਾਜਵਾ, ਗੁਰਪ੍ਰੀਤ ਘੁੱਗੀ, ਬੀ. ਐਨ. ਸ਼ਰਮਾ, ਕਰਮਜੀਤ ਅਨਮੋਲ, ਹਰਬੀ ਸੰਘਾ, ਨਿਸ਼ਾ ਬਾਨੋ, ਦਿਲਰਾਜ ਉਦੈ ਅਤੇਸਿਮਰਨ ਸਹਿਜਪਾਲ ਆਦਿ ਕਲਾਕਾਰਾਂ ਨੂੰ ਲੈ ਕੇ ਬਣਾਈ ਗਈ ਨਿਰਦੇਸ਼ਕ ਸਮੀਪ ਕੰਗ ਦੀ 'ਲਾਂਵਾਂ ਫੇਰੇ' ਕਮੇਡੀ ਭਰਪੂਰ ਫ਼ਿਲਮ ਹੈ। ਇਸ ਫ਼ਿਲਮ ਦੀ ਕਹਾਣੀ ਉੱਘੇ ਲੇਖਕ ਪਾਲੀ ਭੁਪਿੰਦਰ ਨੇ ਲਿਖੀ ਹੈ। ਫ਼ਿਲਮ ਦੇ ਨਿਰਮਾਤਾ ਕਰਮਜੀਤ ਅਨਮੋਲ, ਰਾਜੀਵ ਸਿੰਗਲਾ ਤੇ ਪ੍ਰੇਮ ਪ੍ਰਕਾਸ਼ ਗੁਪਤਾ ਹਨ। ਰੌਸ਼ਨ ਪ੍ਰਿੰਸ ਇਸ ਫ਼ਿਲਮ ਵਿਚ ਹਨੀ ਨਾਮ ਦਾ ਕਿਰਦਾਰ ਨਿਭਾ ਰਿਹਾ ਹੈ, ਜਿਸ ਦੇ ਵਿਆਹ ਨੂੰ ਲੈ ਕੇ ਕਈ ਪੰਗੇ ਪੈਂਦੇ ਹਨ ਪਰ ਆਖਰ ਉਸ ਦਾ ਵਿਆਹ ਹੁੰਦਾ ਹੈ ਜਾਂ ਨਹੀਂ ਇਹ ਤਾਂ 9 ਫਰਵਰੀ ਨੂੰ ਹੀ ਪਤਾ ਲੱਗੇਗਾ। ਫ਼ਿਲਮ ਦੀ ਸ਼ੂਟਿੰਗ ਚੰਡੀਗੜ੍ਹ ਤੇ ਮੋਰੇਸ਼ੀਅਸ 'ਚ ਕੀਤੀ ਗਈ ਹੈ। ਫ਼ਿਲਮ ਦਾ ਮਿਊਜ਼ਿਕ ਗੁਰਮੀਤ ਸਿੰਘ, ਲਾਡੀ ਗਿੱਲ, ਗੈਗ ਸਟੂਡੀਓ ਤੇ ਜੱਗੀ ਸਿੰਘ ਨੇ ਦਿੱਤਾ ਹੈ। ਗੀਤ ਹੈਪੀ ਰਾਏਕੋਟੀ, ਜੱਗੀ ਸਿੰਘ ਨੇ ਲਿਖੇ ਹਨ, ਜਿਸ ਨੂੰ ਅਵਾਜ਼ ਵੱਖ-ਵੱਖ ਗਾਇਕਾਂ ਨੇ ਦਿੱਤੀ ਹੈ।

ਇਸ ਫ਼ਿਲਮ ਸਬੰਧੀ ਜਦੋਂ ਨਿਰਮਾਤਾ ਤੇ ਅਦਾਕਾਰ ਕਰਮਜੀਤ ਅਨਮੋਲ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮੇਰੇ ਕਰੀਬੀ ਦੋਸਤ ਰੰਜੀਵ ਸਿੰਘਲਾ ਦਾ ਵਿਚਾਰ ਸੀ ਕਿ ਆਪਾਂ ਮਿਲ ਕੇ ਫ਼ਿਲਮ ਬਣਾਈਏ ਤੇ ਫਿਰ ਅਸੀਂ 'ਲਾਂਵਾਂ ਫੇਰੇ' ਦਾ ਇਹ ਕਨਸੈਪਟ ਚੁਣਿਆ। ਸਮੀਪ ਕੰਗ ਨੇ ਇਸ ਫ਼ਿਲਮ ਨੂੰ ਬਹੁਤ ਵਧੀਆ ਢੰਗ ਨਾਲ ਬਣਾਇਆ ਹੈ। ਮੈਂ ਆਪ ਖ਼ੁਦ ਇਸ ਫ਼ਿਲਮ 'ਚ ਜੀਜੇ ਨਛੱਤਰ ਸਿੰਘ ਬੈਨੀਪਾਲ ਦਾ ਕਿਰਦਾਰ ਨਿਭਾਇਆ ਹੈ। ਮੈਨੂੰ ਉਮੀਦ ਹੈ ਦਰਸ਼ਕ ਇਸ ਫ਼ਿਲਮ ਨੂੰ ਖ਼ੂਬ ਪਸੰਦ ਕਰਨਗੇ। 9 ਫਰਵਰੀ ਨੂੰ ਇਹ ਫ਼ਿਲਮ 'ਓਮ ਜੀ ਗਰੁੱਪ' ਦੇ ਮੁਨੀਸ਼ ਸਾਹਨੀ ਵੱਲੋਂ ਵੱਡੇ ਪੱਧਰ 'ਤੇ ਰਿਲੀਜ਼ ਕੀਤੀ ਜਾਵੇਗੀ।

ਬਾਲੀਵੁੱਡ ਅਪਡੇਟ

# ਵੀਰੇ ਕੀ ਵੈਡਿੰਗ 9 ਮਾਰਚ ਨੂੰ -ਡਾ: ਰਾਜੇਸ਼ ਬਖਸ਼ੀ



ਨਿਰਮਾਤਾ ਡਾ: ਰਾਜੇਸ਼ ਬਖਸ਼ੀ

'ਮੇਕ ਮਾਈ ਡੇ ਐਂਟਰਟੇਨਮੈਂਟ' ਦੇ ਬੈਨਰ ਹੇਠ ਰਿਲੀਜ਼ ਹੋ ਰਹੀ ਹਿੰਦੀ ਫ਼ਿਲਮ 'ਵੀਰੇ ਕੀ ਵੈਡਿੰਗ' ਬਾਲੀਵੁੱਡ 'ਚ ਨਿਰਮਾਣ ਪੜਾਅ ਦੌਰਾਨ ਹੀ ਅਥਾਹ ਚਰਚਾ ਦਾ ਕੇਂਦਰ ਬਿੰਦੂ ਬਣੀ ਰਹੀ। 9 ਮਾਰਚ ਨੂੰ ਆਉਣ ਵਾਲੀ ਇਸ ਫ਼ਿਲਮ ਦੇ ਨਿਰਮਾਤਾ ਡਾ: ਰਾਜੇਸ਼ ਬਖ਼ਸ਼ੀ ਨੇ ਦੱਸਿਆ ਕਿ ਪੰਜਾਬੀਅਤ ਰੰਗ ਵਿਚ ਰੰਗੀਂ ਨਜ਼ਰ ਆਉਣ ਵਾਲੀ ਇਸ ਬਾਲੀਵੁੱਡ ਫ਼ਿਲਮ ਦਾ ਖਾਸ ਆਕਰਸ਼ਣ ਜਿੱਥੇ ਫ਼ਿਲਮ ਦੀ ਦਿਲਚਸਪ ਕਹਾਣੀ, ਬਿਗ ਸੈੱਟਅਪ ਹੈ, ਉੱਥੇ ਫ਼ਿਲਮ ਦਾ ਹਰ ਗਾਣਾ ਵੱਖਰੀ ਛਾਪ ਛੱਡ ਕੇ ਜਾਵੇਗਾ। ਮੀਤ ਭਰਾਵਾਂ ਦੇ ਸੰਗੀਤ ਨਾਲ ਸਜਿਆ, ਪ੍ਰਸਿੱਧ ਗਾਇਕਾ ਨੇਹਾ ਕੱਕੜ ਅਤੇ ਦੀਪ ਮਣੀ ਵੱਲੋਂ ਗਾਇਆ ਅਤੇ ਕੁਮਾਰ ਵੱਲੋਂ ਲਿਖਿਆ ਗੀਤ 'ਟੱਲੀ' ਜਿੱਥੇ ਦਰਸ਼ਕਾਂ ਨੂੰ ਨੱਚਣ ਲਈ ਮਜਬੂਰ ਕਰ ਦੇਵੇਗਾ, ਉੱਥੇ ਆਲੀਸ਼ਾਨ ਸੈੱਟ 'ਤੇ ਫ਼ਿਲਮਾਇਆ ਗਿਆ ਫ਼ਿਲਮ ਦਾ ਇਕ ਹੋਰ ਟਾਈਟਲ ਗੀਤ ਹਰ ਵਿਆਹ ਸ਼ਾਦੀ ਦਾ ਹਿੱਸਾ ਬਣੇਗਾ। ਇਸ ਗੀਤ ਨੂੰ ਗਾਇਆ ਹੈ ਨਵਰਾਜ ਹੰਸ ਨੇ ਅਤੇ ਗੀਤਕਾਰ ਅਤੇ ਸੰਗੀਤਕਾਰ ਹਨ ਅਸ਼ੋਕ ਪੰਜਾਬੀ।

ਨਿਰਦੇਸ਼ਕ ਆਸ਼ੂ ਤ੍ਰਿਖਾ ਵੱਲੋਂ ਬਣਾਈ ਇਸ ਫ਼ਿਲਮ ਵਿਚ ਲੀਡ ਭੂਮਿਕਾ ਨਿਭਾ ਰਹੇ ਚਰਚਿਤ ਬਾਲੀਵੁੱਡ ਐਕਟਰ ਜਿੰਮੀ ਸ਼ੇਰਗਿੱਲ, ਪੁਲਕਿਤ ਸਮਰਾਟ, ਜਸ਼ਨ ਸਿੰਘ ਅਤੇ ਕੀਰਤੀ ਖਰਬੰਦਾ ਤੋਂ ਇਲਾਵਾ ਯੁਵਿਕਾ ਚੌਧਰੀ, ਪਾਇਲ ਰਾਜਪੂਤ, ਜੋਤਪ੍ਰੀਤ ਅਰੋੜਾ, ਸ਼ਤੀਸ਼ ਕੌਸ਼ਿਕ, ਅਭਿਸ਼ੇਕ ਚੌਹਾਨ, ਸੁਮਿਤ ਸੁਮਾਨੀ, ਰਾਜੇਸ਼ ਬਖ਼ਸ਼ੀ, ਅਨੀਤਾ ਕੁਲਕਰਨੀ, ਸੁਪ੍ਰਿਯਾ ਕਾਰਨੀਕਰ, ਰਜਿੰਦਰ ਭਾਟੀਆ ਆਦਿ ਦੇ ਨਾਂਅ ਸ਼ਾਮਲ ਹਨ। ਇਸ ਫ਼ਿਲਮ ਦੇ ਕ੍ਰਿਏਟਿਵ ਪ੍ਰੋਡਿਊਸਰ ਹਨ ਰਾਕੇਸ਼ ਉਪਧਿਆਏ।

ਕੋ-ਨਿਰਮਾਤਾ ਚੰਦਨ ਬਖ਼ਸ਼ੀ, ਰਜਤ ਬਖ਼ਸ਼ੀ ਅਤੇ ਪ੍ਰਮੋਦ ਗੋਬਾਰ ਨੇ ਦੱਸਿਆ ਕਿ ਡਾ: ਰਾਜੇਸ਼ ਬਖ਼ਸ਼ੀ ਦੁਆਰਾ ਲਿਖੀ ਇਸ ਫ਼ਿਲਮ ਦੀ ਕਹਾਣੀ ਮੂਲ ਰੂਪ ਵਿਚ ਦਿੱਲੀ ਨਾਲ ਹੀ ਸਬੰਧਤ ਹੈ, ਜਿਸ ਨੂੰ ਅਸਲੀ ਰੂਪ ਦੇਣ ਲਈ ਹੀ ਇਸ ਫ਼ਿਲਮ ਦਾ ਜ਼ਿਆਦਾਤਰ ਹਿੱਸਾ ਦਿੱਲੀ ਅਤੇ ਇਸ ਦੇ ਨਾਲ ਲੱਗਦੇ ਗੁੜਗਾਓਂ ਆਦਿ ਖੇਤਰਾਂ ਵਿਚ ਫ਼ਿਲਮਾਇਆ ਗਿਆ ਹੈ। ਇਸ ਫ਼ਿਲਮ ਦੀ ਕਹਾਣੀ ਦਾ ਸਕ੍ਰੀਨ ਪਲੇਅ ਅਤੇ ਡਾਇਲਾਗ ਪ੍ਰਸਿੱਧ ਲੇਖਕ ਦਲੀਪ ਸ਼ੁਕਲਾ ਨੇ ਲਿਖੇ ਹਨ ਅਤੇ ਇਸ ਫ਼ਿਲਮ ਦੇ ਮਨਮੋਹਕ ਦ੍ਰਿਸ਼ਾਂ ਨੂੰ ਸਿਨੇਮਾਟੋਗ੍ਰਾਫਰ ਜਾਨੀ ਲਾਲ ਨੇ ਕੈਮਰੇ 'ਚ ਕੈਦ ਕਰਨ ਦੀ ਵੀ ਅਹਿਮ ਭੂਮਿਕਾ ਨਿਭਾਈ ਹੈ। ਐਕਸ਼ਨ ਅਬਾਸ ਅਲੀ ਮੁਗਲ ਦਾ ਹੈ, ਆਰਟ ਡਾਇਰੈਕਸ਼ਨ ਦੀ ਕਮਾਂਡ ਜੈਅੰਤ ਦੇਸ਼ਮੁਖ ਅਤੇ ਡਾਂਸ ਡਾਇਰੈਕਸ਼ਨ ਦੀ ਕਮਾਂਡ ਬਾਸਕੋ ਸਿਜਰ, ਪੱਪੂ ਮਾਲੂ ਅਤੇ ਫ਼ਿਰੋਜ਼ ਨੇ ਮਿਲ ਕੇ ਸੰਭਾਲੀ। ਫ਼ਿਲਮ ਦੇ ਗੀਤ ਮੀਕਾ ਸਿੰਘ, ਨਵਰਾਜ ਹੰਸ, ਜਾਵੇਦ ਅਲੀ, ਨਕਾਸ਼ ਅਜੀਜ਼, ਸੁਨਿਧੀ ਚੌਹਾਨ ਅਤੇ ਨੇਹਾ ਕੱਕੜ ਨੇ ਗਾਏ ਹਨ। ਫੇਜ਼ ਅਨਵਰ, ਕੁਮਾਰ ਅਤੇ ਅਸ਼ੋਕ ਪੰਜਾਬੀ ਦੇ ਲਿਖੇ ਗੀਤਾਂ ਨੂੰ ਸੰਗੀਤ ਨਾਲ ਸਵਾਰਿਆ ਹੈ ਪ੍ਰਸਿੱਧ ਸੰਗੀਤਕਾਰ ਮੀਤ ਬ੍ਰਦਰਜ਼, ਜੈਦੇਵ ਕੁਮਾਰ, ਫਰਜਾਨ ਅਤੇ ਅਸ਼ੋਕ ਪੰਜਾਬੀ ਨੇ। ਉਮੀਦ ਹੈ 9 ਮਾਰਚ ਨੂੰ ਇਹ ਫ਼ਿਲਮ ਬਾਲੀਵੁੱਡ ਦੀਆਂ ਹਿੱਟ ਫ਼ਿਲਮਾਂ ਵਿਚ ਆਪਣਾ ਨਾਂਅ ਸ਼ੁਮਾਰ ਕਰਵਾਉਣ ਵਿਚ ਸਫ਼ਲ ਹੋਵੇਗੀ। 'ਪੰਜਾਬੀ ਸਕਰੀਨ' ਅਦਾਰਾ ਫ਼ਿਲਮ ਦੀ ਕਾਮਯਾਬੀ ਲਈ ਦੁਆ ਕਰਦਾ ਹੈ।



# 2 ਫਰਵਰੀ ਨੂੰ ਰਿਲੀਜ਼ ਹੋਵੇਗੀ ਬਾਲੀਵੁੱਡ ਮਸਾਲਾ ਫ਼ਿਲਮ 'ਕੁੱਤੇ ਦੀ ਦੁੰਮ'

ਕਿਸੇ ਵੀ ਫ਼ਿਲਮ ਦੇ ਹਿੱਟ ਹੋਣ ਲਈ ਇਹ ਜ਼ਰੂਰੀ ਨਹੀਂ ਕਿ ਉਸ ਵਿਚ ਨਾਮੀਂ ਕਲਾਕਾਰ ਹੀ ਹੋਣ। ਫ਼ਿਲਮ ਜਗਤ ਵਿਚ ਬਹੁਤ ਸਾਰਾ ਨਵਾਂ ਟੈਲੇਂਟ ਵੀ ਹੈ, ਬਸ ਜ਼ਰੂਰਤ ਹੈ ਉਸ ਦੀ ਭਾਲ ਤੇ ਪਛਾਣ ਕਰਕੇ ਦਰਸ਼ਕਾਂ ਦੇ ਸਾਹਮਣੇ ਲੈ ਕੇ ਆਉਣ ਦੀ। ਅਜਿਹੀ ਹੀ ਕੋਸ਼ਿਸ਼ ਕੀਤੀ ਹੈ ਇਸ ਫ਼ਿਲਮ ਦੇ ਨਿਰਮਾਤਾ ਸਤੇਂਦਰ ਤ੍ਰਿਪਾਠੀ, ਸੋਨਿਕਾ ਪਟੇਲ, ਨਿਰਦੇਸ਼ਕ ਤੇ ਕਹਾਣੀਕਾਰ ਸੁਨੀਲ ਪਟੇਲ ਨੇ।

ਨਾਮੀ ਕਲਾਕਾਰ ਵੱਲ ਤਵੱਜੋਂ ਦੇਣ ਦੀ ਬਜਾਏ ਪੂਰੇ ਭਾਰਤ ਵਿੱਚੋਂ ਭਾਲ ਕਰ ਕੇ ਖੋਜੇ ਗਏ ਕਲਾਕਾਰਾਂ ਨੂੰ ਇਸ ਫ਼ਿਲਮ ਦਾ ਹਿੱਸਾ ਬਣਾ ਕੇ ਹੁਣ ਸੁਨਹਿਰੀ ਪਰਦੇ 'ਤੇ ਪੇਸ਼ ਕੀਤਾ ਜਾ ਰਿਹਾ ਹੈ। 'ਇੰਡੀਅਨ ਕਰੀ ਫ਼ਿਲਮਜ਼' ਦੇ ਹੇਠ ਬਣੀ ਇਸ ਪਲੇਠੀ ਫ਼ਿਲਮ ਦਾ ਟਾਈਟਲ 'ਕੁੱਤੇ ਕੀ ਦੁੰਮ' ਸੁਣਨ 'ਚ ਥੋੜ੍ਹਾ ਅਟਪਟਾ ਜਾਪਦਾ ਹੈ ਪਰ ਇਹ ਕਹਾਣੀ ਕਹਾਣੀਕਾਰ ਦੀ ਬਹੁਤ ਹੀ ਡੂੰਘੀ ਸੋਚ ਹੈ, ਜੋ ਸਭ ਨੂੰ ਇਹ ਸੋਚਣ 'ਤੇ ਮਜਬੂਰ ਕਰ ਦੇਵੇਗੀ ਕਿ ਹਮੇਸ਼ਾ ਕੁੱਤੇ ਨੂੰ ਹੀ ਵਫਾਦਾਰ ਕਿਉਂ ਕਿਹਾ ਜਾਂਦਾ ਹੈ ਇਨਸਾਨ ਨੂੰ ਕਿਉਂ ਨਹੀਂ ? ਨਾਭਾ, ਪਟਿਆਲਾ ਅਤੇ ਪੰਜਾਬ ਦੀਆਂ ਹੋਰ ਖ਼ੂਬਸੂਰਤ ਲੋਕੇਸ਼ਨਾਂ 'ਤੇ ਫ਼ਿਲਮਾਈ ਗਈ, ਕਮੇਡੀ, ਰੋਮਾਂਸ ਅਤੇ ਸੰਗੀਤਕ ਤੜਕੇ ਨਾਲ ਸਜੀ ਹੋਈ ਇਹ ਫ਼ਿਲਮ ਸਮਾਜ ਨੂੰ ਇਕ ਬਹੁਤ ਹੀ ਵਧੀਆ ਸੰਦੇਸ਼ ਦੇਵੇਗੀ। ਫ਼ਿਲਮ 'ਕੁੱਤੇ ਕੀ ਦੁੰਮ' ਦੇ ਕਹਾਣੀਕਾਰ, ਸਕ੍ਰੀਨ ਪਲੇਅ ਰਾਈਟਰ, ਗੀਤਕਾਰ, ਸੰਗੀਤਕਾਰ, ਐਡੀਟਰ ਅਤੇ ਨਿਰਦੇਸ਼ਕ ਸੁਨੀਲ ਪਟੇਲ ਦੀ ਇਸ ਫ਼ਿਲਮ ਦੇ ਪ੍ਰਮੁੱਖ ਪੰਜ ਕਲਾਕਾਰ ਹਨ ਮਿਸ ਤਾਨੀਆ ਡਾਂਗ ਪਟਿਆਲੇ ਤੋਂ, ਜੱਸ ਬੋਪਾਰਾਏ ਨਾਭੇ ਤੋਂ, ਲਲਿਤ ਸਿੰਘ ਰਾਓ ਉਦੈਪੁਰ ਤੋਂ, ਜਸਬੀਰ ਰੰਧਾਵਾ ਅੰਮ੍ਰਿਤਸਰ ਤੋਂ ਅਤੇ ਰਾਜ ਰਹਿਮਾਨ ਅਲੀ ਕਟਕ (ਉੜੀਸਾ) ਤੋਂ। ਇਨ੍ਹਾਂ ਕਲਾਕਾਰਾਂ ਦੀ ਅਤੇ ਫ਼ਿਲਮ ਟੀਮ ਦੀ ਕਿਸਮਤ ਕੀ ਰੰਗ ਲਿਆਉਂਦੀ ਹੈ, ਇਸ ਦਾ ਫੈਸਲਾ ਹੁਣ 2 ਫਰਵਰੀ ਨੂੰ ਸਿਨੇ ਦਰਸ਼ਕਾਂ ਦੇ ਹੱਥ ਹੈ। 'ਪੰਜਾਬੀ ਸਕਰੀਨ' ਵੱਲੋਂ ਫ਼ਿਲਮ ਨੂੰ ਸ਼ੁੱਭ ਇੱਛਾਵਾਂ !



- ਮਨਜੋਤ ਅਰੋੜਾ।
# 09867399924

# ਆਸੀਸ ਨਾਲ ਜੁੜਨਾ ਰਿਹਾ ਯਾਦਗਾਰੀ ਅਨੁਭਵ

## ਨੇਹਾ ਪਵਾਰ




ਪੰਜਾਬੀ ਸਿਨੇਮਾ ਦੇ ਖ਼ੂਬਸੂਰਤ ਸਾਂਚੇ ਵਿਚ ਢਲ ਰਹੇ ਮੌਜੂਦਾ ਮੁਹਾਂਦਰੇ ਵੱਲ ਨਜ਼ਰਸਾਨੀ ਕੀਤੀ ਜਾਵੇ ਤਾਂ ਇਸ ਗੱਲ ਦਾ ਅੰਦਾਜ਼ਾ ਭਲੀਭਾਂਤ ਹੋ ਜਾਂਦਾ ਹੈ ਕਿ ਇਸ ਦੇ ਨਕਸ਼ਾਂ ਨੂੰ ਮਾਣਮੱਤਾ ਰੂਪ ਦੇਣ ਵਿਚ ਨਵੀਆਂ ਪ੍ਰਤਿਭਾਵਾਂ ਅਹਿਮ ਯੋਗਦਾਨ ਦੇ ਰਹੀਆਂ ਹਨ, ਜਿਸ ਦਾ ਇਕ ਵਾਰ ਫਿਰ ਪ੍ਰਭਾਵੀ ਇਜ਼ਹਾਰ, ਅਹਿਸਾਸ ਕਰਵਾਉਣ ਜਾ ਰਹੀ ਹੈ ਪ੍ਰਤਿਭਾਵਾਨ ਅਦਾਕਾਰਾ ਨੇਹਾ ਪਵਾਰ, ਜੋ ਬਾਕਮਾਲ ਅਦਾਕਾਰ ਅਤੇ ਜ਼ਹੀਨ ਲੇਖਕ ਰਾਣਾ ਰਣਬੀਰ ਵੱਲੋਂ ਨਿਰਦੇਸ਼ਿਤ ਕੀਤੀ ਜਾ ਰਹੀ ਅਤੇ ਪੰਜਾਬੀਅਤ ਦਾ ਮਾਣ ਵਧਾਉਣ ਜਾ ਰਹੇ ਨਿਰਮਾਤਾ ਲਵਪ੍ਰੀਤ ਲੱਕੀ ਸੰਧੂ ਅਤੇ ਬਲਦੇਵ ਬਾਠ ਕੈਨੇਡਾ ਦੁਆਰਾ ਬਣਾਈ ਜਾ ਰਹੀ 'ਆਸੀਸ' ਰਾਹੀਂ ਪੰਜਾਬੀ ਫ਼ਿਲਮ ਸਨਅਤ ਦਾ ਸ਼ਾਨਦਾਰ ਹਿੱਸਾ ਬਣਨ ਜਾ ਰਹੀ ਹੈ। ਮੂਲ ਰੂਪ ਵਿਚ ਜਲੰਧਰ ਸਬੰਧਤ ਪਿਛੋਕੜ ਰੱਖਦੀ ਅਤੇ ਦਿੱਲੀ ਤੋਂ ਪੜ੍ਹੀ-ਲਿਖੀ ਇਸ ਖ਼ੂਬਸੂਰਤ ਅਤੇ ਹੋਣਹਾਰ ਅਦਾਕਾਰਾ ਨਾਲ ਉਨ੍ਹਾਂ ਦੀ ਪਹਿਲੀ ਪੰਜਾਬੀ ਫ਼ਿਲਮ ਅਤੇ ਕਰੀਅਰ ਦੇ ਹੋਰ ਅਹਿਮ ਪਹਿਲੂਆਂ ਨੂੰ ਲੈ ਕੇ ਵਿਸ਼ੇਸ਼ ਗੱਲਬਾਤ ਹੋਈ, ਪੇਸ਼ ਹਨ ਸੰਖੇਪ ਅੰਸ਼:

**ਤੁਸੀਂ ਆਪਣੇ ਕਰੀਅਰ ਦੀ ਸ਼ੁਰੂਆਤ ਹਿੰਦੀ ਸਿਨੇਮਾ ਤੋਂ ਕੀਤੀ, ਕਿੱਦਾਂ ਦਾ ਰਿਹਾ ਇਹ ਸਫ਼ਰ ?**

ਬਹੁਤ ਹੀ ਯਾਦਗਾਰੀ, ਖ਼ੁਸ਼ਕਿਸਮਤ ਹਾਂ ਕਿ ਅਭਿਨੈ ਦਾ ਆਗਾਜ਼ ਬਹੁਤ ਹੀ ਪ੍ਰਭਾਵੀ ਕੰਟੈਂਟ ਫ਼ਿਲਮ 'ਪਰਾਂਠੇ ਵਾਲੀ ਗਲੀ' ਤੋਂ ਹੋਇਆ, ਉਸ ਉਪਰੰਤ ਰਾਜਪਾਲ ਯਾਦਵ ਨਾਲ 'ਥੋੜ੍ਹਾ ਲੁਤਫ ਥੋੜ੍ਹਾ ਇਸ਼ਕ', ਇਕ ਤਾਮਿਲ ਫ਼ਿਲਮ 'ਇਰੀਵਲ' ਦੀ ਸ਼ੂਟਿੰਗ ਹੁਣੇ ਸੰਪੂਰਨ ਕੀਤੀ ਹੈ, ਜੋ ਜਲਦੀ ਰਿਲੀਜ਼ ਹੋਵੇਗੀ।

**'ਆਸੀਸ' ਨਾਲ ਜੁੜਨ ਅਤੇ ਮਾਂ ਬੋਲੀ ਸਿਨੇਮਾ 'ਚ ਆਮਦ ਦਾ ਸਬੱਬ ਕਿੰਝ ਬਣਿਆ ?**

ਬਾਲੀਵੁੱਡ ਵਿਚ ਮਸਰੂਫੀਅਤ ਹੋਣ ਦੇ ਬਾਵਜੂਦ ਮਨ ਵਿਚ ਕਾਫ਼ੀ ਸਮੇਂ ਤੋਂ ਚਾਹ ਸੀ ਕਿ ਆਪਣੀ ਮਾਂ ਬੋਲੀ ਸਿਨੇਮਾ ਨਾਲ ਜੁੜੀ ਕੋਈ ਚੰਗੀ ਫ਼ਿਲਮ ਕਰਾਂ, 'ਕਿਰਦਾਰ ਏ ਸਰਦਾਰ' ਤੋਂ ਬਾਅਦ ਜਦੋਂ ਹੁਣ ਇਸ ਅਰਥ-ਭਰਪੂਰ ਅਤੇ ਪੰਜਾਬੀਅਤ ਦੀ ਬਾਤ ਪਾਉਂਦੀ ਫ਼ਿਲਮ ਦਾ ਪ੍ਰਪੋਜ਼ਲ ਸਾਹਮਣੇ ਰੱਖਿਆ ਗਿਆ ਤਾਂ ਇਨਕਾਰ ਦਾ ਸਵਾਲ ਹੀ ਨਹੀਂ ਸੀ, ਜਿਸ ਨੂੰ ਸਵੀਕਾਰ ਕਰਨ ਤੋਂ ਬਾਅਦ ਆਪਣੇ-ਆਪ 'ਤੇ ਫ਼ਖਰ ਵੀ ਮਹਿਸੂਸ ਕਰ ਰਹੀ ਹਾਂ।

**ਫ਼ਿਲਮ 'ਆਸੀਸ' ਦਾ ਅਨੁਭਵ ਸਾਂਝਾ ਕਰੋ।**

ਬੇਹੱਦ ਯਾਦਗਾਰੀ, ਬਹੁਤ ਹੀ ਖ਼ੁਸ਼ਗਵਾਰ ਅਤੇ ਪਰਿਵਾਰਿਕ ਸਮਾਰੋਹ ਵਾਂਗ ਰਿਹਾ ਸ਼ੂਟਿੰਗ ਦਾ ਹਰ ਦਿਨ, ਕਿਸੇ ਪਾਸਿਓਂ ਕਿਸੇ ਤਰ੍ਹਾਂ ਦਾ ਕੰਮਕਾਜ਼ੀ ਦਬਾਅ ਜਾਂ ਮਾਨਸਿਕ ਪਰੇਸ਼ਾਨੀ ਸਾਹਮਣੇ ਨਹੀਂ ਆਈ। ਸਾਥੀ ਕਲਾਕਾਰਾਂ, ਟੀਮ ਮੈਂਬਰਜ਼ ਤੋਂ ਇਲਾਵਾ ਹਰ ਪਿੰਡ ਵਾਸੀ ਜਿੱਥੇ ਜ਼ਿਆਦਾਤਰ ਸ਼ੂਟ ਅਸਾਂ ਕੰਪਲੀਟ ਕੀਤਾ, ਦਾ ਰਵੱਈਆ ਪੂਰਨ ਪਿਆਰ, ਸਨੇਹ ਭਰਿਆ ਰਿਹਾ, ਜਿਸ ਨਾਲ ਕਾਫ਼ੀ ਸੁਤੰਸ਼ਟੀ ਅਤੇ ਸਕੂਨ ਦਾ ਅਹਿਸਾਸ ਹੋ ਰਿਹਾ ਹੈ।

**ਥੀਏਟਰ ਤੋਂ ਲੈ ਕੇ ਪੰਜਾਬੀ ਸਿਨੇਮਾ ਖਿੱਤੇ ਵਿਚ ਰਾਣਾ ਰਣਬੀਰ ਇਕ ਸਤਿਕਾਰਿਤ ਹਸਤੀ ਮੰਨੇ ਜਾਂਦੇ ਹਨ, ਬਤੌਰ ਨਿਰਦੇਸ਼ਕ ਉਨ੍ਹਾਂ ਦੀ ਪਹਿਲੀ ਫ਼ਿਲਮ ਕਰਨਾ ਕਿੰਨਾ ਕੁ ਮੁਸ਼ਕਲ ਜਾਂ ਆਸਾਨ ਰਿਹਾ ?**

ਮੇਰੇ ਲਈ ਮਾਣ ਵਾਲੀ ਗੱਲ ਹੈ ਕਿ ਇੰਨਾਂ ਉੱਚ ਮੁਕਾਮ ਰੱਖਦੇ ਰਾਣਾ ਜੀ ਦੀ ਪਲੇਠੀ ਨਿਰਦੇਸ਼ਿਤ ਫ਼ਿਲਮ 'ਚ ਲੀਡ ਭੂਮਿਕਾ ਨਿਭਾ ਰਹੀ ਹਾਂ, ਜਿਨ੍ਹਾਂ ਕਦੇ ਵੀ ਆਪਣੀ ਸ਼ਖ਼ਸੀਅਤ ਦੇ ਉੱਚੇ ਕੱਦ ਦਾ ਅਹਿਸਾਸ ਨਹੀਂ ਹੋਣ ਦਿੱਤਾ ਅਤੇ ਬਹੁਤ ਹੀ ਹੌਸਲਾ ਅਫ਼ਜਾਈ ਨਾਲ ਹਰ ਸੀਨ ਨੂੰ ਬੇਹਤਰ ਕਰਨ ਦਾ ਮੌਕਾ ਪ੍ਰਦਾਨ ਕੀਤਾ, ਜਿਨ੍ਹਾਂ ਵੱਲੋਂ ਸਿਰਫ਼ ਨਾਲ ਇਸ ਫ਼ਿਲਮ 'ਤੇ ਕੀਤੀ ਜਾ ਰਹੀ ਮਿਹਨਤ ਅਤੇ ਹਰ ਟੀਮ ਮੈਂਬਰ ਚਾਹੇ ਉਹ ਕਲਾਕਾਰ ਹੋਣ ਜਾਂ ਤਕਨੀਸ਼ਿਅਨ ਨੂੰ ਜੋ ਪਿਆਰ, ਸਨੇਹ ਦਿੱਤਾ ਗਿਆ, ਉਸ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ।

**ਤੁਹਾਡੀ ਨਜ਼ਰ ਵਿਚ ਫ਼ਿਲਮ ਦਾ ਪਲੱਸ ਪੁਆਇੰਟ ?**

ਫ਼ਿਲਮ ਨਿਰਮਾਣ ਟੀਮ ਨਿਰਮਾਤਾ ਲਵਪ੍ਰੀਤ ਸਿੰਘ ਲੱਕੀ, ਬਲਦੇਵ ਸਿੰਘ ਬਾਠ ਕੈਨੇਡਾ ਜੀ ਦਾ ਧੰਨਵਾਦ ਅਤੇ ਸ਼ਲਾਘਾ ਕਰਨਾ ਚਾਹਾਂਗੀ, ਕਿ ਉਨ੍ਹਾਂ ਪੰਜਾਬੀ ਸਿਨੇਮਾ ਲਈ ਪੰਜਾਬੀਅਤ ਅਤੇ ਕਦਰਾਂ, ਕੀਮਤਾਂ ਦੀ ਤਰਜ਼ਮਾਨੀ ਕਰਦੇ ਅਜਿਹੇ ਵਿਸ਼ੇ ਅਤੇ ਕੰਟੈਂਟ ਦੀ ਚੋਣ ਕੀਤੀ, ਜਿਸ ਨੂੰ ਕੋਈ ਕਮਰਸ਼ੀਅਲ ਨਿਰਮਾਤਾ ਬਣਾਉਣ ਦਾ ਜ਼ੋਖਮ ਨਹੀਂ ਉਠਾ ਸਕਦਾ, ਫ਼ਿਲਮ ਦੇ ਅਹਿਮ ਪਹਿਲੂਆਂ ਦੀ ਚਰਚਾ ਕਰਾਂ ਤਾਂ ਕਹਿ ਸਕਦੀ ਹਾਂ ਕਿ ਕਹਾਣੀ, ਸਕ੍ਰੀਨ ਪਲੇਅ, ਨਿਰਦੇਸ਼ਨ ਤੋਂ ਲੈ ਕੇ ਗੀਤ, ਸੰਗੀਤ ਆਦਿ ਹਰ ਪਹਿਲੂ ਦਰਸ਼ਕਾਂ ਦੇ ਮਨਾਂ ਨੂੰ ਇਕ ਤਾਜ਼ਗੀ ਅਤੇ ਰੰਗਲੇ ਪੰਜਾਬ ਦੀਆਂ ਅਸਲ ਵੰਨਗੀਆਂ ਦਾ ਅਹਿਸਾਸ ਕਰਵਾਏਗਾ।

**ਦਿੱਲੀ ਜਿਹੇ ਮਹਾਂਨਗਰ ਦੀ ਆਧੁਨਿਕ ਜ਼ਿੰਦਗੀ ਜੀਣ ਦੇ ਬਾਅਦ ਇਕ ਠੇਠ ਪੰਜਾਬਣ ਦਾ ਕਿਰਦਾਰ ਅਦਾ ਕਰਨ ਲਈ ਕੋਈ ਖਾਸ ਤਰੱਦਦ ਵੀ ਕਰ ਰਹੇ ਹੋ ?**

ਇਹ ਜ਼ਰੂਰ ਹੈ ਕਿ ਮੈਂ ਜ਼ਿਆਦਾਤਰ ਸ਼ੁਰੂਆਤੀ ਹਿੱਸਾ ਦਿੱਲੀ ਬਤੀਤ ਕੀਤਾ ਹੈ, ਪਰ ਅਸਲ ਪੰਜਾਬੀਪਣ ਮੇਰੇ ਰੋਜ਼ਮਰਾ ਜੀਵਨ ਵਿੱਚੋਂ ਕਦੇ ਮਨਫ਼ੀ ਨਹੀਂ ਹੋਇਆ। ਪੰਜਾਬੀ ਰਸਮਾਂ, ਰਿਵਾਜ਼ਾਂ ਅਤੇ ਸੰਸਕਾਰਾਂ ਨਾਲ ਹਮੇਸ਼ਾ ਜੁੜੀ ਰਹੀ ਹਾਂ, ਜਿਸ ਦਾ ਪੂਰਾ ਸਿਹਰਾ ਆਪਣੇ ਪਰਿਵਾਰ ਨੂੰ ਦੇਣਾ ਚਾਹਾਂਗੀ, ਸੋ ਆਪਣੀਆਂ ਅਸਲ ਜੜ੍ਹਾਂ ਦੀ ਪੱਲੇ ਬੰਨੀ ਗੰਢ ਕਾਰਨ ਪੰਜਾਬੀ ਲੜਕੀ ਦੇ ਕਿਰਦਾਰ ਨੂੰ ਨਿਭਾਉਣ ਵਿਚ ਕੋਈ ਔਖ ਮਹਿਸੂਸ ਨਹੀਂ ਹੋ ਰਹੀ। ਉਮੀਦ ਕਰਦੀ ਹਾਂ ਕਿ ਮੇਰਾ ਕਿਰਦਾਰ ਅਤੇ ਅਭਿਨੈ ਦਰਸ਼ਕਾਂ ਨੂੰ ਪਸੰਦ ਆਵੇਗਾ।

**ਆਗਾਮੀ ਯੋਜਨਾਵਾਂ ਅਤੇ ਕੀ ਅੱਗੇ ਵੀ ਪੰਜਾਬੀ ਸਿਨੇਮਾ ਨਾਲ ਜੁੜੇ ਰਹੋਗੇ ?**

ਫ਼ਿਲਹਾਲ ਤਾਂ ਪੂਰਾ ਧਿਆਨ ਇਸੇ ਫ਼ਿਲਮ 'ਤੇ ਕੇਂਦਰਿਤ ਕਰ ਰਹੀ ਹਾਂ, ਇਸ ਤੋਂ ਬਾਅਦ ਜੇਕਰ ਚੰਗੇਰੀਆਂ ਪੰਜਾਬੀ ਫ਼ਿਲਮਾਂ ਆਫ਼ਰ ਹੋਈਆਂ ਤਾਂ ਉਨ੍ਹਾਂ ਨੂੰ ਕਰਨਾ ਵਿਸ਼ੇਸ਼ ਪਹਿਲਕਦਮੀ ਵਿਚ ਸ਼ਾਮਲ ਰਹੇਗਾ।

-ਪਰਮਜੀਤ ਫ਼ਰੀਦਕੋਟ ।
# 9855820713




Happy New Year & Happy Lohri

# Raja & Co.

## World Class Product

in Voltas, Mitsubhishish, Bosch, Siemen, Sony, Samsung, Venus, A.O. Smith, Kent R.O, Zero B

All are under one roof




Service is our Speciality

*0% Finance Facility available*
*Bajaj Finance Service*

249, Queens Road, Amritsar 0183-2221115, 2226798

With Best Compliments From"

# CAR Shingar

An Exclusive center for Car Decoration



Surinder Singh

Happy New Year & Lohri



Jaspal Singh

*Authorized dealer :*

AUTOCOP XS — SONY Xplod Car Audio — Dolphin

9, Queen's Road, Amritsar 143 001, Ph: 0183-2565500
Email: carshingar.amritsar@gmail.com | Website : www.carshingar.com

# ਸਾਲ 2017 ਦੀਆਂ ਨਵੀਆਂ ਚਰਚਿਤ ਹੀਰੋਇਨਾਂ

ਸਾਲ 2017 ਵਿਚ ਰਿਲੀਜ਼ ਹੋਈਆਂ ਵੱਖ-ਵੱਖਰੇ ਵਿਸ਼ੇ ਨਾਲ ਸਬੰਧਤ ਇਨ੍ਹਾਂ ਪੰਜਾਬੀ ਫ਼ਿਲਮਾਂ ਨੇ ਦਰਸ਼ਕਾਂ ਦਾ ਮਨੋਰੰਜਨ ਕਰਨ ਦੀ ਭਰਪੂਰ ਕੋਸ਼ਿਸ਼ ਕੀਤੀ। ਇਨ੍ਹਾਂ ਫ਼ਿਲਮਾਂ ਰਾਹੀਂ ਕਈ ਕਲਾਕਾਰਾਂ ਨੇ ਪਾਲੀਵੁੱਡ ਵਿਚ ਡੈਬਿਊ ਕੀਤਾ, ਉਨ੍ਹਾਂ 'ਚੋਂ ਕੁਝ ਚਰਚਿਤ ਹੀਰੋਇਨਾਂ ਦੀ ਜਾਣਕਾਰੀ ਤੁਹਾਡੇ ਨਾਲ ਸਾਂਝੀ ਕਰ ਰਹੇ ਹਾਂ, ਜਿਨ੍ਹਾਂ ਦੀ ਅਦਾਕਾਰੀ ਨੂੰ ਦਰਸ਼ਕਾਂ ਨੇ ਖ਼ੂਬ ਸਰਾਹਿਆ ਅਤੇ ਉਨ੍ਹਾਂ ਦੀ ਬਦੌਲਤ ਉਨ੍ਹਾਂ ਨੂੰ ਹੋਰ ਵੀ ਕੰਮ ਮਿਲਣਾ ਸ਼ੁਰੂ ਹੋਇਆ। ਪੇਸ਼ ਹੈ ਇਸ 'ਤੇ ਇਕ ਪੰਛੀ ਝਾਤ:-




ਰੁਬੀਨਾ ਬਾਜਵਾ



ਕਵਿਤਾ ਕੋਸ਼ਿਕ



ਪਾਇਲ ਰਾਜਪੂਤ



ਪ੍ਰਾਚੀ ਤਹਿਲਨ



ਨੇਹਾ ਪਵਾਰ

**ਰੁਬੀਨਾ ਬਾਜਵਾ** ਪੰਜਾਬੀ ਫ਼ਿਲਮਾਂ ਦੀ ਚਰਚਿਤ ਹੀਰੋਇਨ ਨੀਰੂ ਬਾਜਵਾ ਦੀ ਭੈਣ ਨੇ ਸਾਲ 2017 ਦੌਰਾਨ ਪਾਲੀਵੁੱਡ 'ਚ ਡੈਬਿਊ ਕੀਤਾ। ਨੀਰੂ ਬਾਜਵਾ ਨਿਰਦੇਸ਼ਤ ਫ਼ਿਲਮ 'ਸਰਘੀ' ਰਾਹੀਂ ਉਸ ਨੇ ਜੱਸੀ ਗਿੱਲ ਤੇ ਬੱਬਲ ਰਾਏ ਨਾਲ ਲੀਡ ਰੋਲ ਕੀਤਾ। ਹਾਲਾਂਕਿ 'ਸਰਘੀ' ਫ਼ਿਲਮ ਬਹੁਤੀ ਨਹੀਂ ਚੱਲੀ ਪਰ ਦਰਸ਼ਕਾਂ ਨੇ ਰੁਬੀਨਾ ਦੀ ਅਦਾਕਾਰੀ ਨੂੰ ਖ਼ੂਬ ਸਰਾਹਿਆ, ਜਿਸ ਦੇ ਚੱਲਦੇ ਉਸ ਨੇ ਇਸੇ ਸਾਲ ਦੂਜੀ ਫ਼ਿਲਮ 'ਲਾਵਾਂ ਫੇਰੇ' ਵੀ ਸਾਈਨ ਕੀਤੀ। ਰੁਬੀਨਾ ਦੀ 'ਲਾਵਾਂ ਫੇਰੇ' 9 ਫਰਵਰੀ ਨੂੰ ਰਿਲੀਜ਼ ਹੋਵੇਗੀ।

**ਕਵਿਤਾ ਕੌਸ਼ਿਕ** ਭਾਰਤੀ ਟੈਲੀਵਿਜ਼ਨ 'ਚ ਲਗਭਗ 15 ਤੋਂ ਵੱਧ ਸੀਰੀਅਲ ਕਰਨ ਵਾਲੀ ਕਵਿਤਾ ਕੌਸ਼ਿਕ ਨੇ ਸਾਲ 2017 ਦੌਰਾਨ ਹੀ ਫ਼ਿਲਮ 'ਵੇਖ ਬਰਾਤਾਂ ਚੱਲੀਆਂ' ਰਾਹੀਂ ਪਾਲੀਵੁੱਡ 'ਚ ਡੈਬਿਊ ਕੀਤਾ। ਪੰਜ ਵੱਖ-ਵੱਖ ਭਾਸ਼ਾਵਾਂ ਦੀਆਂ ਫ਼ਿਲਮਾਂ ਕਰ ਚੁੱਕੀ ਕਵਿਤਾ ਨੇ ਪੰਜਾਬੀ ਫ਼ਿਲਮ ਵਿਚ ਹਰਿਆਣਵੀ ਕੁੜੀ ਸਰਲਾ ਦਾ ਕਿਰਦਾਰ ਨਿਭਾਇਆ। ਕਵਿਤਾ ਸਬ ਟੀ. ਵੀ. ਦੇ ਸ਼ੋਅ 'ਐਫ. ਆਈ. ਆਰ.' ਦੀ ਚੰਦਰਮੁਖੀ ਚੌਟਾਲਾ ਦੇ ਨਾਮ ਤੋਂ ਮਸ਼ਹੂਰ ਹੈ। 'ਵੇਖ ਬਰਾਤਾਂ ਚੱਲੀਆਂ' ਤੋਂ ਬਾਅਦ ਕਵਿਤਾ ਨੇ ਇਸੇ ਸਾਲ ਹੀ ਦੂਜੀ ਫ਼ਿਲਮ 'ਨਨਕਾਣਾ' ਵੀ ਸਾਈਨ ਕਰ ਲਈ ਹੈ। ਇਸ ਫ਼ਿਲਮ ਵਿਚ ਉਹ ਗੁਰਦਾਸ ਮਾਨ ਨਾਲ ਅਦਾਕਾਰੀ ਕਰਦੀ ਨਜ਼ਰ ਆਵੇਗੀ। ਇਹ ਫ਼ਿਲਮ 13 ਅਪ੍ਰੈਲ ਨੂੰ ਰਿਲੀਜ਼ ਹੋ ਸਕਦੀ ਹੈ।

**ਪਾਇਲ ਰਾਜਪੂਤ** ਵੱਖ-ਵੱਖ ਟੀ.ਵੀ. ਸੀਰੀਅਲ ਰਾਹੀਂ ਆਪਣੀ ਅਦਾਕਾਰੀ ਦੇ ਨਾਲ ਮਸ਼ਹੂਰ ਪਾਇਲ ਨੇ ਸਾਲ 2017 ਦੀ ਚਰਚਿਤ ਫ਼ਿਲਮ 'ਚੰਨਾ ਮੇਰਿਆ' ਰਾਹੀਂ ਡੈਬਿਊ ਕੀਤਾ। ਮੂਲ ਰੂਪ ਤੋਂ ਦਿੱਲੀ ਨਾਲ ਸਬੰਧਤ ਇਸ ਅਦਾਕਾਰਾ ਨੇ ਨਿੰਜਾ ਨਾਲ ਆਪਣੇ ਕਿਰਦਾਰ ਨੂੰ ਬਾਖ਼ੂਬੀ ਨਿਭਾਇਆ। ਇਸ ਫ਼ਿਲਮ ਤੋਂ ਬਾਅਦ ਪਾਇਲ ਨੇ ਇਕ ਹੋਰ ਪੰਜਾਬੀ ਫ਼ਿਲਮ 'ਮਿਸਟਰ ਐਂਡ ਮਿਸਿਜ਼ 420 ਰਿਟਰਨਸ' ਸਾਈਨ ਕਰ ਲਈ ਹੈ। ਇਸ ਤੋਂ ਇਲਾਵਾ ਉਸ ਨੇ ਇਕ ਹਿੰਦੀ ਤੇ ਇਕ ਤੇਲਗੂ ਫ਼ਿਲਮ ਵੀ ਸਾਈਨ ਕੀਤੀ ਹੈ। ਟੀ.ਵੀ. ਸੀਰੀਅਲ 'ਮਹਾਂਕੁੰਭ' ਰਾਹੀਂ ਚਰਚਾ ਵਿਚ ਆਈ ਪਾਇਲ ਜਲਦੀ ਹੀ ਪਾਲੀਵੁੱਡ ਦੀਆਂ ਹਿੱਟ ਹੀਰੋਇਨਾਂ ਦੀ ਲਿਸਟ ਵਿਚ ਸ਼ਾਮਲ ਹੋਵੇਗੀ। ਪਾਇਲ ਦੀ 'ਮਿਸਟਰ ਐਂਡ ਮਿਸਿਜ਼ 420 ਰਿਟਰਨਸ' 15 ਅਗਸਤ 2018 ਨੂੰ ਰਿਲੀਜ਼ ਹੋਵੇਗੀ।

**ਪ੍ਰਾਚੀ ਤਹਿਲਨ** ਸਟਾਰ ਪਲੱਸ ਦੇ ਸੀਰੀਅਲ 'ਦੀਆ ਔਰ ਬਾਤੀ ਹਮ' ਰਾਹੀਂ ਚਰਚਾ ਵਿਚ ਆਈ ਪ੍ਰਾਚੀ ਤਹਿਲਨ ਨੇ ਇਸ ਸਾਲ ਪੰਜਾਬੀ ਫ਼ਿਲਮ 'ਅਰਜਨ' ਰਾਹੀਂ ਡੈਬਿਊ ਕੀਤਾ। ਰੌਸ਼ਨ ਪ੍ਰਿੰਸ ਨਾਲ ਉਸ ਦੀ ਇਹ ਪਹਿਲੀ ਫ਼ਿਲਮ ਨਹੀਂ ਚੱਲੀ। ਉਸ ਤੋਂ ਬਾਅਦ ਪ੍ਰਾਚੀ ਨੇ ਬੀਨੂੰ ਢਿੱਲੋਂ ਨਾਲ 'ਬਾਈਲਾਰਸ' ਵੀ ਕੀਤੀ। ਸਾਲ 2017 ਵਿਚ ਉਸ ਦੀਆਂ ਦੋਵੇਂ ਫ਼ਿਲਮਾਂ ਹਿੱਟ ਨਾ ਹੋ ਸਕੀਆਂ ਪਰ ਦਰਸ਼ਕਾਂ ਨੇ ਉਸ ਦੀ ਅਦਾਕਾਰੀ ਨੂੰ ਖ਼ੂਬ ਸਰਾਹਿਆ। ਉਮੀਦ ਹੈ ਕਿ ਉਹ ਇਸ ਸਾਲ ਹੋਰ ਪੰਜਾਬੀ ਫ਼ਿਲਮਾਂ ਵਿਚ ਨਜ਼ਰ ਆ ਸਕਦੀ ਹੈ। ਪ੍ਰਾਚੀ ਐਕਟ੍ਰੈਸ ਦੇ ਨਾਲ-ਨਾਲ ਹਾਕੀ ਖਿਡਾਰਨ ਵੀ ਹੈ।

**ਨੇਹਾ ਪਵਾਰ** ਪ੍ਰਤਿਭਾਵਾਨ ਅਦਾਕਾਰਾ ਨੇਹਾ ਪਵਾਰ ਦੇ ਅਭਿਨੈ ਦਾ ਆਗਾਜ਼ ਬਹੁਤ ਹੀ ਪ੍ਰਭਾਵੀ ਕੰਟੈਂਟ ਵਾਲੀ ਹਿੰਦੀ ਫ਼ਿਲਮ 'ਪਰਾਂਠੇ ਵਾਲੀ ਗਲੀ' ਤੋਂ ਹੋਇਆ, ਉਸ ਉਪਰੰਤ ਰਾਜਪਾਲ ਯਾਦਵ ਨਾਲ 'ਥੋੜ੍ਹਾ ਲੁਤਫ ਥੋੜ੍ਹਾ ਇਸ਼ਕ', ਇਕ ਤਾਮਿਲ ਫ਼ਿਲਮ 'ਇਰੀਵਲ' ਦੀ ਸ਼ੂਟਿੰਗ ਹੁਣੇ ਸੰਪੂਰਨ ਕੀਤੀ ਹੈ। ਨੇਹਾ ਦੀ ਪਾਲੀਵੁੱਡ ਵਿਚ ਐਂਟਰੀ ਸਾਲ 2017 ਵਿਚ ਫ਼ਿਲਮ 'ਕਿਰਦਾਰ-ਏ-ਸਰਦਾਰ' ਨਾਲ ਹੋਈ ਹੈ। ਜਿਸ ਤੋਂ ਬਾਅਦ ਉਸ ਨੂੰ ਇਸੇ ਸਾਲ ਹੀ ਬਾਕਮਾਲ ਅਦਾਕਾਰ ਰਾਣਾ ਰਣਬੀਰ ਵੱਲੋਂ ਨਿਰਦੇਸ਼ਤ ਕੀਤੀ ਗਈ 'ਆਸੀਸ' ਵਿਚ ਵੀ ਮੁੱਖ ਕਿਰਦਾਰ ਨਿਭਾਉਣ ਦਾ ਮੌਕਾ ਮਿਲਿਆ, ਜੋ 2018 ਵਿਚ ਰਿਲੀਜ਼ ਹੋਵੇਗੀ।

ਇਸ ਤੋਂ ਇਲਾਵਾ ਨਿਮਰਤ ਖਹਿਰਾ, ਦਿਲਜੋਤ, ਸਾਰਾ ਗੁਰਪਾਲ, ਗੀਤ-ਗੰਭੀਰ, ਤਨੂੰ ਕੌਰ ਗਿੱਲ, ਰੌਸ਼ਨੀ ਸਹੋਤਾ, ਪ੍ਰਿਅੰਕਾ ਮਹਿਤਾ, ਮਾਹੀ ਸ਼ਰਮਾ, ਦ੍ਰਿਸ਼ਟੀ ਗਰੇਵਾਲ, ਨੀਤ ਕੌਰ, ਦੇਨਾ ਉੱਪਲ ਆਦਿ ਹੀਰੋਇਨਾਂ ਨੇ ਪਾਲੀਵੁੱਡ 'ਚ ਡੈਬਿਊ ਕੀਤਾ।

-ਲਖਨ ਪਾਲ।

# 9646255302

Happy New Year & Happy Lohri

Releasing Worldwide on 12 January





# ਫ਼ਿਲਮਾਂ ਰਾਹੀਂ ਦਰਸ਼ਕਾਂ ਦਾ ਮਨੋਰੰਜਨ ਕਰਨਾ ਹੀ ਸਾਡਾ ਮੁੱਖ ਮਕਸਦ - ਰੁਪਾਲੀ ਗੁਪਤਾ

-ਲਖਨ ਪਾਲ।
# 9646255302

'ਸਾਡੀਆਂ ਬਣਾਈਆਂ ਫ਼ਿਲਮਾਂ ਵੇਖ ਕੇ ਦਰਸ਼ਕ ਖੁਸ਼ ਹੋਵੇ ਤੇ ਉਹ ਆਪਣਾ ਭਰਪੂਰ ਮਨੋਰੰਜਨ ਕਰੇ, ਤਾਂ ਹੀ ਸਾਡਾ ਫ਼ਿਲਮ ਬਣਾਉਣ ਦਾ ਮਕਸਦ ਕਾਮਯਾਬ ਹੁੰਦਾ ਹੈ' ਇਹ ਕਹਿਣਾ ਹੈ ਪ੍ਰਸਿੱਧ ਫ਼ਿਲਮ ਨਿਰਮਾਤਰੀ ਰੁਪਾਲੀ ਗੁਪਤਾ ਦਾ। 'ਫਰਾਈਡੇਅ ਰਸ਼ ਮੋਸ਼ਨ ਪਿਕਚਰਜ਼' ਅਧੀਨ 'ਮਿਸਟਰ ਐਂਡ ਮਿਸਿਜ਼ 420' ਦਾ ਨਿਰਮਾਣ ਕਰ ਚੁੱਕੀ ਰੁਪਾਲੀ ਗੁਪਤਾ ਹੁਣ ਇਸੇ ਹੀ ਫ਼ਿਲਮ ਦਾ ਸੀਕਵਲ 'ਮਿਸਟਰ ਐਂਡ ਮਿਸਿਜ਼ 420 ਰਿਟਰਨਸ' ਦਾ ਨਿਰਮਾਣ ਕਰ ਰਹੇ ਹਨ। ਹਾਲ ਹੀ ਵਿਚ ਉਨ੍ਹਾਂ ਨੇ ਇਸ ਫ਼ਿਲਮ ਦੇ ਪਹਿਲੇ ਸ਼ਡਿਊਲ ਦੀ ਸ਼ੂਟਿੰਗ ਮੁਕੰਮਲ ਕੀਤੀ ਹੈ। ਇਸ ਫ਼ਿਲਮ ਤੇ ਹੋਰ ਗੱਲਬਾਤ ਨੂੰ ਲੈ ਕੇ ਪੇਸ਼ ਹੈ ਇਹ ਖਾਸ ਇੰਟਰਵਿਊ:-

**ਰੁਪਾਲੀ ਜੀ, ਮੂਲ ਰੂਪ 'ਚ ਤੁਹਾਡਾ ਕੀ ਕੰਮ ਹੈ ?**

ਮੇਰੇ ਪਤੀ ਦੀਪਕ ਗੁਪਤਾ ਕਾਰੋਬਾਰੀ ਹਨ ਅਤੇ ਮੈਂ 'ਫਰਾਈਡੇਅ ਰਸ਼ ਮੋਸ਼ਨ ਪਿਕਚਰਜ਼' ਪ੍ਰੋਡਕਸ਼ਨ ਹਾਊਸ ਦੀ ਕਮਾਨ ਸੰਭਾਲੀ ਹੋਈ ਹੈ।

**ਫ਼ਿਲਮ ਪ੍ਰੋਡਿਊਸ ਕਰਨ ਦਾ ਵਿਚਾਰ ਕਿਵੇਂ ਆਇਆ ?**

ਮੈਂ ਸ਼ੁਰੂ ਤੋਂ ਹੀ ਕਲਾ ਅਤੇ ਕਲਚਰ ਨਾਲ ਜੁੜੀ ਹੋਈ ਸੀ। ਕਈ ਯੂਥ ਫੈਸਟੀਵਲ 'ਚ ਹਿੱਸਾ ਲਿਆ। ਪ੍ਰਿੰਟ ਐਡ ਦੇ ਸ਼ੂਟ ਕੀਤੇ ਤਾਂ ਉਦੋਂ ਤੋਂ ਹੀ ਮੇਰਾ ਰੁਝਾਨ ਇਸ ਵੱਲ ਸੀ। ਵਿਆਹ ਤੋਂ ਬਾਅਦ ਪਤੀ ਦੀਪਕ ਗੁਪਤਾ ਨੂੰ ਫ਼ਿਲਮ ਪ੍ਰੋਡਿਊਸ ਕਰਨ ਬਾਰੇ ਕਿਹਾ ਤਾਂ ਉਨ੍ਹਾਂ ਨੇ ਤਾਂ ਹਾਂ ਕਰ ਦਿੱਤੀ ਪਰ ਇਸਦਾ ਸਾਰਾ ਕੰਮ-ਕਾਜ ਮੈਂ ਖ਼ੁਦ ਦੇਖਿਆ। ਪਹਿਲੀ ਸ਼ੋਰਟ ਹਿੰਦੀ ਫ਼ਿਲਮ 'ਡ੍ਰੀਮ ਮੈਨ' ਬਣਾਈ, ਜੋ ਕਾਫ਼ੀ ਫ਼ਿਲਮ ਫੈਸਟੀਵਲ ਵਿਚ ਗਈ। ਉਸ ਤੋਂ ਬਾਅਦ 2014 'ਚ 'ਮਿਸਟਰ ਐਂਡ ਮਿਸਿਜ਼ 420' ਦਾ ਨਿਰਮਾਣ ਕੀਤਾ।

**ਕੀ ਤਜ਼ਰਬਾ ਰਿਹਾ ਫ਼ਿਲਮ ਪ੍ਰੋਡਿਊਸ ਕਰਨ ਦਾ ?**



ਪਹਿਲੀ ਹਿੰਦੀ ਫ਼ਿਲਮ ਤੋਂ ਅਸੀਂ ਸਿਰਫ਼ ਇਹ ਸਿੱਖਿਆ ਕਿ ਫ਼ਿਲਮ ਬਣਦੀ ਕਿਵੇਂ ਹੈ ? ਤੇ ਸਾਡਾ ਇਹ ਤਜ਼ਰਬਾ ਸਾਡੀ ਪਹਿਲੀ ਪੰਜਾਬੀ ਫੀਚਰ ਫ਼ਿਲਮ 'ਚ ਕੰਮ ਆਇਆ।

'ਮਿਸਟਰ ਐਂਡ ਮਿਸਿਜ਼ 420' ਬਣਾਉਣਾ ਸਾਡੇ ਲਈ ਬਹੁਤ ਵਧੀਆ ਰਿਹਾ। ਜਿੱਥੇ ਇਸ ਫ਼ਿਲਮ ਨੇ ਸਫ਼ਲਤਾ ਦੇ ਨਵੇਂ ਆਯਾਮ ਤੈਅ ਕੀਤੇ, ਉੱਥੇ ਹੀ ਦਰਸ਼ਕਾਂ ਨੇ ਵੀ ਇਸ ਨੂੰ ਖ਼ੂਬ ਸਰਾਹਿਆ। ਸਾਨੂੰ ਖ਼ੁਸ਼ੀ ਹੈ ਕਿ ਅਸੀਂ ਇਕ ਸਫ਼ਲ ਫ਼ਿਲਮ ਬਣਾਉਣ 'ਚ ਸਫ਼ਲ ਹੋਏ।

**ਹੁਣ ਤੁਸੀਂ 'ਮਿਸਟਰ ਐਂਡ ਮਿਸਿਜ਼ 420 ਰਿਟਰਨਸ' ਬਣਾ ਰਹੇ ਹੋ ? ਕੀ ਵੱਖਰਾ ਹੈ ਪਹਿਲੀ ਫ਼ਿਲਮ ਨਾਲੋਂ ਇਸ ਵਿਚ ?**

ਪਹਿਲੇ ਪਾਰਟ ਦੀ ਅਪਾਰ ਸਫ਼ਲਤਾ ਤੋਂ ਬਾਅਦ ਸਾਡੇ ਦਿਮਾਗ ਵਿਚ ਸੀ ਕਿ ਇਸ ਦਾ ਸੀਕਵਲ ਬਣਾਇਆ ਜਾਵੇ ਪਰ ਫ਼ਿਲਮ ਦੇ ਰਾਈਟਰ ਤੇ ਸਾਡੇ ਆਰਟਿਸਟ ਬਿਜ਼ੀ ਸਨ। ਸੋ ਅਸੀਂ ਹੁਣ ਇਸ ਦਾ ਸੀਕਵਲ ਬਣਾ ਰਹੇ ਹਾਂ, ਇਸ ਦੇ ਕੁਝ ਕਲਾਕਾਰਾਂ ਵਿਚ ਤਬਦੀਲੀ ਕੀਤੀ ਹੈ। ਇਸ ਦਾ ਕਾਨਸੈਪਟ ਪਹਿਲੀ ਫ਼ਿਲਮ ਨਾਲ ਮਿਲਦਾ-ਜੁਲਦਾ ਹੈ। ਇਸ ਫ਼ਿਲਮ 'ਚ ਖਾਸ ਸਸਪੈਂਸ ਵੀ ਹੈ, ਜੋ ਫ਼ਿਲਮ ਦੇ ਟ੍ਰੇਲਰ ਦੌਰਾਨ ਪਤਾ ਲੱਗ ਜਾਵੇਗਾ। ਸਾਨੂੰ ਪੂਰੀ ਉਮੀਦ ਹੈ ਕਿ ਇਹ ਫ਼ਿਲਮ ਦਰਸ਼ਕਾਂ ਦੀ ਪਸੰਦ 'ਤੇ ਖ਼ਰੀ ਉਤਰੇਗੀ। ਇਹ ਫ਼ਿਲਮ 15 ਅਗਸਤ ਨੂੰ ਰਿਲੀਜ਼ ਹੋਵੇਗੀ।

**ਤੁਸੀਂ ਵੀ ਇਸ ਫ਼ਿਲਮ 'ਚ ਅਦਾਕਾਰੀ ਕੀਤੀ ਹੈ, ਉਸ ਬਾਰੇ ਦੱਸੋ ?**

ਮੈਂ ਪਹਿਲੀ ਫ਼ਿਲਮ 'ਚ ਹੀ ਅਦਾਕਾਰੀ ਕਰਨਾ ਚਾਹੁੰਦੀ ਸੀ ਪਰ ਉਸ ਵਿਚ ਮੇਰੇ ਮੁਤਾਬਕ ਕੋਈ ਕਿਰਦਾਰ ਹੀ ਨਹੀਂ ਸੀ। ਹੁਣ ਇਸਦੇ ਸੀਕਵਲ ਵਿਚ ਮੈਂ ਦਲਜੀਤ ਕੌਰ ਨਾਂਅ ਦਾ ਕਿਰਦਾਰ ਨਿਭਾ ਰਹੀ ਹਾਂ, ਜੋ ਗੁਰਪ੍ਰੀਤ ਘੁੱਗੀ ਦੀ ਘਰਵਾਲੀ ਬਣੀ ਹੈ। ਦਲਜੀਤ ਬੜੀ ਹੀ ਲੜਾਕੂ ਕਿਸਮ ਦੀ ਔਰਤ ਹੈ। ਮੈਨੂੰ ਇਹ ਕਿਰਦਾਰ ਕਰਕੇ ਬਹੁਤ ਵਧੀਆ ਲੱਗਾ।

**ਆਪਣੇ ਪਰਿਵਾਰ ਬਾਰੇ ਕੁਝ ਦੱਸੋ ?**

ਮੇਰੇ ਪਤੀ ਦੀਪਕ ਗੁਪਤਾ ਹਮੇਸ਼ਾ ਮੈਨੂੰ ਸਪੋਰਟ ਕਰਦੇ ਹਨ। ਬੇਸ਼ੱਕ ਉਨ੍ਹਾਂ ਦੀ ਫ਼ਿਲਮਾਂ ਪ੍ਰਤੀ ਰੁਚੀ ਘੱਟ ਹੈ ਪਰ ਫੇਰ ਵੀ ਉਨ੍ਹਾਂ ਮੇਰੇ ਕਹਿਣ 'ਤੇ ਪ੍ਰੋਡਕਸ਼ਨ ਹਾਊਸ ਸ਼ੁਰੂ ਕੀਤਾ। ਮੇਰਾ ਇਕ ਬੇਟਾ ਸ਼ਾਹਰੀਅਰ ਤੇ ਬੇਟੀ ਰੁਹਾਬ ਹੈ।

**ਕਿਸ ਤਰ੍ਹਾਂ ਦੀ ਫ਼ਿਲਮ ਬਣਾਉਣ ਨੂੰ ਤਰਜ਼ੀਹ ਦਿੰਦੇ ਹੋ ?**

ਫ਼ਿਲਮ ਬਣਾ ਕੇ ਸਿਰਫ਼ ਪੈਸੇ ਕਮਾਉਣਾ ਹੀ ਸਾਡਾ ਮਕਸਦ ਨਹੀਂ ਹੈ। ਅਸੀਂ ਉਸ ਤਰ੍ਹਾਂ ਦੀ ਫ਼ਿਲਮ ਬਣਾਉਣਾ ਚਾਹੁੰਦੇ ਹਾਂ, ਜਿਸ ਨੂੰ ਦਰਸ਼ਕ ਸਾਲਾਂ-ਬੱਧੀ ਯਾਦ ਰੱਖਣ। ਅਸੀਂ ਵਿਸ਼ਾ ਵੀ ਅਜਿਹਾ ਚੁਣਦੇ ਹਾਂ ਜੋ ਦਰਸ਼ਕਾਂ ਦਾ ਮਨੋਰੰਜਨ ਕਰੇ। ਸਾਡੀ ਕੋਸ਼ਿਸ਼ ਹੁੰਦੀ ਹੈ ਕਿ ਦਰਸ਼ਕ ਦੋ-ਢਾਈ ਘੰਟੇ ਫ਼ਿਲਮ ਵੇਖ ਕੇ ਨਿਰਾਸ਼ ਨਾ ਹੋਣ।



ਵਿਜੈ ਟੰਡਨ (ਫ਼ਿਲਮ ਐਕਟਰ)

# ਰਿਸ਼ਤੇ-ਨਾਤਿਆਂ ਦੀ ਅਹਿਮੀਅਤ ਨੂੰ ਸਮਝਾਉਣ ਦਾ ਯਤਨ ਹੈ ਫ਼ਿਲਮ ਆਸੀਸ -ਨਿਰਮਾਤਾ ਲੱਕੀ ਸੰਧੂ



ਇਕ ਸਮਾਂ ਸੀ ਜਦ ਪੰਜਾਬੀ ਫ਼ਿਲਮਾਂ ਦਾ ਦਾਇਰਾ ਹਾਸੇ ਮਜ਼ਾਕ ਤੇ ਦੋਹਰੇ-ਅਰਥੀ ਸੰਵਾਦਾਂ ਕਰਕੇ ਸਿਰਫ਼ ਪਿੰਡਾਂ ਦੇ ਦਰਸ਼ਕਾਂ ਤੱਕ ਹੀ ਸੀਮਤ ਸੀ। ਪੜ੍ਹਿਆ-ਲਿਖਿਆ ਸ਼ਹਿਰੀ ਦਰਸ਼ਕ ਪੰਜਾਬੀ ਫ਼ਿਲਮਾਂ ਨੂੰ ਨੱਕ ਮਾਰਦਾ ਸੀ ਪਰ ਪਿਛਲੇ ਸਮਿਆਂ ਵਿਚ ਬਣੀਆਂ ਮਿਆਰੀ ਤੇ ਸਮਾਜਿਕ ਵਿਸ਼ਿਆਂ 'ਤੇ ਅਧਾਰਿਤ ਪੰਜਾਬੀ ਫ਼ਿਲਮਾਂ ਨੇ ਪੰਜਾਬੀ ਸਿਨੇਮੇ ਤੋਂ ਨਿਰਾਸ਼ ਇਨ੍ਹਾਂ ਦਰਸ਼ਕਾਂ ਨੂੰ ਆਪਣੇ ਨਾਲ ਤੋਰਨ ਦਾ ਕੰਮ ਕੀਤਾ। ਪੰਜਾਬੀ ਫ਼ਿਲਮਾਂ ਪ੍ਰਤੀ ਦਰਸ਼ਕਾਂ ਦਾ ਠਾਠਾਂ ਮਾਰਦਾ ਪਿਆਰ ਅਤੇ ਉਤਸ਼ਾਹ ਪਿਛਲੇ ਦਿਨੀਂ ਰਾਣਾ ਰਣਬੀਰ ਵੱਲੋਂ ਬਣਾਈ ਜਾ ਰਹੀ ਫ਼ਿਲਮ 'ਆਸੀਸ' ਦੀ ਸ਼ੂਟਿੰਗ ਦੌਰਾਨ ਵੇਖਣ ਨੂੰ ਮਿਲਿਆ। ਸੰਗਰੂਰ ਜ਼ਿਲ੍ਹੇ ਦੇ ਟਿੱਬੇ ਪਿੰਡ ਵਿਚ ਪਹਿਲੀ ਵਾਰ ਫ਼ਿਲਮ ਦੀ ਸ਼ੂਟਿੰਗ ਹੋਣ ਕਰਕੇ ਆਪਣੇ ਚਹੇਤੇ ਫ਼ਿਲਮੀ ਕਲਾਕਾਰਾਂ ਨੂੰ ਨੇੜਿਓਂ ਵੇਖਣ ਦੀ ਰੀਝ ਦਾ ਇਲਾਕਾ ਵਾਸੀਆਂ ਤੋਂ ਚਾਅ ਨਹੀਂ ਸੀ ਚੱਕਿਆ ਜਾ ਰਿਹਾ।

ਫ਼ਿਲਮ ਪੱਤਰਕਾਰ ਸੁਰਜੀਤ ਜੱਸਲ ਨੇ ਫ਼ਿਲਮ ਦੇ ਸੈੱਟ 'ਤੇ ਪਹੁੰਚ ਕੇ ਇਹ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 'ਨਵਰੋਜ਼ ਗੁਰਬਾਜ਼ ਇੰਨਟਰਟੇਨਮੈਂਟ', 'ਬਸੰਤ ਇੰਨਟਰਟੇਨਮੈਂਟ' ਅਤੇ 'ਜ਼ਿੰਦਗੀ ਜ਼ਿੰਦਾਬਾਦ ਲਿਮਟਿਡ' ਦੇ ਬੈਨਰ ਹੇਠ ਬਣ ਰਹੀ ਪੰਜਾਬੀ ਫ਼ੀਚਰ ਫ਼ਿਲਮ 'ਆਸੀਸ'ਦੀ ਸ਼ੂਟਿੰਗ ਬੀਤੇ ਦਿਨੀਂ ਪਿੰਡ ਟਿੱਬਾ ਵਿਖੇ ਮੁਕੰਮਲ ਹੋ ਗਈ ਹੈ। ਇਹ ਪਹਿਲੀ ਵਾਰ ਹੈ ਕਿ ਕਿਸੇ ਫ਼ਿਲਮ ਦੀ ਸ਼ੂਟਿੰਗ ਬਿਨਾਂ ਕਿਸੇ ਬਰੇਕ ਸਿਰਫ਼ ਵੀਹ ਦਿਨਾਂ ਵਿਚ ਮੁਕੰਮਲ ਕੀਤੀ ਹੋਵੇ। ਭਾਵੇਂਕਿ ਸ਼ੂਟਿੰਗ ਦੌਰਾਨ ਮੌਸਮ ਨੇ ਵੀ ਆਪਣੇ ਠੰਡੇ -ਤੱਤੇ ਮਿਜ਼ਾਜ ਵਿਖਾਏ ਪਰ ਫ਼ਿਲਮ ਦੀ ਟੀਮ ਨੇ ਬੜੇ ਜੋਸ਼ ਅਤੇ ਲਗਨ ਨਾਲ ਆਪਣਾ ਕੰਮ ਜਾਰੀ ਰੱਖਿਆ। ਪਿੰਡ ਵਿਚ ਸ਼ੂਟਿੰਗ ਦੌਰਾਨ ਵਿਆਹ ਵਰਗਾ ਮਾਹੌਲ ਵੇਖਣ ਨੂੰ ਮਿਲਿਆ, ਜੋ ਅਕਸਰ ਬਹੁਤ ਘੱਟ ਫ਼ਿਲਮਾਂ ਦੇ ਸੈੱਟ 'ਤੇ ਵੇਖਣ ਨੂੰ ਮਿਲਦਾ ਹੈ। ਪੰਜਾਬੀ ਫ਼ਿਲਮਾਂ ਦੇ ਕਲਾਕਾਰ ਸਰਦਾਰ ਸੋਹੀ ਨੇ ਇਸੇ ਪਿੰਡ ਦੇ ਜੰਮਪਲ ਹੋਣ ਕਰਕੇ ਇਸ ਫ਼ਿਲਮ ਲਈ ਆਪਣਾ ਵਿਸ਼ੇਸ਼ ਸਹਿਯੋਗ ਦਿੱਤਾ। ਕਨੇਡਾ ਵਾਸੀ ਨਿਰਮਾਤਾ ਲਵਪ੍ਰੀਤ ਸਿੰਘ ਸੰਧੂ ਵੀ ਇਸੇ ਪਿੰਡ ਦੇ ਜੰਮਪਲ ਹਨ, ਜਿਨ੍ਹਾਂ ਨੇ ਫ਼ਿਲਮ ਦੇ ਸ਼ੂਟਿੰਗ ਕਾਰਜ ਵਿਚ ਪਿੰਡ ਵਾਸੀਆਂ ਦੇ ਹਰ ਪੱਖੋਂ ਮਿਲੇ ਸਹਿਯੋਗ ਦੀ ਸਰਾਹਨਾ ਕੀਤੀ। ਉਨ੍ਹਾਂ ਕਿਹਾ ਕਿ ਫ਼ਿਲਮ ਟੀਮ ਦੇ ਸਪੌਟ ਬੁਆਏ ਤੋਂ ਲੈ ਕੇ ਵੱਡੇ ਕਲਾਕਾਰ ਤੱਕ ਹਰੇਕ ਨੇ ਬੜੀ ਮਿਹਨਤ ਅਤੇ ਲਗਨ ਨਾਲ ਦਿਲੋਂ ਸਹਿਯੋਗ ਦਿੱਤਾ। ਸਾਰਿਆਂ ਦੇ ਸਹਿਯੋਗ ਦਾ ਧੰਨਵਾਦ ਕਰਦੇ ਹਾਂ। ਪਿੰਡ ਵਾਸੀਆਂ, ਪੁਲਿਸ ਪ੍ਰਸ਼ਾਸਨ ਤੇ ਪੱਤਰਕਾਰਾਂ ਨੇ ਵੀ ਆਪਣਾ ਵੱਡਮੁੱਲਾ ਸਹਿਯੋਗ ਦਿੱਤਾ।

ਫ਼ਿਲਮ ਦੀ ਸ਼ੂਟਿੰਗ ਦੇ ਆਖਰੀ ਦਿਨ ਰਾਣਾ ਰਣਬੀਰ ਅਤੇ ਨੇਹਾ ਪਵਾਰ ਦੇ ਕੁਝ ਹਾਸੇ-ਮਜ਼ਾਕ ਵਾਲੇ ਦ੍ਰਿਸ਼ ਫ਼ਿਲਮਾਏ ਗਏ। ਸ਼ਾਮ ਪੰਜ ਵਜੇ ਦੇ ਕਰੀਬ ਸ਼ੂਟਿੰਗ ਸਮਾਪਤ ਕਰਦਿਆਂ ਰਾਣਾ ਰਣਬੀਰ ਨੇ ਪਿੰਡ ਵਾਸੀਆਂ ਦੇ ਸਹਿਯੋਗ ਲਈ ਧੰਨਵਾਦ ਕੀਤਾ। ਇਸ ਤੋਂ ਬਾਅਦ ਨਿਰਮਾਤਾ ਲਵਪ੍ਰੀਤ ਲੱਕੀ ਸੰਧੂ ਦੇ ਘਰ ਇਕ ਸ਼ਾਨਦਾਰ ਪਾਰਟੀ ਕੀਤੀ ਗਈ ਅਤੇ ਕੇਕ ਕੱਟ ਕੇ ਜਸ਼ਨ ਮਨਾਇਆ ਗਿਆ। ਇਸ ਮੌਕੇ ਅਚਾਨਕ ਪੁੱਜੇ ਗਾਇਕ ਫਿਰੋਜ਼ ਖ਼ਾਨ ਨੇ ਆਪਣੇ ਗੀਤਾਂ ਨਾਲ ਮਾਹੌਲ ਨੂੰ ਸੰਗੀਤਕ ਰੰਗਤ ਦਿੱਤੀ। ਸੰਗੀਤਕਾਰ ਤੇਜਵੰਤ ਕਿੱਟੂ, ਸਰਦਾਰ ਸੋਹੀ, ਰਾਣਾ ਰਣਬੀਰ, ਰੁਪਿੰਦਰ ਰੂਪੀ, ਨੇਹਾ ਪਵਾਰ, ਰਾਜਵੀਰ ਬੋਪਾਰਾਏ, ਨਿਰਮਾਤਾ ਲਵਪ੍ਰੀਤ ਲੱਕੀ ਸੰਧੂ, ਪ੍ਰਦੀਪ ਸੰਧੂ, ਨਵਤੇਜ ਸੰਧੂ ਅਤੇ ਪੂਰੀ ਟੀਮ ਨੇ ਇਸ ਜਸ਼ਨ ਦਾ ਆਨੰਦ ਮਾਣਿਆ।

ਜ਼ਿਕਰਯੋਗ ਹੈ ਕਿ ਫ਼ਿਲਮ 'ਆਸੀਸ' ਲਈ ਬਤੌਰ ਨਿਰਮਾਤਾ ਬਲਦੇਵ ਸਿੰਘ ਬਾਠ, ਲਵਪ੍ਰੀਤ ਸਿੰਘ 'ਲੱਕੀ ਸੰਧੂ' ਤੇ ਰਾਣਾ ਰਣਬੀਰ ਨੇ ਸਾਂਝੇ ਤੌਰ 'ਤੇ ਯੋਗਦਾਨ ਪਾਇਆ ਹੈ। ਫ਼ਿਲਮ ਦੀ ਕਹਾਣੀ, ਡਾਇਲਾਗ ਖ਼ੁਦ ਰਾਣਾ ਰਣਬੀਰ ਨੇ ਲਿਖੇ ਹਨ। ਨਿਰਦੇਸ਼ਕ ਵਜੋਂ ਇਹ ਰਾਣਾ ਰਣਬੀਰ ਦੀ ਪਹਿਲੀ ਫ਼ਿਲਮ ਹੈ। ਰਾਣਾ ਰਣਬੀਰ, ਨੇਹਾ ਪਵਾਰ, ਸਰਦਾਰ ਸੋਹੀ, ਸੀਮਾ ਕੌਸ਼ਲ, ਰੁਪਿੰਦਰ ਰੂਪੀ, ਗੁਰਪ੍ਰੀਤ ਕੌਰ ਭੰਗੂ, ਅਨੀਤਾ ਮੀਤ, ਵਿਜੈ ਟੰਡਨ, ਮਲਕੀਤ ਰੌਣੀ, ਕੁਲਜਿੰਦਰ ਸਿੱਧੂ, ਸ਼ੇਵਿਨ ਰੇਖੀ, ਦਿਲਰਾਜ ਕੌਰ, ਅਰਵਿੰਦਰ ਕੌਰ, ਜੱਗੀ ਧੂਰੀ, ਰਾਜਵੀਰ ਬੋਪਾਰਾਏ, ਰੁਪਿੰਦਰਜੀਤ ਸ਼ਰਮਾ, ਸ਼ਵਿੰਦਰ ਵਿੱਕੀ, ਸੰਦੀਪ ਕੌਰ, ਜੋਤ ਅਰੋੜਾ, ਉਮੰਗ ਸ਼ਰਮਾ, ਰਘੂਬੀਰ ਬੋਲੀ, ਸੈਮੂਅਲ ਜੋਹਨ ਤੇ ਪ੍ਰਦੀਪ ਸਰਾਂ ਆਦਿ ਕਲਾਕਾਰਾਂ ਨੇ ਇਸ ਫ਼ਿਲਮ ਵਿਚ ਕੰਮ ਕੀਤਾ ਹੈ। ਬਾਲੀਵੁੱਡ ਫ਼ਿਲਮਾਂ ਦੇ ਨਾਮੀਂ ਕੈਮਰਾਮੈਨ ਰੰਗਾਨਾਥ ਨੇ ਫੋਟੋਗ੍ਰਾਫ਼ੀ ਦੀਆਂ ਸੇਵਾਵਾਂ ਦਿੱਤੀਆਂ ਹਨ। ਲਾਈਨ ਪ੍ਰੋਡਿਊਸਰ ਦੀ ਜ਼ਿੰਮੇਵਾਰੀ ਪ੍ਰਦੀਪ ਸੰਧੂ ਨੇ ਨਿਭਾਈ ਹੈ। ਡਾਇਰੈਕਸ਼ਨ ਟੀਮ ਵਿਚ ਤਕਨੀਕੀ ਸਲਾਹਕਾਰ ਵਜੋਂ ਨਵਤੇਜ ਸੰਧੂ ਅਹਿਮ ਰਹੇ। ਫ਼ਿਲਮ ਦੇ ਗੀਤ ਅਮਰ ਕਵੀ, ਗਿੱਲ ਰੌਤਾਂ ਤੇ ਰਾਣਾ ਰਣਬੀਰ ਨੇ ਲਿਖੇ ਹਨ, ਜਿਨ੍ਹਾਂ ਨੂੰ ਤੇਜਵੰਤ ਕਿੱਟੂ ਦੇ ਸੰਗੀਤ ਵਿਚ ਲਖਵਿੰਦਰ ਵਡਾਲੀ, ਫ਼ਿਰੋਜ਼ ਖ਼ਾਨ, ਪ੍ਰਦੀਪ ਸਰਾਂ, ਗੁਰਲੇਜ਼ ਅਖਤਰ, ਕੁਲਵਿੰਦਰ ਕੈਲੀ ਅਤੇ ਕੰਵਰ ਗਰੇਵਾਲ ਆਦਿ ਗਾਇਕਾਂ ਨੇ ਪਲੇਅ ਬੈਕ ਗਾਇਆ ਹੈ।

ਨਿਰਮਾਤਾ ਲਵਪ੍ਰੀਤ ਸਿੰਘ ਲੱਕੀ ਸੰਧੂ ਨੇ ਦੱਸਿਆ ਕਿ ਇਹ ਫ਼ਿਲਮ ਸਮਾਜ ਵਿਚ ਰਹਿੰਦੇ ਆਮ ਲੋਕਾਂ ਦੀ ਕਹਾਣੀ ਹੈ। ਸਮਾਜਿਕ ਮੁੱਦਿਆਂ 'ਤੇ ਬਣਨ ਵਾਲੀ ਇਸ ਫ਼ਿਲਮ ਵਿਚ ਰਿਸ਼ਤੇ-ਨਾਤਿਆਂ ਦੀ ਅਹਿਮੀਅਤ ਨੂੰ ਸਮਝਾਉਣ ਦਾ ਯਤਨ ਹੈ। ਇਸ ਫ਼ਿਲਮ ਦੀ ਸ਼ੂਟਿੰਗ ਪੂਰੀ ਹੋ ਚੁੱਕੀ ਹੈ ਤੇ ਤਕਨੀਕੀ ਕੰਮ ਜਲਦੀ ਹੀ ਸ਼ੁਰੂ ਕਰ ਰਹੇ ਹਾਂ। 22 ਜੂਨ 2018 ਨੂੰ ਇਹ ਫ਼ਿਲਮ ਰਿਲੀਜ਼ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਵੀਹ ਦਿਨਾਂ ਦੀ ਸ਼ੂਟਿੰਗ ਦੌਰਾਨ ਫ਼ਿਲਮ ਅਤੇ ਸੰਗੀਤ ਜਗਤ ਦੀਆਂ ਅਨੇਕਾਂ ਨਾਮਵਰ ਹਸਤੀਆਂ ਇਸ ਟੀਮ ਨੂੰ ਆਪਣੀਆਂ ਆਸੀਸਾਂ ਦੇਣ ਆਈਆਂ। ਸਾਰਿਆਂ ਦਾ ਅਸੀਂ ਧੰਨਵਾਦ ਕਰਦੇ ਹਾਂ।



# ਫ਼ਿਲਮ ਢੋਲ ਰੱਤੀ ਦਾ

## ਪਹਿਲਾ ਪੋਸਟਰ ਜਾਰੀ



ਨਿਰਮਾਤਾ ਮਾਈਕ ਵਰਮਾ




'ਕੈਨਮ ਮੂਵੀ ਪ੍ਰੋਡਕਸ਼ਨ ਪ੍ਰਾਇ:ਲਿਮਿ:' ਦੇ ਬੈਨਰ ਹੇਠ ਛੇਤੀ ਰਿਲੀਜ਼ ਹੋ ਰਹੀ ਪੰਜਾਬੀ ਫ਼ਿਲਮ 'ਢੋਲ ਰੱਤੀ' ਦਾ 2017 ਦੇ ਆਖਰੀ ਦਿਨ 31 ਦਸੰਬਰ ਨੂੰ ਚੰਡੀਗੜ੍ਹ ਵਿਖੇ ਇਕ ਸ਼ਾਨਦਾਰ ਸਮਾਰੋਹ ਦੌਰਾਨ ਫ਼ਿਲਮ ਦਾ ਪਹਿਲਾ ਪੋਸਟਰ ਰਿਲੀਜ਼ ਕੀਤਾ ਗਿਆ ਅਤੇ ਫਸਟ ਲੁੱਕ ਟ੍ਰੇਲਰ ਆਏ ਹੋਏ ਮਹਿਮਾਨਾਂ ਨੂੰ ਦਿਖਾਇਆ ਗਿਆ। ਪੋਸਟਰ ਅਤੇ ਟ੍ਰੇਲਰ ਦੋਵਾਂ ਦਾ ਹੀ ਭੰਡਾਲ ਵਿਚ ਸਜੇ ਸਾਰੇ ਦਰਸ਼ਕਾਂ ਅਤੇ ਫ਼ਿਲਮ ਕਲਾਕਾਰਾਂ ਨੇ ਪੂਰੀ ਗਰਮਜੋਸ਼ੀ ਵਿਚ ਭਰਪੂਰ ਤਾੜੀਆਂ ਦੀ ਗੂੰਜ ਨਾਲ ਸਵਾਗਤ ਕੀਤਾ। ਇਸ ਮੌਕੇ ਦਿੱਲੀ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਪੌਪ ਗਾਇਕ ਆਸ਼ੂ ਪੰਜਾਬੀ ਅਤੇ ਪੰਜਾਬ ਦੇ ਮਸ਼ਹੂਰ ਗਾਇਕ ਸੁਰਜੀਤ ਭੁੱਲਰ ਨੇ ਆਪਣੇ ਫ਼ਨ ਦਾ ਮੁਜ਼ਾਹਰਾ ਕੀਤਾ। ਇਸ ਮੌਕੇ ਵਿਸ਼ੇਸ਼ ਮਹਿਮਾਨ ਕਲਾਕਾਰਾਂ ਵਿਚ ਇਸ ਫ਼ਿਲਮ ਦੇ ਨਾਇਕ ਲਖਵਿੰਦਰ ਲੱਖਾ, ਅਦਾਕਾਰਾ ਪੂਜਾ ਠਾਕੁਰ, ਰੁਪਿੰਦਰ ਰੂਪੀ, ਮਲਕੀਤ ਰੌਣੀ, ਗੁਰਪ੍ਰੀਤ ਭੰਗੂ, ਖੁਸ਼ਬੂ ਵਰਮਾ ਤੋਂ ਇਲਾਵਾ ਗੁਰਜਿੰਦ ਮਾਨ, ਕਾਂਸ਼ੀ ਰਾਮ ਚੰਨ, ਬੋਬ ਖਹਿਰਾ, ਲਾਲੀ ਗਿੱਲ, ਹਰਬਖਸ਼ ਲਾਟਾ ਅਤੇ ਦਲਜੀਤ ਅਰੋੜਾ ਆਦਿ ਹਾਜ਼ਰ ਸਨ।

## ਪੁਰਾਤਨ ਸੱਭਿਆਚਾਰ ਦੇ ਰੰਗ ਵਿਚ ਰੰਗੀ ਹੈ 'ਢੋਲ ਰੱਤੀ'- ਨਿਰਮਾਤਾ ਮਾਈਕ ਵਰਮਾ

ਇਸ ਮੌਕੇ 'ਕੈਨਮ ਮੂਵੀ ਪ੍ਰੋਡਕਸ਼ਨ ਪ੍ਰਾਇ: ਲਿਮਿ:' ਦੇ ਮਾਲਕ, ਫ਼ਿਲਮ ਨਿਰਮਾਤਾ ਮਾਇਕ ਵਰਮਾ ਨੇ ਫ਼ਿਲਮ 'ਢੋਲ ਰੱਤੀ' ਬਾਰੇ ਗੱਲ ਕਰਨ ਤੋਂ ਪਹਿਲਾਂ ਆਪਣੇ ਬਾਰੇ ਅਤੇ ਆਪਣੀ ਕੰਪਨੀ ਬਾਰੇ ਸੰਖੇਪ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੈਂ ਕਾਫ਼ੀ ਸਾਲਾਂ ਤੋਂ ਅਮਰੀਕਾ ਅਤੇ ਕਨੇਡਾ ਵਿਚ ਰਹਿ ਕੇ ਹੋਸਪੀਟੈਲਟੀ ਇੰਡਸਟਰੀ ਨਾਲ ਸਬੰਧਤ ਬਿਜ਼ਨਸ ਕਰ ਰਿਹਾ ਹਾਂ। 'ਕੈਨਮ ਮੂਵੀ ਪ੍ਰੋਡਕਸ਼ਨ ਕੰਪਨੀ' ਦਾ ਨਿਰਮਾਣ ਮੇਰਾ ਪੂਰਾ ਹੋਇਆ ਉਹ ਸੁਪਨਾ ਹੈ ਜੋ ਮੈਂ ਐਂਟਰਟੇਨਮੈਂਟ ਮੀਡੀਆ ਖੇਤਰ ਰਾਹੀਂ ਪਹਿਲ ਦੇ ਅਧਾਰ 'ਤੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਲਈ ਸੋਚਿਆ ਸੀ। ਸਾਡਾ ਮੁੱਖ ਮਕਸਦ ਆਪਣੀ ਕੰਪਨੀ ਦੇ ਨਿਰਮਾਣ ਅਧੀਨ ਮਿਊਜ਼ਿਕ ਵੀਡੀਓ, ਟੀ.ਵੀ. ਸੀਰੀਅਲ, ਸ਼ਾਰਟ ਫ਼ਿਲਮਾਂ ਅਤੇ ਫੀਚਰ ਫ਼ਿਲਮਾਂ ਰਾਹੀਂ ਨਵੇਂ ਕਲਾਕਾਰਾਂ ਨੂੰ ਉਨ੍ਹਾਂ ਦੇ ਟੈਲੇਂਟ ਦੇ ਅਧਾਰ 'ਤੇ ਕੰਮ ਦੇਣਾ ਹੈ। ਅਸੀਂ ਬਾਲੀਵੁੱਡ ਫ਼ਿਲਮਾਂ ਦਾ ਨਿਰਮਾਣ ਵੀ ਕਰ ਰਹੇ ਹਾਂ। ਅਸੀਂ ਆਪਣਾ ਪੋਸਟ ਪ੍ਰੋਡਕਸ਼ਨ ਹਾਊਸ, ਸ਼ੂਟਿੰਗ ਸਟੂਡੀਓ ਅਤੇ ਡਬਿੰਗ ਸਟੂਡੀਓ ਵੀ ਚੰਡੀਗੜ੍ਹ ਵਿਖੇ ਬਣਾਇਆ ਹੈ, ਜਿੱਥੇ ਵੱਖ-ਵੱਖ ਫ਼ਿਲਮਾਂ ਦਾ ਕੰਮ ਵੀ ਚੱਲਦਾ ਰਹਿੰਦਾ ਹੈ।

ਪੁਰਾਤਣ ਪੰਜਾਬੀ ਸੱਭਿਆਚਾਰ ਦੀ ਤਸਵੀਰ ਪੇਸ਼ ਕਰਦੀ, ਆਪਣੀ ਪਹਿਲੀ ਹੋਮ ਪ੍ਰੋਡਕਸ਼ਨ ਫ਼ਿਲਮ 'ਢੋਲ ਰੱਤੀ' ਬਾਰੇ ਗੱਲ ਕਰਦਿਆਂ ਨਿਰਮਾਤਾ ਮਾਇਕ ਵਰਮਾ ਨੇ ਫਿਲਮ ਵਿਚਲੇ ਕਲਾਕਾਰਾਂ ਅਤੇ ਬਾਕੀ ਟੀਮ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਨੌਜਵਾਨ ਫ਼ਿਲਮ ਲੇਖਕ ਬੱਬਰ ਗਿੱਲ ਦੀ ਲਿਖੀ ਅਤੇ ਨਿਰਦੇਸ਼ਕ ਸ਼ਿਵਮ ਸ਼ਰਮਾ ਦੁਆਰਾ ਬਣਾਈ ਗਈ ਇਸ ਫ਼ਿਲਮ ਦੇ ਪ੍ਰਮੁੱਖ ਕਲਾਕਾਰਾਂ ਵਿਚ ਲਖਵਿੰਦਰ ਸਿੰਘ ਲੱਖਾ, ਅਰਸ਼ ਚਾਵਲਾ, ਪੂਜਾ ਠਾਕੁਰ, ਬੱਬਰ ਗਿੱਲ, ਮਲਕੀਤ ਰੌਣੀ, ਹਾਰਬੀ ਸੰਘਾ, ਹਰਿੰਦਰ ਭੁੱਲਰ, ਅੰਮ੍ਰਿਤਪਾਲ ਛੋਟੂ, ਰੁਪਿੰਦਰ ਰੂਪੀ, ਗੁਰਪ੍ਰੀਤ ਭੰਗੂ, ਅਨੀਤਾ ਮੀਤ, ਗੁਰਮੀਤ ਦਮਨ, ਰਨਦੀਪ ਭੰਗੂ, ਜਸਦੇਵ ਮਾਨ, ਖੁਸ਼ਬੂ ਵਰਮਾ, ਇਕੱਤਰ ਸਿੰਘ ਅਤੇ ਸੁਰਜੀਤ ਭੁੱਲਰ ਦੇ ਨਾਂਅ ਵਰਨਣ ਯੋਗ ਹਨ। ਫ਼ਿਲਮ ਦਾ ਸੰਗੀਤ ਤਨੁਜ ਜੇਟਲੀ ਨੇ ਦਿੱਤਾ ਹੈ ਅਤੇ ਗੀਤ ਮੀਕਾ ਸਿੰਘ, ਨਛੱਤਰ ਗਿੱਲ, ਸੁਰਜੀਤ ਭੁੱਲਰ, ਆਸ਼ੂ ਪੰਜਾਬੀ, ਸੁਦੇਸ਼ ਕੁਮਾਰੀ, ਰਾਣੀ ਰਨਦੀਪ, ਨੀਤੂ ਭੱਲਾ ਅਤੇ ਬੱਬਰ ਗਿੱਲ ਨੇ ਗਾਏ ਹਨ। ਫ਼ਿਲਮ ਦੇ ਡੀ.ਓ.ਪੀ. ਵਿਸ਼ਵਾਨਾਥ ਪ੍ਰਜਾਪਤੀ ਹਨ, ਐਕਸ਼ਨ ਦੇਵ ਸ਼ਰਮਾ ਦਾ ਹੈ, ਐਡੀਟਰ ਨਵਨੀਤ ਅਰਜੁਨ, ਡਿਜ਼ਾਇਨਰ 'ਏ.ਪੀ. ਕ੍ਰਿਏਸ਼ਨ' ਅਤੇ ਪੋਸਟ ਪ੍ਰੋਡਕਸ਼ਨ ਸਾਡੇ ਆਪਣੇ ਹੀ ਸਟੂਡੀਓ 'ਕੈਨਮ ਮੂਵੀਜ਼ ਸਟੂਡੀਓ' ਦੀ ਹੈ। ਉਮੀਦ ਹੈ ਦਰਸ਼ਕ 'ਢੋਲ ਰੱਤੀ' ਰਾਹੀਂ ਸਾਡੇ ਪੰਜਾਬੀ ਸਿਨੇਮਾ ਵਿਚ ਰੱਖੇ ਕਦਮ ਦਾ ਸਵਾਗਤ ਕਰਦੇ ਹੋਏ ਸਾਡੀ ਹੌਸਲਾ ਅਫ਼ਜਾਈ ਜ਼ਰੂਰ ਕਰਨਗੇ।

ਮਨਜੋਤ ਅਰੋੜਾ।
# 09867399924



# ਫ਼ਿਲਮ ਆਲ੍ਹਣਾ ਰਾਹੀਂ ਪਾਲੀਵੁੱਡ 'ਚ ਨਵੇਂ ਚਿਹਰੇ ਦੀ ਆਮਦ

-ਲਖਨ ਪਾਲ।
# 9646255302

# ਸਿਮਰਨ ਕੌਰ ਹੁੰਦਲ





ਭਾਰਤੀ ਟੈਲੀਵਿਜ਼ਨ ਦੀ ਦੁਨੀਆ ਵਿਚ ਆਪਣੀ ਉਮਦਾ ਪਹਿਚਾਣ ਬਣਾਉਣ ਵਾਲੀ ਟੀ. ਵੀ. ਅਦਾਕਾਰਾ ਸਿਮਰਨ ਕੌਰ ਹੁੰਦਲ ਹੁਣ ਪਾਲੀਵੁੱਡ ਵਿਚ ਡੈਬਿਊ ਕਰਨ ਜਾ ਰਹੀ ਹੈ। ਨਾਮੀ ਚੈਨਲਾਂ ਦੇ ਲੜੀਵਾਰਾਂ 'ਚ ਲੀਡ ਕਿਰਦਾਰ ਅਦਾ ਕਰਨ ਵਾਲੀ ਸਿਮਰਨ ਦਿਲਜੀਤ ਦੁਸਾਂਝ ਦੇ ਗੀਤ 'ਲੈਂਬਰਗਿਨੀ' ਤੇ ਹਰੀਸ਼ ਵਰਮਾ ਦੇ ਗੀਤ 'ਇਕ ਵਾਰੀਂ ਸੋਚ ਲੈ' 'ਚ ਵੀ ਮੁੱਖ ਭੂਮਿਕਾ ਨਿਭਾ ਚੁੱਕੀ ਹੈ। ਸਿਮਰਨ ਹੁੰਦਲ ਹੁਣ ਪਾਲੀਵੁੱਡ ਦੀ ਫ਼ਿਲਮ 'ਆਲ੍ਹਣਾ' ਵਿਚ ਬਤੌਰ ਅਦਾਕਾਰਾ ਨਜ਼ਰ ਆਵੇਗੀ। ਪੇਸ਼ ਹੈ ਸਿਮਰਨ ਕੌਰ ਹੁੰਦਲ ਨਾਲ ਵਿਸ਼ੇਸ਼ ਗੱਲਬਾਤ:-

**ਹੁਣ ਤੱਕ ਤੁਸੀਂ ਕਿਹੜੇ-ਕਿਹੜੇ ਲੜੀਵਾਰ ਕੀਤੇ ?**

ਮੇਰੀ ਸ਼ੁਰੂਆਤ ਟੀ. ਵੀ. ਚੈਨਲ ਤੋਂ ਹੋਈ ਹੈ। ਸਭ ਤੋਂ ਪਹਿਲਾਂ ਮੈਂ ਸਟਾਰ ਵੰਨ ਦੇ ਸ਼ੋਅ 'ਲਵ ਨੇ ਮਿਲਾ ਦੀ ਜੋੜੀ' ਵਿਚ ਕੰਮ ਕੀਤਾ। ਇਸ ਵਿਚ ਮੈਂ ਲੀਡ ਭੂਮਿਕਾ ਨਿਭਾਈ ਸੀ। ਇਸ ਤੋਂ ਬਾਅਦ ਕਲਰਸ ਚੈਨਲ ਦੇ ਬਹੁ-ਚਰਚਿਤ ਲੜੀਵਾਰ 'ਨਾ ਆਨਾ ਇਸ ਦੇਸ ਲਾਡੋ' ਵਿਚ ਵੀ ਮੈਂ ਲੀਡ ਭੂਮਿਕਾ ਨਿਭਾਈ। ਇਸੇ ਤਰ੍ਹਾਂ ਸੋਨੀ ਟੀ. ਵੀ. ਦੇ ਲੜੀਵਾਰ 'ਅਨਾਮਿਕਾ' ਵਿਚ ਵੀ ਮੇਰਾ ਮੁੱਖ ਕਿਰਦਾਰ ਸੀ।

**ਦਿਲਜੀਤ ਦੁਸਾਂਝ ਦੇ ਗੀਤ 'ਲੈਂਬਰਗਿਨੀ' ਤੇ ਹਰੀਸ਼ ਵਰਮਾ ਦੇ ਗੀਤ 'ਇਕ ਵਾਰੀਂ ਸੋਚ ਲੈ' ਵਿਚ ਵੀ ਤੁਸੀਂ ਕੰਮ ਕੀਤਾ, ਉਸ ਬਾਰੇ ਦੱਸੋ ?**

ਦਰਅਸਲ ਮੈਂ ਸ਼ੁਰੂ ਤੋਂ ਹੀ ਬਤੌਰ ਲੀਡ ਐਕਟ੍ਰੈਸ ਕੰਮ ਕੀਤਾ। ਮੈਂ ਕੋਈ ਮਾਡਲ ਨਹੀਂ, ਪ੍ਰੰਤੂ ਨਿਰਦੇਸ਼ਕ ਅਨੁਰਾਗ 'ਤੇ ਉਨ੍ਹਾਂ ਦੀ ਪਤਨੀ ਸਰਘੀ ਜੋ ਮੇਰੇ ਕਾਫ਼ੀ ਕਰੀਬੀ ਹਨ, ਦੇ ਕਹਿਣ 'ਤੇ ਮੈਂ ਦਿਲਜੀਤ ਦੇ ਗੀਤ 'ਲੈਂਬਰਗਿਨੀ' ਵਿਚ ਕੰਮ ਕੀਤਾ। ਇਸੇ ਤਰ੍ਹਾਂ ਹਰੀਸ਼ ਵਰਮਾ ਵੀ ਮੇਰੇ ਕਾਫ਼ੀ ਚੰਗੇ ਦੋਸਤ ਹਨ। ਹਰੀਸ਼ ਵਰਮਾ, ਸਰਘੀ ਤੇ ਮੈਂ ਤਿੰਨਾਂ ਨੇ 'ਲਾਡੋ' ਵਿਚ ਇਕੱਠੇ ਕੰਮ ਕੀਤਾ ਹੈ। ਸੋ ਹਰੀਸ਼ ਦੇ ਕਹਿਣ 'ਤੇ ਮੈਂ ਉਨ੍ਹਾਂ ਦੇ ਗੀਤ 'ਇਕ ਵਾਰੀਂ ਸੋਚ ਲੈ' ਤੇ 'ਯਾਰ ਵੇ' ਵਿਚ ਕੰਮ ਕੀਤਾ।

**ਹਾਲ ਹੀ ਵਿਚ ਤੁਸੀਂ ਪੰਜਾਬੀ ਫ਼ਿਲਮ ਕੀਤੀ ਹੈ, ਉਸ ਬਾਰੇ ਦੱਸੋ ?**

'ਹੇਅਰ ਐਂਟਰਟੇਨਮੈਂਟ' ਤੇ 'ਕੌਆਸ ਮੀਡੀਆ' ਵੱਲੋਂ ਬਣਾਈ ਜਾ ਰਹੀ ਨਿਰਦੇਸ਼ਕ ਜਨਜੋਤ ਸਿੰਘ ਦੀ ਫ਼ਿਲਮ 'ਆਲ੍ਹਣਾ' ਦੀ ਸ਼ੂਟਿੰਗ ਮੈਂ ਹਾਲ ਹੀ 'ਚ ਮੁਕੰਮਲ ਕੀਤੀ ਹੈ। ਇਸ ਫ਼ਿਲਮ ਲਈ ਮੈਨੂੰ ਨਿਰਦੇਸ਼ਕ ਜਨਜੋਤ ਸਿੰਘ ਨੇ ਫੋਨ ਕੀਤਾ ਤੇ ਜਦੋਂ ਮੈਂ ਇਸ ਫ਼ਿਲਮ ਦੀ ਕਹਾਣੀ ਸੁਣੀ ਤੇ ਜਨਜੋਤ ਹੁਰਾਂ ਨੇ ਮੈਨੂੰ ਨਰੇਸ਼ਨ ਦਿੱਤੀ ਤਾਂ ਮੈਂ ਫ਼ਿਲਮ ਲਈ ਹਾਂ ਕਰ ਦਿੱਤੀ। ਇਸ ਫ਼ਿਲਮ ਵਿਚ ਮੇਰੇ ਆਪੋਜ਼ਿਟ ਗਾਇਕ ਨਿੰਜਾ ਹੈ। ਇਸ ਤੋਂ ਇਲਾਵਾ ਨਿਰਮਲ ਰਿਸ਼ੀ, ਬੀ. ਐਨ. ਸ਼ਰਮਾ, ਕੰਵਲਜੀਤ ਸਿੰਘ, ਅਨੀਤਾ ਦੇਵਗਨ ਸਮੇਤ ਕਈ ਅਹਿਮ ਕਲਾਕਾਰਾਂ ਨੇ ਫ਼ਿਲਮ ਵਿਚ ਕੰਮ ਕੀਤਾ ਹੈ।

**'ਆਲ੍ਹਣਾ' ਵਿਚ ਤੁਹਾਡਾ ਕਿਸ ਤਰ੍ਹਾਂ ਦਾ ਕਿਰਦਾਰ ਹੈ ?**

ਇਸ ਫ਼ਿਲਮ ਵਿਚ ਮੇਰਾ ਕਿਰਦਾਰ ਇਕ ਪੜ੍ਹੀ-ਲਿਖੀ ਕੁੜੀ ਦਾ ਹੈ, ਜਿਸ ਦਾ ਨਾਂਅ ਨਵਦੀਪ ਕੌਰ ਹੈ ਅਤੇ ਜੋ ਮੈਡੀਕਲ ਦੀ ਸਟੂਡੈਂਟ ਹੈ। ਨਵਦੀਪ ਇਕ ਕਾਫ਼ੀ ਸੁਲਝੀ ਹੋਈ ਕੁੜੀ ਹੈ। ਮੈਡੀਕਲ ਦੀ ਸਟੂਡੈਂਟ ਹੋਣ ਕਰਕੇ ਉਸ ਦਾ ਧਿਆਨ ਪੜ੍ਹਾਈ ਵਿਚ ਹੀ ਲੱਗਾ ਰਹਿੰਦਾ ਹੈ ਪਰ ਸਮਾਂ ਪਾ ਕੇ ਉਹ ਪਿਆਰ ਦੇ ਰੰਗ ਵਿਚ ਰੰਗੀ ਜਾਂਦੀ ਹੈ।

**ਕਿਹੋ ਜਿਹਾ ਤਜ਼ਰਬਾ ਰਿਹਾ ਫ਼ਿਲਮ ਦਾ, ਨਿੰਜੇ ਨਾਲ ਤੁਹਾਡੀ ਕੈਮਿਸਟਰੀ ਕਿਵੇਂ ਰਹੀ ?**

ਫ਼ਿਲਮ 'ਚ ਕੰਮ ਕਰਨ ਦਾ ਮੇਰਾ ਤਜਰਬਾ ਬਹੁਤ ਵਧੀਆ ਰਿਹਾ। 29 ਦਿਨਾਂ ਦੀ ਇਸ ਸ਼ੂਟਿੰਗ ਵਿਚ ਮੈਂ ਜਿੰਨੇ ਵੀ ਦਿਨ ਸੈੱਟ 'ਤੇ ਰਹੀ, ਹਰੇਕ ਦਿਨ ਨੂੰ ਇੰਨਜੋਏ ਕੀਤਾ। ਮੇਰੀ ਪਹਿਲੀ ਪੰਜਾਬੀ ਫ਼ਿਲਮ ਹੋਣ ਕਰਕੇ ਕੁਝ ਕੁ ਮੁਸ਼ਕਲਾਂ ਆਈਆਂ ਪਰ ਮੈਂ ਆਪਣੇ ਦੋਸਤ ਹਰੀਸ਼ ਵਰਮਾ ਕੋਲੋਂ ਫੋਨ 'ਤੇ ਪੁੱਛ ਲੈਂਦੀ ਸੀ। ਬਾਕੀ ਨਿਰਦੇਸ਼ਕ ਜਨਜੋਤ ਸਿੰਘ ਨੇ ਵੀ ਮੈਨੂੰ ਕਾਫ਼ੀ ਸਪੋਰਟ ਕੀਤੀ। ਜਿੱਥੋਂ ਤੱਕ ਨਿੰਜਾ ਤੇ ਮੇਰੀ ਕੈਮਿਸਟਰੀ ਦਾ ਸਵਾਲ ਹੈ, ਉਹ ਬਹੁਤ ਵਧੀਆ ਰਹੀ। ਨਿੰਜਾ ਜਿੰਨਾ ਵਧੀਆ ਗਾਇਕ ਤੇ ਅਦਾਕਾਰ ਹੈ, ਉਨ੍ਹਾਂ ਹੀ ਵਧੀਆ ਇਨਸਾਨ ਵੀ ਹੈ। ਮੈਂ ਇਕ ਦਿਨ ਵੀ ਸੈੱਟ 'ਤੇ ਬੋਰ ਨਹੀਂ ਹੋਈ।

**ਪਹਿਲਾਂ ਟੀ. ਵੀ. ਸੀਰੀਅਲ, ਫਿਰ ਗਾਣੇ ਤੇ ਹੁਣ ਪੰਜਾਬੀ ਫ਼ਿਲਮ, ਕਿੰਨਾ ਕੁ ਫ਼ਰਕ ਸਮਝਦੇ ਹੋ ਤਿੰਨਾਂ ਵਿਚ ?**

ਹਾਂਜੀ ਫ਼ਰਕ ਤਾਂ ਹੈ, ਟੀ. ਵੀ. ਸੀਰੀਅਲ ਲੰਮੇ ਸਮੇਂ ਤੱਕ ਚੱਲਦੇ ਹਨ ਤੇ ਇਕ ਕਲਾਕਾਰ ਨੂੰ ਆਪਣੇ ਉਸੇ ਕਿਰਦਾਰ ਨਾਲ ਬੱਝੇ ਰਹਿਣਾ ਪੈਂਦਾ ਹੈ, ਪਰ ਹਾਂ ਇਕ ਪਹਿਚਾਣ ਜ਼ਰੂਰ ਬਣ ਜਾਂਦੀ ਹੈ। ਦੂਜਾ ਗਾਣੇ ਵਿਚ ਛੋਟੇ ਤੇ ਘੱਟ ਕਿਰਦਾਰ ਹੁੰਦੇ ਹਨ ਤੇ ਫ਼ਿਲਮ ਇਨ੍ਹਾਂ ਦੋਨਾਂ ਤੋਂ ਵੱਖ ਹੁੰਦੀ ਹੈ। ਟੀ. ਵੀ. ਸੀਰੀਅਲ ਵਿਚ ਐਕਟ੍ਰੈਸ ਹੀ ਹੀਰੋਇਨ ਹੁੰਦੀ ਹੈ ਪਰ ਫ਼ਿਲਮਾਂ ਵਿਚ ਅਜਿਹਾ ਨਹੀਂ ਹੈ, ਇੱਥੇ ਹੀਰੋ ਮੁੱਖ ਹੁੰਦਾ ਹੈ ਤੇ ਹੀਰੋਇਨ ਸੈਕਿੰਡ ਲੀਡ ਹੀ ਹੁੰਦੀ ਹੈ।

**ਰੀਲ ਲਾਈਫ਼ ਤੇ ਰੀਅਲ ਲਾਈਫ਼ ਵਿਚ ਕਿਸ ਨੂੰ ਫੋਲੋ ਕਰਦੇ ਹੋ ?**

ਕਿਸੇ ਨੂੰ ਵੀ ਨਹੀਂ, ਦਰਅਸਲ ਮੈਂ ਕਿਸੇ ਦੂਸਰੇ ਨੂੰ ਕਦੀ ਫੋਲੋ ਨਹੀਂ ਕਰਦੀ ਪਰ ਹਾਂ ਮੈਂ ਦੂਸਰੇ ਕਲਾਕਾਰਾਂ ਤੋਂ ਕੁਝ ਨਾ ਕੁਝ ਸਿੱਖਦੀ ਜ਼ਰੂਰ ਹਾਂ। 'ਲਾਡੋ' ਵਿਚ ਵੀ ਮੈਂ ਮੇਘਨਾ ਮਲਿਕ ਤੋਂ ਬਹੁਤ ਕੁਝ ਸਿੱਖਿਆ। 'ਆਲ੍ਹਣਾ' ਵਿਚ ਨਿਰਮਲ ਰਿਸ਼ੀ ਜੀ ਤੋਂ ਕਾਫ਼ੀ ਕੁਝ ਸਿੱਖਣ ਨੂੰ ਮਿਲਿਆ।

**'ਆਲ੍ਹਣਾ' ਤੋਂ ਕੀ ਉਮੀਦਾਂ ਹਨ ?**

ਮੈਂ ਆਪਣੇ ਕੰਮ ਪ੍ਰਤੀ ਬਹੁਤ ਚੂਜ਼ੀ ਹਾਂ, ਮੈਂ ਉਹੀ ਕੰਮ ਕਰਦੀ ਹਾਂ, ਜੋ ਮੈਨੂੰ ਪਸੰਦ ਹੋਵੇ। 'ਆਲ੍ਹਣਾ' ਫ਼ਿਲਮ ਬਹੁਤ ਵਧੀਆ ਬਣੀ ਹੈ। ਪਰਿਵਾਰਿਕ ਫ਼ਿਲਮ ਹੈ, ਜੋ ਵੀ ਦੇਖੇਗਾ, ਉਸ ਨੂੰ ਪਸੰਦ ਆਵੇਗੀ। ਇਸ ਫ਼ਿਲਮ ਤੋਂ ਬਹੁਤ ਉਮੀਦਾਂ ਹਨ। ਪਹਿਲੀ ਵਾਰ ਆਪਣੇ ਆਪ ਨੂੰ ਵੱਡੀ ਸਕਰੀਨ 'ਤੇ ਵੇਖਣ ਲਈ ਬਹੁਤ ਉਤਸ਼ਾਹਿਤ ਹਾਂ।

**ਹੋਰ ਮਿਊਜ਼ਿਕ ਵੀਡੀਓ ਕਰੋਗੇ ਜਾਂ ਫਿਰ ਹੁਣ ਫ਼ਿਲਮਾਂ ਵੱਲ ਹੀ ਧਿਆਨ ਕੇਂਦਰਿਤ ਰਹੇਗਾ ?**

ਜੇ ਕੋਈ ਵਧੀਆ ਆਫਰ ਆਉਂਦੀ ਹੈ ਤਾਂ ਮੈਂ ਜ਼ਰੂਰ ਕਰਾਂਗੀ। ਬਸ਼ਰਤੇ ਗਾਇਕ ਤੇ ਨਿਰਦੇਸ਼ਕ ਵਧੀਆ ਹੋਵੇ। ਮੈਨੂੰ ਹਰ ਹਫ਼ਤੇ ਗਾਣਿਆਂ ਦੀ ਆਫ਼ਰ ਆਉਂਦੀ ਹੈ ਪਰ ਫਿਲਹਾਲ ਮੈਂ ਕਿਸੇ ਨੂੰ ਹਾਂ ਨਹੀਂ ਕੀਤੀ। ਇਸ ਤੋਂ ਇਲਾਵਾ ਫ਼ਿਲਮਾਂ ਦੀ ਆਫ਼ਰ ਵੀ ਆ ਰਹੀ ਹੈ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਮੇਰੀ ਫ਼ਿਲਮ ਅਜੇ ਰਿਲੀਜ਼ ਵੀ ਨਹੀਂ ਹੋਈ ਤੇ ਮੈਨੂੰ ਇੰਨੀਆਂ ਫ਼ਿਲਮਾਂ ਦੀ ਆਫਰ ਆਉਣ ਲੱਗ ਪਈ।

ਸੰਗੀਤਕ ਖਿੱਤੇ ਅਤੇ ਪੰਜਾਬੀ ਟੀ.ਵੀ. ਵਰਲਡ 'ਚ ਪ੍ਰਤਿਭਾਵਾਨ ਨੌਜਵਾਨ ਪਰਮ ਪਰਮਿੰਦਰ ਦਾ ਨਾਂਅ ਅੱਜ ਅਜਿਹੇ ਐਂਕਰ, ਹੋਸਟ ਵਜੋਂ ਲਿਆ ਜਾਂਦਾ ਹੈ, ਜਿਸ ਨੇ ਮਾਂ ਬੋਲੀ ਨੂੰ ਮਾਣਮੱਤੇ ਨਕਸ਼ ਦੇਣ ਅਤੇ ਪ੍ਰੋਗਰਾਮਾਂ ਨੂੰ ਚਾਹੇ ਉਹ ਗੰਭੀਰ ਹੋਣ, ਸੰਗੀਤਮਈ ਜਾਂ ਰਿਅਲਸਟਿਕ ਨੂੰ ਮਿਆਰੀ ਰੂਪ ਦੇਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਪੰਜਾਬੀ ਗਾਇਕੀ ਦੇ ਬਾਬਾ ਬੋਹੜ ਅਤੇ ਪੰਜਾਬੀਅਤ ਦੇ ਮੁਦਈ ਗੁਰਦਾਸ ਮਾਨ ਤੋਂ ਲੈ ਕੇ ਦਿਲਜੀਤ ਦੁਸਾਂਝ ਅਤੇ ਇਨ੍ਹਾਂ ਤੋਂ ਇਲਾਵਾ ਆਰਿਫ਼ ਲੁਹਾਰ, ਸੁਖਵਿੰਦਰ, ਸੁਨਿਧੀ ਚੌਹਾਨ, ਸੋਨੂੰ ਨਿਗਮ ਜਿਹੀਆਂ ਚਰਚਿਤ ਅਤੇ ਨਾਮਵਰ ਹਸਤੀਆਂ ਨਾਲ ਬਤੌਰ ਐਂਕਰ ਸਟੇਜਾਂ ਸਾਂਝੀਆਂ ਕਰਨ ਦਾ ਮਾਣ ਹਾਸਿਲ ਕਰ ਚੁੱਕੀ ਇਸ ਬਕਮਾਲ ਸ਼ਖ਼ਸੀਅਤ ਨਾਲ ਉਨ੍ਹਾਂ ਦੇ ਹੁਣ ਤੱਕ ਦੇ ਸਫ਼ਰ, ਜਜ਼ਬਾਤ ਅਤੇ ਭਵਿੱਖ ਦੀਆਂ ਯੋਜਨਾਵਾਂ ਨੂੰ ਲੈ ਕੇ ਹੋਈ ਗੱਲਬਾਤ ਦੇ ਪੇਸ਼ ਹਨ ਸੰਖੇਪ ਅੰਸ਼:



# ਲੰਮੇਰੀ ਮਿਹਨਤ ਬਾਅਦ ਹਾਸਲ ਹੋਈ ਸਫ਼ਲਤਾ ਹੀ ਪੈਰ ਜ਼ਮੀਨ ਨਾਲ ਜੋੜੀ ਰੱਖਦੀ ਹੈ - ਪਰਮ ਪਰਮਿੰਦਰ

-ਪਰਮਜੀਤ, ਫ਼ਰੀਦਕੋਟ
9855820713

**ਮੌਜੂਦਾ ਸਫ਼ਲ ਮੁਕਾਮ ਤੱਕ ਪਹੁੰਚਣ ਦਾ ਪੈਂਡਾ ਕਿੰਨਾ ਕੁ ਸੰਘਰਸ਼ਪੂਰਨ ਰਿਹਾ ?**

ਮੁਸ਼ਕਲਾਂ ਤਾਂ ਹਰ ਸ਼ੁਰੂਆਤੀ ਪੜਾਅ 'ਤੇ ਆਈਆਂ ਸਨ, ਪਰ ਪ੍ਰਮਾਤਮਾ ਦੀ ਮੇਹਰ, ਮਾਪਿਆਂ ਦੀ ਦਿੱਤੀ ਹੱਲਾਸ਼ੇਰੀ ਅਤੇ ਆਪਣੇ ਆਪ 'ਤੇ ਵਿਸ਼ਵਾਸ਼ ਕਾਰਨ ਆਖਰ ਮੰਜ਼ਿਲ ਪਾਉਣ ਦਾ ਰਾਹ ਹਾਸਲ ਹੋ ਹੀ ਗਿਆ, ਇਕ ਗੱਲ ਹੋਰ ਵੀ ਸਫ਼ਲਤਾ ਦਾ ਕਾਰਨ ਬਣੀ ਕਿ ਮੈਂ ਐਂਕਰ ਵਜੋਂ ਨਿਵੇਕਲੇ ਮਾਪਦੰਢ ਸਿਰਜਣ ਦਾ ਤਹੱਈਆ ਕਰਕੇ ਇਸ ਖੇਤਰ ਵਿਚ ਨਿੱਤਰਿਆ ਸੀ ਅਤੇ ਵੱਖੋਂ-ਵੱਖਰੇ ਰਾਹਾਂ ਦੀ ਬਜਾਏ ਇੱਕੋ ਪਾਸੇ ਫੋਕਸ ਬਣਾਈ ਰੱਖਿਆ, ਜਿਸ ਕਾਰਨ ਮਾਨਸਿਕ ਭਟਕਣਾਂ ਤੋਂ ਦੂਰ ਰਿਹਾ ਅਤੇ ਅੰਤ ਸੁਪਨਿਆਂ ਦੀ ਪੌੜੀ ਪਾ ਲਈ।

**ਇਸ ਖੇਤਰ ਵਿਚ ਹੁਣ ਤੱਕ ਦੀਆਂ ਖਾਸ ਪ੍ਰਾਪਤੀਆਂ।**

ਮੇਰੇ ਲਈ ਖੁਸ਼ਕਿਸਮਤੀ ਦੀ ਗੱਲ ਹੈ ਕਿ ਛੋਟੇ ਜਿਹੇ ਸਫ਼ਰ ਦੌਰਾਨ ਹੀ ਪ੍ਰਮੁੱਖ ਚੈਨਲ ਪੀ.ਟੀ.ਸੀ., ਜੀ ਪੰਜਾਬੀ, ਜੋਸ਼ ਟੀ ਵੀ, 9 ਐਕਸ ਟਸ਼ਨ ਲਈ 14 ਟੀ.ਵੀ. ਸ਼ੋਅਜ਼ ਕਰ ਚੁੱਕਾ ਹਾਂ, ਜਿਸ ਦਾ ਸਿਲਸਿਲਾ ਬਾ-ਦਸਤੂਰ ਜਾਰੀ ਹੈ। ਇਸ ਦੇ ਨਾਲ ਹੀ ਦੁਨੀਆ ਭਰ ਦੀਆਂ ਸਟੇਜਾਂ 'ਤੇ ਨਾਮੀ ਗਾਇਕਾਂ ਲਈ ਹੋਸਟਿੰਗ ਕੀਤੀ ਹੈ, ਕਾਮਯਾਬੀ ਦੇ ਨਵੇਂ ਦਿਸਹਿੱਦੇ ਕਾਇਮ ਕਰ ਰਹੇ ਸ਼ੋਅਜ਼ ਹੋਰ ਜੀ ਕੀ ਹਾਲ ਹੈ , ਆਨ ਏਅਰ ਅਲਫ਼ਾ, ਈ.ਟੀ.ਸੀ. ਪੰਜਾਬੀ ਅਤੇ ਜੀ.ਟੀ.ਵੀ. ਨੇ ਵੀ ਇਸ ਮਾਣ ਵਿਚ ਵਾਧਾ ਕੀਤਾ ਹੈ।

**ਐਂਕਰ ਅਤੇ ਹੋਸਟ ਵਜੋਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਕਿੰਨਾਂ ਗੱਲਾਂ ਨੂੰ ਵਿਸ਼ੇਸ਼ ਤਰਜ਼ੀਹ ਦਿੰਦੇ ਹੋ ?**

ਡਿਸਪਲਿਨਡ ਅਤੇ ਨਾਪ ਤੋਲ ਕੇ ਗੱਲ ਕਰਦਾ ਹਾਂ ਤਾਂ ਕਿ ਕੋਈ ਵੀ ਗੱਲ ਅਜਿਹੀ ਨਾ ਕਰ ਜਾਵਾਂ, ਜਿਸ ਨਾਲ ਕਿਸੇ ਦੇ ਮਨ ਨੂੰ ਠੇਸ ਪੁੱਜੇ ਜਾਂ ਗਲਤ ਸੰਦੇਸ਼ ਜਾਵੇ, ਰੱਬ ਦੀ ਦਿੱਤੀ ਇਸੇ ਨਿਆਮਤ ਦਾ ਨਤੀਜਾ ਹੈ ਕਿ ਨੌਜਵਾਨ ਵਰਗ ਤੋਂ ਲੈ ਕੇ ਬਜ਼ੁਰਗਾਂ, ਬੱਚਿਆਂ ਦਾ ਪੂਰਨ ਪਿਆਰ ਤੇ ਸਨੇਹ ਮਿਲ ਰਿਹਾ ਹੈ।

**ਅਜਿਹੇ ਪਲ ਜੋ ਯਾਦਗਾਰੀ ਰਹੇ।**

ਚੰਡੀਗੜ੍ਹ 'ਚ ਇਕ ਫ਼ਿਲਮੀ ਪ੍ਰਮੋਸ਼ਨਲ ਪ੍ਰੋਗਰਾਮ ਦੌਰਾਨ ਅਕਸ਼ੈ ਕੁਮਾਰ, ਸੋਨਾਕਸ਼ੀ ਵੱਲੋਂ ਹੌਂਸਲਾ ਅਫ਼ਜਾਈ ਕੀਤੇ ਜਾਣਾ, ਗੁਰਦਾਸ ਜੀ ਨਾਲ ਪਹਿਲੀ ਸਟੇਜ ਕਰਨਾ ਅਤੇ ਇਸੇ ਦੌਰਾਨ ਮਾਨ ਸਾਹਿਬ ਵੱਲੋਂ ਇਹ ਕਹਿਣਾ ਕਿ ਆਵਾਜ਼ ਅਤੇ ਲਹਿਜ਼ਾ ਬਾਕਮਾਲ ਹੈ ਤੇਰਾ ਪਰਮ, ਮੇਰੇ ਇਸੇ ਸਫ਼ਰ ਦੇ ਅਜਿਹੇ ਅਮਿੱਟ ਲਮਹੇਂ ਹਨ, ਜਿਨ੍ਹਾਂ ਨੂੰ ਸਾਰੀ ਹਯਾਤੀ ਮਨ ਵਿਚ ਸਹੇਜ ਕੇ ਰੱਖਣਾ ਚਾਹਾਂਗਾ।

**ਗੁਰਦਾਸ ਜੀ ਨਾਲ ਸਾਂਝ ਕਿੱਦਾਂ ਬਣੀ ਅਤੇ ਅਨੁਭਵ ਕਿਝ ਦਾ ਰਿਹਾ ?**

ਸਿਜਦਾ ਕਰਦਾ ਹਾਂ ਉਨ੍ਹਾਂ ਨੂੰ, ਜਿਨ੍ਹਾਂ ਨਾਲ ਸਾਲ 2014 ਵਿਚ ਆਈ ਫ਼ਿਲਮ 'ਦਿਲ ਵਿਲ ਪਿਆਰ ਵਿਆਰ' ਦੌਰਾਨ ਐਸੀ ਸਾਂਝ ਬਣੀ ਕਿ ਅੱਜ ਦੇਸ਼ ਅਤੇ ਵਿਦੇਸ਼ਾਂ ਵਿਚ 300 ਤੋਂ ਜ਼ਿਆਦਾ ਪ੍ਰੋਗਰਾਮ ਉਨ੍ਹਾਂ ਦੀ ਸੋਹਬਤ, ਹਾਜ਼ਰੀ ਵਿਚ ਸਫ਼ਲਤਾਪੂਰਵਕ ਕਰ ਚੁੱਕਾ ਹਾਂ, ਜਿਨ੍ਹਾਂ ਦਾ ਪਿਆਰ, ਸਨੇਹ ਮਿਲਣਾ ਜਿੱਥੇ ਮੇਰੇ ਲਈ ਨਿਆਮਤ ਵਾਲੀ ਗੱਲ ਰਹੀ, ਉੱਥੇ ਉਨ੍ਹਾਂ ਪਾਸੋਂ ਸਹਿਨਸ਼ੀਲਤਾ ਅਤੇ ਅਨੁਸ਼ਾਸਨ ਵੀ ਸਿੱਖਿਆ। ਮਾਨ ਸਹਿਬ ਰਿਅਲ ਪ੍ਰਫੋਰਮਰ ਹੋਣ ਦੇ ਨਾਲ-ਨਾਲ ਅਸਲ ਜੈਂਟਲਮੈਨ ਹਨ, ਜੋ ਹਰ ਜਗ੍ਹਾ ਚਾਹੇ ਉਹ ਸਟੇਜ ਹੋਵੇ ਜਾਂ ਅਸਲ ਜ਼ਿੰਦਗੀ ਹਰ ਥਾਂ ਹਰੇਕ ਦਾ ਦਿਲ ਜਿੱਤ ਲੈਂਦੇ ਹਨ।

**ਪੰਜਾਬੀ ਗਾਇਕੀ ਅਤੇ ਫ਼ਿਲਮਾਂ ਵਿਚ ਟਾਪ ਮੁਕਾਮ ਪਾ ਚੁੱਕੇ ਦਿਲਜੀਤ ਦੁਸਾਂਝ ਨਾਲ ਤੁਹਾਡਾ ਸਫ਼ਰ ਲੰਮੇਰਾ ਪੈਂਡਾ ਹੰਢਾ ਰਿਹਾ ਹੈ, ਕਿੱਦਾਂ ਰਹੀ ਉਨ੍ਹਾਂ ਨਾਲ ਇਹ ਜਰਨੀ ?**

ਸਭ ਤੋਂ ਪਹਿਲਾ ਇਕ ਗੱਲ ਉਨ੍ਹਾਂ ਬਾਰੇ ਕਹਿਣੀ ਚਾਹਾਗਾਂ ਕਿ ਬਹੁਤ ਹੀ ਸਾਊ, ਰੱਬ ਨੂੰ ਮੰਨਣ, ਗੁਰੂ ਲੜ ਲੱਗੇ ਰਹਿਣ ਅਤੇ ਉੱਚੇ ਨਿਸ਼ਾਨੇ ਮਾਪ ਕੇ ਚੱਲਣ ਵਾਲੇ ਸ਼ਖ਼ਸ ਹਨ ਦਿਲਜੀਤ ਜੀ, ਜਿਨ੍ਹਾਂ ਦੀ ਸੰਗਤ ਹੋਰ ਅੱਗੇ ਵਧਣ ਦੀ ਜਨੂੰਨੀਅਤ ਪੈਦਾ ਕਰ ਜਾਂਦੀ ਹੈ।

**ਇੰਨੀਂ ਦਿਨੀਂ ਕਈ ਐਂਕਰਜ਼ ਦੇ ਗਾਇਕ, ਐਕਟਰ ਦੀ ਹੋੜ ਵਿਚ ਸ਼ਾਮਲ ਹੋਣ ਅਤੇ ਪੰਜਾਬੀ ਸੰਗੀਤ ਅਤੇ ਫ਼ਿਲਮਾਂ ਨਾਲ ਜੁੜੇ ਕਲਾਕਾਰਾਂ, ਅਦਾਕਾਰਾਂ ਦੇ ਸ਼ੋਸ਼ੇਬਾਜੀਆਂ ਕਰਨ ਦਾ ਟ੍ਰੈਂਡ ਸਿਖ਼ਰਾਂ ਛੂਹ ਰਿਹਾ ਹੈ, ਇਸ ਬਾਰੇ ਕੀ ਸੋਚ ਰੱਖਦੇ ਹੋ ?**

ਇਹ ਰੁਝਾਨ ਦਰਸਾਉਂਦਾ ਹੈ ਕਿ ਅਜਿਹਾ ਕਰਨ ਵਾਲਿਆਂ ਵਿਚ ਆਤਮ ਵਿਸ਼ਵਾਸ ਨਹੀਂ ਹੈ, ਇਸੇ ਲਈ ਉਹ ਆਪਣੇ ਅਸਲ ਖਿੱਤੇ ਜਿਸ ਵਿਚ ਕਾਮਯਾਬੀ ਮਿਲੀ, ਵਿਚ ਕੁਝ ਨਿਵੇਕਲਾ ਕਰਨ ਦੀ ਖਵਾਹਿਸ਼ ਨਹੀਂ ਰੱਖਦੇ, ਕਿਉਂ ਕਿ ਸ਼ਾਇਦ ਆਪਣੇ ਆਪ 'ਤੇ ਭਰੋਸਾ ਨਾ ਹੋਣ ਕਾਰਨ ਉਨ੍ਹਾਂ ਨੂੰ ਲੱਗਣ ਲੱਗਦਾ ਹੈ ਕਿ ਜਿੰਨਾ ਸੰਭਵ ਹੋਵੇ ਵਗਦੀ ਗੰਗਾ ਵਿਚ ਹੱਥ ਧੋ ਲਏ ਜਾਣ। ਸਾਲਾਂ-ਬੱਧੀ ਰਿਆਜ਼ ਮੰਗਦੀ ਗਾਇਕੀ ਨੂੰ ਅਜਿਹੇ ਛੋਅਲੇ ਕਿੰਨਾ ਆਸਾਨ ਮੰਨ ਰਹੇ ਹਨ। ਜਿੱਥੋਂ ਤੱਕ ਸ਼ੋਸ਼ੇਬਾਜ਼ਾਂ ਦੀ ਗੱਲ ਹੈ, ਇਹ ਉਹੀ ਜ਼ਿਆਦਾ ਕਰ ਰਹੇ ਹਨ, ਜਿਨ੍ਹਾਂ ਦੇ ਪੈਰ ਥੱਲੇ ਬਟੇਰਾ ਆਇਆ ਅਤੇ ਮਿਹਨਤ ਨਾਲ ਸਫ਼ਲਤਾ ਨਸੀਬ ਨਹੀਂ ਹੋਈ।

ਸੋ ਸਿਆਣਿਆਂ ਦਾ ਮੰਨਣਾ ਹੈ ਕਿ ਅਜਿਹੇ ਲੋਕ ਚਾਰ ਦਿਨ ਦੀ ਚਾਨਣੀ, ਫਿਰ ਹਨੇਰੀ ਰਾਤ ਹੈ ਵਾਂਗ ਹੁੰਦੇ ਹਨ, ਜਦਕਿ ਲੰਮੇਰੀ ਮਿਹਨਤ ਬਾਅਦ ਸਫ਼ਲਤਾ ਹਾਸਲ ਕਰਨ ਵਾਲੇ ਜਿਨ੍ਹਾਂ ਦੇ ਪੈਰ ਹਮੇਸ਼ਾ ਜ਼ਮੀਨ ਜੁੜੇ ਰਹਿੰਦੇ ਹਨ, ਹੀ ਮਜਬੂਤ ਪੈੜਾਂ ਸਥਾਪਿਤ ਕਰਦੇ ਹੋਰਨਾਂ ਲਈ ਚਾਨਣ ਮੁਨਾਰਾ ਬਣਦੇ ਹਨ।

**ਭਵਿੱਖ ਦੀਆਂ ਯੋਜਨਾਵਾਂ ?**

ਸਾਲ 2018 ਵਿਚ ਬਾਲੀਵੁੱਡ ਵਿਚ ਬਤੌਰ ਹੋਸਟ ਕੁਝ ਨਵੇਂ ਮਾਪਦੰਢ ਸਿਰਜਣ ਦੀ ਚਾਹ ਹੈ, ਜਿੱਥੋਂ ਆ ਰਹੇ ਅੱਛੇ ਪ੍ਰੋਪੋਜ਼ਲ ਵੱਲ ਧਿਆਨ ਕੇਂਦਰਿਤ ਕਰ ਰਿਹਾ ਹਾਂ। ਇਸ ਤੋਂ ਇਲਾਵਾ ਪੰਜਾਬੀਅਤ ਦੀ ਵੀ ਹਰ ਸੰਭਵ ਸੇਵਾ ਕਰਨੀ ਵਿਸ਼ੇਸ਼ ਪਹਿਲ ਕਦਮੀ ਰਹੇਗੀ।






ਸਾਡੇ ਨਵੇਂ ਗੀਤਾਂ ਨਾਲ

ਨਵਾਂ ਸਾਲ ਅਤੇ ਲੋਹੜੀ ਦੀਆਂ ਬਹੁਤ-ਬਹੁਤ ਮੁਬਾਰਕਾਂ




ਨਿਰਮਾਤਾ, ਨਿਰਦੇਸ਼ਕ, ਲੇਖਕ ਤੇ
ਗਾਇਕ ਵਿਜੇ ਬੱਧਣ
9914793144

ਸੂਫ਼ੀ:ਗਾਇਕ ਮੁਮਤਾਜ ਹੰਸ
9855122323, 8872670003




ਵੱਲੋਂ: ਬੱਧਣ ਪ੍ਰੋਡਕਸ਼ਨ
ਪਿੰਡ: ਹੱਲਾ, ਡਾਕ: ਗੁਰਦਾਸਪੁਰ

HAPPY NEW YEAR & LOHRI





Gurdeep Sandhu
(Punjabi Feature Film's Hero)
# 98143-94850

Upcoming Movies
Pendu Jatt, Ishq Mohabbat, Serious Case

ਨਵਾਂ ਸਾਲ, ਲੋਹੜੀ ਅਤੇ ਗਣਤੰਤਰ ਦਿਵਸ ਦੀਆਂ ਬਹੁਤ-ਬਹੁਤ ਮੁਬਾਰਕਾਂ !


ਨਿਰਦੇਸ਼ਕ ਵਿਜੈ ਵਿਕਾਸ ਦੱਤ


ਨਿਰਦੇਸ਼ਕ ਰਾਜਦੀਪ ਸਿੰਘ


ਨਿਰਦੇਸ਼ਕ ਸੁਖਬੀਰ ਧੰਜਲ


ਯਸ਼ਪਾਲ ਭਾਸਕਰ (ਸਮਾਜ ਸੇਵਕ)


ਸੁਭਾਸ਼ ਗੁਪਤਾ (ਗੁਪਤਾ ਬੇਕਰਜ਼)

# ਵਿਸ਼ਵ ਪੰਜਾਬੀ ਮੀਡੀਆ ਕਾਨਫਰੰਸ ਵਿਸ਼ਵ ਦੇ ਪੰਜਾਬੀ ਮੀਡੀਆ ਲਈ ਇਕ ਸਾਂਝਾ ਮੰਚ -ਪ੍ਰੋ: ਕੁਲਬੀਰ ਸਿੰਘ

-ਲਖਨ ਪਾਲ।
# 9646255302



ਪ੍ਰੋ: ਕੁਲਬੀਰ ਸਿੰਘ 1990 ਤੋਂ ਟੈਲੀਵਿਜ਼ਨ ਸਮੀਖਿਆ ਅਤੇ ਪ੍ਰਵਾਸੀ ਪੰਜਾਬੀ ਮੀਡੀਆ ਜਿਹੇ ਹਫ਼ਤਾਵਾਰ ਕਾਲਮ ਲਿਖ ਰਹੇ ਹਨ। ਵਿਸ਼ਵ ਦੇ ਪੰਜਾਬੀ ਮੀਡੀਆ ਸਬੰਧੀ ਪੰਜ ਪੁਸਤਕਾਂ ਲਿਖ ਚੁੱਕੇ ਹਨ। 'ਵਰਲਡ ਪੰਜਾਬੀ ਐਵਾਰਡ ਸਮਾਰੋਹ' ਅਤੇ ਕਾਨਫਰੰਸਾਂ ਦਾ ਆਯੋਜਨ ਕਰ ਚੁੱਕੇ ਹਨ। ਉਨ੍ਹਾਂ ਦੇ ਇਸ ਕੰਮ ਬਦਲੇ ਦੁਨੀਆ ਭਰ ਵਿੱਚੋਂ ਉਨ੍ਹਾਂ ਨੂੰ ਬਹੁਤ ਸਾਰੇ ਇਨਾਮ ਤੇ ਸਨਮਾਨ ਮਿਲੇ ਹਨ। ਉਹ ਦੁਨੀਆ ਵਿਚ ਜਿੱਥੇ ਵੀ ਜਾਂਦੇ ਹਨ, ਉੱਥੋਂ ਦਾ ਪੰਜਾਬੀ ਮੀਡੀਆ ਬੇਹੱਦ ਮਾਣ ਸਤਿਕਾਰ ਦਿੰਦਾ ਹੈ। ਹੁਣ ਉਹ 18-19 ਜਨਵਰੀ ਨੂੰ ਜਲੰਧਰ ਵਿਖੇ 'ਚੌਥੀ ਵਿਸ਼ਵ ਪੰਜਾਬੀ ਮੀਡੀਆ ਕਾਨਫਰੰਸ' ਕਰਵਾ ਰਹੇ ਹਨ, ਜਿਸ ਵਿਚ ਪੰਜਾਬ, ਚੰਡੀਗੜ੍ਹ, ਦਿੱਲੀ, ਮੁੰਬਈ, ਕਨੇਡਾ, ਅਮਰੀਕਾ, ਇੰਗਲੈਂਡ, ਆਸਟ੍ਰੇਲੀਆ, ਨਿਊਜ਼ੀਲੈਂਡ, ਡੈਨਮਾਰਕ, ਇਟਲੀ, ਆਸਟਰੀਆ, ਹਾਲੈਂਡ ਆਦਿ ਮੁਲਕਾਂ ਤੋਂ ਮੀਡੀਆ ਪ੍ਰਤੀਨਿਧ ਪਹੁੰਚ ਰਹੇ ਹਨ। ਪੇਸ਼ ਹੈ 'ਚੌਥੀ ਵਿਸ਼ਵ ਮੀਡੀਆ ਕਾਨਫਰੰਸ' ਸਬੰਧੀ ਉਨ੍ਹਾਂ ਨਾਲ ਹੋਈ ਵਿਸ਼ੇਸ਼ ਗੱਲਬਾਤ:-

**ਪ੍ਰੋ: ਸਾਹਿਬ 'ਵਿਸ਼ਵ ਮੀਡੀਆ ਕਾਨਫਰੰਸ' ਦਾ ਵਿਚਾਰ ਕਿਵੇਂ ਆਇਆ?**

'ਵਰਲਡ ਪੰਜਾਬੀ ਟੈਲੀਵਿਜ਼ਨ, ਰੇਡੀਓ ਅਕੈਡਮੀ' ਸਾਡੀ ਐਨ. ਜੀ. ਓ. ਹੈ। ਇਸ ਸੰਸਥਾ ਵੱਲੋਂ ਅਸੀਂ ਲੰਮੇ ਸਮੇਂ ਤੋਂ ਪੰਜਾਬੀ ਮੀਡੀਆ ਸਬੰਧੀ ਸੈਮੀਨਾਰ, ਐਵਾਰਡ ਨਾਈਟ ਅਤੇ ਕਾਨਫਰੰਸ ਕਰਵਾਉਂਦੇ ਆ ਰਹੇ ਹਾਂ। ਪੰਜਾਬੀ ਮੀਡੀਆ ਸਬੰਧੀ ਅਜਿਹੀਆਂ ਸਰਗਰਮੀਆਂ ਦੀ ਲੋੜ ਸੀ। ਇਸ ਲਈ ਅਸੀਂ ਉਪਰੋਕਤ ਐਨ. ਜੀ. ਓ. ਦਾ ਗਠਨ ਕੀਤਾ। ਪੰਜਾਬੀ ਮੀਡੀਆ ਦਾ ਦੁਨੀਆ ਭਰ ਵਿਚ ਪ੍ਰਚਾਰ, ਪ੍ਰਸਾਰ ਹੋ ਰਿਹਾ ਹੈ। ਉਸ ਨੂੰ ਇਕ ਸਾਂਝਾ ਮੰਚ ਮੁਹੱਈਆ ਕਰਨ ਲਈ, ਉਸਦੀ ਗੱਲ ਤੋਰਨ ਲਈ ਅਸੀਂ 'ਵਿਸ਼ਵ ਮੀਡੀਆ ਕਾਨਫਰੰਸ' ਦੀ ਸ਼ੁਰੂਆਤ ਕੀਤੀ।

**ਇਹ ਚੌਥੀ ਕਾਨਫਰੰਸ ਹੋ ਰਹੀ ਹੈ। ਪਹਿਲੀਆਂ ਤਿੰਨ ਕਾਨਫਰੰਸ ਬਾਰੇ ਕੁਝ ਦੱਸੋ?**

ਪਹਿਲੀ ਕਾਨਫਰੰਸ ਜਲੰਧਰ ਵਿਚ, ਦੂਸਰੀ ਕਲਾ ਭਵਨ ਚੰਡੀਗੜ੍ਹ ਵਿਖੇ ਅਤੇ ਤੀਸਰੀ ਮੁੜ ਜਲੰਧਰ ਵਿਖੇ ਕਰਵਾਈ ਗਈ ਸੀ। ਤਿੰਨਾਂ ਵਿਚ ਗਹਿਰ ਗੰਭੀਰ ਵਿਚਾਰ ਚਰਚਾ ਹੋਈ। ਵਿਸ਼ਵ ਭਰ ਵਿਚ ਪੰਜਾਬੀ ਮੀਡੀਆ ਨੂੰ ਕੀ ਸਮੱਸਿਆਵਾਂ ਦਰਪੇਸ਼ ਹਨ ਅਤੇ ਕੀ ਸੰਭਾਵਨਾਵਾਂ ਹਨ, ਇਸ ਸਬੰਧੀ ਦੁਨੀਆ ਭਰ ਵਿੱਚੋਂ ਪੁੱਜੇ ਬੁਲਾਰਿਆਂ ਨੇ ਖੁੱਲ੍ਹ ਕੇ ਆਪਣੀ ਗੱਲ ਕਹੀ। ਇਹੀ ਨਹੀਂ ਕਾਨਫਰੰਸ ਦੌਰਾਨ ਪੇਸ਼ ਖੋਜ-ਪੇਪਰਾਂ ਅਤੇ ਵਿਚਾਰਾਂ ਨੂੰ ਅਸੀਂ ਪੁਸਤਕ ਰੂਪ ਵਿਚ ਵੀ ਸਾਂਭ ਲੈਂਦੇ ਹਾਂ, ਉਹ ਇਕ ਦਸਤਾਵੇਜ ਬਣ ਜਾਂਦਾ ਹੈ।

**'ਚੌਥੀ ਵਿਸ਼ਵ ਮੀਡੀਆ ਕਾਨਫਰੰਸ' ਵਿਚ ਕਿਹੜੇ ਵਿਸ਼ਿਆਂ ਸਬੰਧੀ ਵਿਚਾਰਾਂ ਹੋਣਗੀਆਂ?**

ਮੀਡੀਆ 'ਤੇ ਤਰ੍ਹਾਂ-ਤਰ੍ਹਾਂ ਦੇ ਦਬਾਅ ਵੱਧ ਰਹੇ ਹਨ। ਮੀਡੀਆ ਦੀ ਆਜ਼ਾਦੀ ਦੀ ਗੱਲ ਹੋਵੇਗੀ। ਨਿਊ ਮੀਡੀਆ ਸਮੇਂ ਦੀ ਲੋੜ ਬਣ ਗਿਆ ਹੈ। ਇਸ ਦੇ ਚੰਗੇ-ਮਾੜੇ ਪੱਖਾਂ ਨੂੰ ਵਿਚਾਰਿਆ ਜਾਵੇਗਾ। ਪੰਜਾਬੀ ਮੀਡੀਆ ਦੇ ਪ੍ਰਸੰਗ ਵਿਚ ਪੰਜਾਬੀ ਜ਼ੁਬਾਨ ਦੀ ਕੀ ਸਥਿਤੀ ਹੈ, ਕੀ ਬਦਲਾਅ ਆ ਰਹੇ ਹਨ, ਇਸ ਬਾਰੇ ਪੇਸ਼ਕਾਰੀ ਹੋਵੇਗੀ। ਟੈਲੀਵਿਜ਼ਨ, ਰੇਡੀਓ, ਅਖ਼ਬਾਰਾਂ ਦਾ ਅਜੋਕਾ ਦ੍ਰਿਸ਼ ਕੀ ਹੈ। ਤਕਨੀਕ ਅਤੇ ਵਿਸ਼ਾ ਸਮੱਗਰੀ ਪੱਖੋਂ ਕੀ ਤਬਦੀਲੀਆਂ ਆਈਆਂ ਹਨ, ਵੇਖਿਆ, ਸਮਝਿਆ ਜਾਵੇਗਾ। ਪੰਜਾਬੀ ਫ਼ਿਲਮਾਂ ਧੜਾਧੜ ਬਣ ਰਹੀਆਂ ਹਨ, ਪ੍ਰੰਤੂ ਉਨ੍ਹਾਂ ਦੀ ਸਾਰਥਿਕਤਾ ਤੇ ਪ੍ਰਸੰਗਕਤਾ ਕਿੰਨੀ ਕੁ ਹੈ, ਇਹਦੇ ਬਾਰੇ ਚਿੰਤਨ ਮੰਥਨ ਹੋਵੇਗਾ। ਪ੍ਰਵਾਸੀ ਮੀਡੀਆ ਢੇਰ ਤਰੱਕੀ ਕਰ ਰਿਹਾ ਹੈ। ਉਸ ਦੀਆਂ ਕੀ ਸਮੱਸਿਆਵਾਂ, ਸੰਭਾਵਨਾਵਾਂ ਹਨ, ਉਨ੍ਹਾਂ ਦੇ ਪ੍ਰਤੀਨਿਧ ਦੱਸਣਗੇ। ਇਉਂ 'ਚੌਥੀ ਵਿਸ਼ਵ ਮੀਡੀਆ ਕਾਨਫਰੰਸ' ਸਾਰਥਿਕਤਾ 'ਤੇ ਪ੍ਰਸੰਗਕਤਾ ਪੱਖੋਂ ਵੱਡੇ ਮਹੱਤਵ ਵਾਲੀ ਹੋਵੇਗੀ।




**ਕਾਨਫਰੰਸ ਵਿਚ ਕੀ ਪੰਜਾਬੀ ਫ਼ਿਲਮਾਂ ਸਬੰਧੀ ਵੀ ਵਿਚਾਰ ਚਰਚਾ ਹੋਵੇਗੀ?**

ਬੀਤੇ ਕੁਝ ਸਾਲਾਂ ਤੋਂ ਪੰਜਾਬੀ ਫ਼ਿਲਮਾਂ ਨੇ ਅੰਤਰਰਾਸ਼ਟਰੀ ਪੱਧਰ 'ਤੇ ਧਿਆਨ ਖਿੱਚਿਆ ਹੈ। ਕੁਝ ਫ਼ਿਲਮਾਂ ਬਹੁਤ ਪ੍ਰਭਾਵਸ਼ਾਲੀ ਬਣੀਆਂ ਨੇ, ਪ੍ਰੰਤੂ ਬਹੁਤੀਆਂ ਫ਼ਿਲਮਾਂ ਸਮੱਗਰੀ ਅਤੇ ਕਮਾਈ ਪੱਖੋਂ ਬੁਰੀ ਤਰ੍ਹਾਂ ਅਸਫਲ ਰਹੀਆਂ। ਕਾਨਫਰੰਸ ਵਿਚ ਪਹਿਲੀ ਵਾਰ ਪੰਜਾਬੀ ਫ਼ਿਲਮਾਂ ਸਬੰਧੀ ਪੈਨਲ ਡਿਸਕਸ਼ਨ ਹੋਵੇਗੀ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਚੁਨਿੰਦਾ ਨਿਰਮਾਤਾ, ਨਿਰਦੇਸ਼ਕ ਅਤੇ ਅਦਾਕਾਰ ਇਸ ਚਰਚਾ ਵਿਚ ਸ਼ਾਮਲ ਹੋਣ।

**ਕਾਨਫਰੰਸ ਦੇ ਹੋਰ ਖਾਸ ਆਕਰਸ਼ਣ ਕੀ ਰਹਿਣਗੇ?**

ਵਿਸ਼ਵ ਭਰ ਦੇ ਪੰਜਾਬੀ ਮੀਡੀਆ ਦੇ ਪ੍ਰਤੀਨਿਧਾਂ ਦਾ ਜੁੜਨਾ ਆਪਣੇ ਆਪ ਵਿਚ ਇਕ ਆਕਰਸ਼ਨ ਹੈ। 18 ਜਨਵਰੀ ਨੂੰ ਮਿਊਜ਼ਿਕ ਨਾਈਟ ਹੋਵੇਗੀ। 'ਤਿੰਨ ਮਿੰਟ ਦੀ ਫ਼ਿਲਮ ਬਣਾਓ, ਇਨਾਮ ਪਾਓ' ਮੁਕਾਬਲਾ ਹੋਵੇਗਾ। ਨੌਜਵਾਨ ਕਾਨਫਰੰਸ ਦੇ ਪਹਿਲੇ ਦਿਨ 'ਤੇ ਅਧਾਰਿਤ ਤਿੰਨ ਮਿੰਟ ਦੀ ਫ਼ਿਲਮ ਸਮਾਰਟ ਫੋਨ ਨਾਲ ਬਣਾਉਣਗੇ। ਪਹਿਲੀਆਂ ਤਿੰਨ ਬਿਹਤਰੀਨ ਫ਼ਿਲਮਾਂ ਨੂੰ ਇਨਾਮ ਦਿੱਤੇ ਜਾਣਗੇ।


**ਪ੍ਰੋ: ਸਾਹਿਬ ਕਾਨਫਰੰਸ ਸਬੰਧੀ ਹੋਰ ਕੀ ਕਹਿਣਾ ਚਾਹੋਗੇ?**

ਨੌਜਵਾਨਾਂ ਲਈ ਇਸ ਕਾਨਫਰੰਸ ਦੇ ਵਿਸ਼ੇਸ਼ ਮਾਅਨੇ ਹਨ। ਉਨ੍ਹਾਂ ਨੂੰ ਬਹੁਤ ਕੁਝ ਸਿੱਖਣ ਸਮਝਣ ਲਈ ਮਿਲੇਗਾ। ਦੂਸਰਾ ਇਹ ਕਾਨਫਰੰਸ ਸਾਡੇ ਸਾਰਿਆਂ ਦੀ ਹੈ। ਪੂਰੀ ਦੁਨੀਆ ਵਿਚ ਹਰੇਕ ਵਿਅਕਤੀ, ਹਰੇਕ ਅਦਾਰੇ ਤੱਕ ਸੱਦਾ ਪੱਤਰ ਪਹੁੰਚਣਾ ਸੰਭਵ ਨਹੀਂ ਹੁੰਦਾ। ਸਾਡੇ ਕੋਲ ਸਾਰਿਆਂ ਦੇ ਸੰਪਰਕ ਨੰਬਰ 'ਤੇ ਈਮੇਲ ਆਈ. ਡੀ. ਵੀ ਨਹੀਂ ਹਨ। ਸੋ ਸਭ ਨੂੰ ਖੁੱਲ੍ਹਾ ਸੱਦਾ ਹੈ।

# 2017 ਵਿਚ ਸਾਥੋਂ ਸਦਾ ਲਈ ਵਿੱਛੜ ਚੁੱਕੀਆਂ ਫ਼ਿਲਮੀ ਅਤੇ ਸੰਗੀਤਕ ਹਸਤੀਆਂ

ਉਰਦੂ ਅਦਬ ਦੇ ਮਸ਼ਹੂਰ ਸ਼ਾਇਰ ਮਹਿਮੂਦ ਰਾਮਪੁਰੀ ਨੇ ਕਿੰਨਾ ਸੱਚ ਲਿਖਿਆ ਹੈ-


## ਮੌਤ ਉਸੀ ਕੀ ਹੈ, ਕਰੇ ਜਿਸਕਾ ਜ਼ਮਾਨਾ ਅਫ਼ਸੋਸ, ਯੂੰ ਤੋ ਦੁਨੀਆ ਮੇਂ ਸਭੀ ਆਤੇ ਹੈਂ ਮਰਨੇ ਕੇ ਲੀਏ



### ਓਮਪੁਰੀ

(18 ਅਕਤੂਬਰ 1950- 6 ਜਨਵਰੀ, 2017) ਚੜ੍ਹਦੇ ਸਾਲ ਦੇ ਪਹਿਲੇ ਹਫ਼ਤੇ ਓਮਪੁਰੀ ਪੁਰੀ ਦਾ ਇਤਫ਼ਾਕਨ ਟੁਰ ਜਾਣਾ ਸੱਚਮੁੱਚ ਸਦਮਾਅੰਗੇਜ਼ ਰਿਹਾ। ਭਾਰਤੀ ਸਿਨੇਮਾ ਦੇ ਬਿਹਤਰੀਨ ਫ਼ਨਕਾਰਾਂ 'ਚ ਸ਼ੁਮਾਰੇ ਜਾਂਦੇ ਉਮ ਪੁਰੀ ਸਾਹਿਬ ਉਨ੍ਹਾਂ ਕਾਬਿਲ ਅਦਾਕਾਰਾਂ 'ਚੋਂ ਇਕ ਸਨ, ਜਿਨ੍ਹਾਂ ਨੇ ਕਮਰਸ਼ੀਅਲ, ਸਮਾਨਾਂਤਰ ਅਤੇ ਕੌਮਾਂਤਰੀ ਸਿਨੇਮਾ ਦਰਮਿਆਨ ਯਕਸਾਂ ਮਕਬੂਲੀਅਤ ਹਾਸਲ ਕੀਤੀ। ਬਾਲੀਵੁੱਡ ਦੇ ਨਾਲ-ਨਾਲ ਉਨ੍ਹਾਂ ਆਪਣੀ ਉਮਦਾ ਕਿਰਦਾਰਨਿਗਾਰੀ ਦਾ ਲੋਹਾ ਹਾਲੀਵੁੱਡ 'ਚ ਵੀ ਮਨਵਾਇਆ ਸੀ। ਉਸ ਤੋਂ ਮਜ਼ੀਦ ਖ਼ੁਸ਼ਬਖ਼ਤੀ ਇਹ ਪਈ ਹੈ ਕਿ ਉਨ੍ਹਾਂ ਪੰਜਾਬੀ ਸਿਨੇ ਇਤਿਹਾਸ 'ਚ ਵੀ ਆਪਣੀ ਫ਼ਨ-ਏ-ਅਦਾਕਾਰੀ ਦੇ ਅਣਮਿੱਟ ਨਕਸ਼ ਮੁਰੱਤਬ ਕੀਤੇ ਸਨ। ਐਪਰ ਬੇਹੱਦ ਅਫ਼ਸੋਸ ਕਿ ਸ਼ੁਕਰਵਾਰ ਦੀ ਸੁਬਹਾ (6 ਜਨਵਰੀ, 2017) ਫ਼ਿਲਮ, ਟੀ. ਵੀ. ਅਤੇ ਮਾਜ਼ੀ ਦਾ ਇਹ ਅਜ਼ੀਮ ਫ਼ਨਕਾਰ ਆਪਣੇ ਨਿਵਾਸ ਸਥਾਨ ਵਿਖੇ 66 ਸਾਲਾਂ ਦੀ ਉਮਰ 'ਚ ਦਿਲ ਦਾ ਦੌਰਾ ਪੈਣ ਦੀ ਵਜ੍ਹਾ ਕਾਰਨ ਇੰਤਕਾਲ ਫ਼ਰਮਾ ਗਿਆ। ਪਦਮਸ੍ਰੀ ਨਾਲ ਸਰਫ਼ਰਾਜ਼ ਰਹੇ ਓਮ ਪੁਰੀ ਨੇ 270 ਦੇ ਕਰੀਬ ਹਿੰਦੀ, ਪੰਜਾਬੀ, ਪਾਕਿਸਤਾਨੀ ਫ਼ਿਲਮਾਂ ਕਰਨ ਤੋਂ ਇਲਾਵਾ ਬ੍ਰਿਟਿਸ਼ ਅਤੇ ਹਾਲੀਵੁੱਡ ਦੀਆਂ ਕਈ ਫ਼ਿਲਮਾਂ 'ਚ ਵੀ ਫ਼ਖ਼ਰਯੋਗ ਕਿਰਦਾਰ ਅਦਾ ਕੀਤੇ।

ਓਮ ਪੁਰੀ ਉਰਫ਼ ਓਮ ਰਾਜੇਸ਼ ਪੁਰੀ ਦੀ ਪੈਦਾਇਸ਼ ਪੰਜਾਬੀ ਖੱਤਰੀ ਪਰਿਵਾਰ 'ਚ 18 ਅਕਤੂਬਰ, 1950 ਨੂੰ ਸੂਬਾ ਹਰਿਆਣੇ ਦੇ ਸ਼ਹਿਰ ਅੰਬਾਲਾ 'ਚ ਹੋਈ। ਇਨ੍ਹਾਂ ਦੇ ਪਿਤਾ ਦਾ ਨਾਂਅ ਟੇਕ ਚੰਦ ਪੁਰੀ ਅਤੇ ਮਾਤਾ ਦਾ ਨਾਂਅ ਤਾਰਾ ਦੇਵੀ ਸੀ। ਓਮ ਪੁਰੀ ਨੇ ਆਪਣੇ ਫ਼ਿਲਮੀ ਕਰੀਅਰ ਦੀ ਇਬਤਿਦਾ 70 ਦੇ ਅਸ਼ਰੇ 'ਚ ਮਰਾਠੀ ਸਿਨੇਮਾ ਤੋਂ ਕੀਤੀ। 1972 'ਚ ਨੁਮਾਇਸ਼ ਹੋਈ ਮਰਾਠੀ ਫ਼ਿਲਮ 'ਘਾਸੀਰਾਮ ਕੋਤਵਾਲ' ਜੋ ਮਸ਼ਹੂਰ ਮਰਾਠੀ ਨਾਟਕ 'ਘਣਸ਼ਾਮ ਕੋਤਵਾਲ' 'ਤੇ ਆਧਾਰਿਤ ਸੀ, 'ਚ 'ਘਾਸੀਰਾਮ' ਦਾ ਪਾਰਟ ਅਦਾ ਕੀਤਾ। ਹਾਲਾਂਕਿ ਇਸ ਤੋਂ ਪਹਿਲਾਂ ਓਮ ਪੁਰੀ 8 ਲਘੂ ਫ਼ਿਲਮਾਂ 'ਚ ਵੀ ਕੰਮ ਕਰ ਚੁੱਕੇ ਸਨ। ਆਰਟ ਫ਼ਿਲਮਾਂ 'ਚ ਭਰਪੂਰ ਸ਼ੁਹਰਤ ਖੱਟਣ ਤੋਂ ਬਾਅਦ ਓਮ ਪੁਰੀ ਨੂੰ ਕਮਰਸ਼ੀਅਲ ਸਿਨੇਮਾ 'ਚ ਵੀ ਪ੍ਰਮੁੱਖਤਾ ਮਿਲਣ ਲੱਗ ਪਈ। ਪੰਜਾਬੀ ਸਿਨੇਮਾ ਨਾਲ ਵੀ ਓਮ ਪੁਰੀ ਨੂੰ ਬੇਇੰਤਹਾ ਉਲਫ਼ਤ ਰਹੀ ਹੈ। ਹੋਵੇ ਵੀ ਕਿਓਂ ਨਾ, ਜਿਸ ਬੰਦੇ ਦੀ ਪੈਦਾਇਸ਼ ਹੀ ਪੰਜਾਬ ਦੀ ਜ਼ਰਖ਼ੇਜ਼ ਧਰਤ 'ਤੇ ਹੋਈ ਹੋਵੇ ਅਤੇ ਬਾਲਪਣ ਪੰਜਾਬ ਦੀਆਂ ਮਹਿਕਦੀਆਂ ਫ਼ਿਜ਼ਾਵਾਂ 'ਚ ਬੀਤਿਆ ਹੋਵੇ। ਉਹ ਆਪਣੀ ਮਾਦਰੀ ਜ਼ੁਬਾਨ ਪੰਜਾਬੀ ਦਾ ਕਰਜ਼ ਭਲਾ ਕਿਵੇਂ ਨਾ ਲਾਹਵੇ। ਓਮ ਪੁਰੀ ਦੀ ਪਹਿਲੀ ਕਾਮਯਾਬਤਰੀਨ ਨਗ਼ਮਾਤੀ ਪੰਜਾਬੀ ਫ਼ਿਲਮ ਜੀ. ਜੀ. ਵਾਈਡਸਕਰੀਨਸ, ਬੰਬੇ ਦੀ 'ਚੰਨ ਪਰਦੇਸੀ' ਸੀ। ਇਸ ਕਾਮਯਾਬਤਰੀਨ ਫ਼ਿਲਮ ਦੀ ਸਫ਼ਲਤਾ ਤੋਂ ਬਾਅਦ ਓਮ ਪੁਰੀ ਨੂੰ 'ਨੱਟ ਨੱਟੀ ਪ੍ਰੋਡਕਸ਼ਨਸ, ਲੁਧਿਆਣਾ ਦੀ ਫ਼ਿਲਮ 'ਲੌਂਗ ਦਾ ਲਿਸ਼ਕਾਰਾ' 'ਚ ਕੰਮ ਕਰਨ ਦਾ ਸਰਫ਼ ਹਾਸਲ ਹੋਇਆ। ਇਹ ਫ਼ਖ਼ਰ ਵੀ ਉਨ੍ਹਾਂ ਨੂੰ ਵਕਤ ਦੇ ਨੁਮਾਇਆਂ ਥੀਏਟਰਸਾਜ਼ ਹਰਪਾਲ ਟਿਵਾਣਾ ਦੇ ਤੁਫ਼ੈਲ ਮਿਲਿਆ, ਜਿਨ੍ਹਾਂ ਦੀ ਪਾਰਖੂ ਅੱਖ ਓਮ ਪੁਰੀ ਦੀ ਫ਼ਨ-ਏ-ਅਦਾਕਾਰੀ ਨੂੰ ਮਹਿਸੂਸ ਗਈ ਸੀ।



### ਵਿਨੋਦ ਖੰਨਾ

(6 ਅਕਤੂਬਰ 1946- 27 ਅਪ੍ਰੈਲ 2017)- ਹਿੰਦੀ ਫ਼ਿਲਮਾਂ ਦੇ ਖ਼ੂਬਸੂਰਤ ਅਦਾਕਾਰ ਵਿਨੋਦ ਖੰਨਾ ਦੀ ਪੈਦਾਇਸ਼ ਮਹਾਂ-ਪੰਜਾਬ ਦੇ ਸ਼ਹਿਰ ਪੇਸ਼ਾਵਰ (ਹੁਣ ਪਾਕਿਸਤਾਨ) ਦੇ ਖੱਤਰੀ ਪੰਜਾਬੀ ਪਰਿਵਾਰ ਵਿਚ 6 ਅਕਤੂਬਰ 1946 ਨੂੰ ਹੋਈ। ਇਨ੍ਹਾਂ ਦੇ ਪਿਤਾ ਦਾ ਨਾਂਅ ਕਿਸ਼ਨ ਚੰਦ ਖੰਨਾ ਅਤੇ ਮਾਤਾ ਦਾ ਨਾਂਅ ਕਮਲਾ ਖੰਨਾ ਸੀ। ਇਨ੍ਹਾਂ ਦੇ ਪਿਤਾ ਟੈਕਸਟਾਈਲ, ਡਾਈ ਅਤੇ ਕੈਮੀਕਲ ਦੇ ਕਾਰੋਬਾਰੀ ਸਨ। ਉਨ੍ਹਾਂ ਨੇ ਆਪਣੀਆਂ ਤਿੰਨ ਧੀਆਂ ਅਤੇ ਦੋ ਪੁੱਤਰਾਂ ਦੀ ਪਰਵਰਿਸ਼ ਬੜੇ ਸੁਚੱਜੇ ਢੰਗ ਨਾਲ ਕੀਤੀ। ਸਭ ਤੋਂ ਛੋਟੇ ਪੁੱਤਰ ਵਿਨੋਦ ਦੀ ਪੈਦਾਇਸ਼ ਦੇ ਇਕ ਸਾਲ ਬਾਅਦ ਮੁਲਕ ਤਕਸੀਮ ਹੋ ਗਿਆ ਅਤੇ ਇਸ ਵਿੱਚੋਂ ਇਕ ਨਵਾਂ ਮੁਲਕ ਪਾਕਿਸਤਾਨ ਤਅਮੀਰ ਹੋ ਗਿਆ। ਹੋਰਨਾਂ ਵਾਂਗ ਵਿਨੋਦ ਖੰਨਾ ਦਾ ਪਰਿਵਾਰ ਵੀ ਆਪਣੇ ਆਬਾਈ ਸ਼ਹਿਰ ਪੇਸ਼ਾਵਰ ਨੂੰ ਖ਼ੈਰਬਾਦ ਕਹਿ ਕੇ ਬੰਬੇ ਟੁਰ ਗਿਆ। ਵਿਨੋਦ ਨੇ ਇਬਤਿਦਾਈ ਤਅਲੀਮ ਬੰਬਈ ਤੇ ਸੈਂਟ ਮੈਰੀ ਸਕੂਲ ਤੋਂ ਅਤੇ ਕਮਰਸ ਵਿਚ ਗ੍ਰੈਜੂਏਸ਼ਨ ਸਿਡਨਹਮ ਕਾਲਜ ਬੰਬਈ ਤੋਂ ਹਾਸਲ ਕੀਤੀ। ਵਿਨੋਦ ਖੰਨਾ ਦੇ ਪਿਤਾ ਨਹੀਂ ਚਾਹੁੰਦੇ ਸਨ ਕਿ ਉਨ੍ਹਾਂ ਦਾ ਪੁੱਤਰ ਫ਼ਿਲਮਾਂ 'ਚ ਅਦਾਕਾਰੀ ਕਰੇ। ਐਪਰ ਵਿਨੋਦ ਦੀ ਜ਼ਿੱਦ ਅੱਗੇ ਉਨ੍ਹਾਂ ਨੂੰ ਝੁੱਕਣਾ ਪਿਆ ਅਤੇ ਦੋ ਸਾਲਾਂ ਵਿਚ ਪੁੱਤ ਨੇ ਪਿਤਾ ਨੂੰ ਫ਼ਿਲਮਾਂ 'ਚ ਸਥਾਪਿਤ ਹੋ ਕੇ ਵਿਖਾ ਦਿੱਤਾ। 6 ਫੁੱਟ ਕੱਦਾਵਰ ਸੁਨੱਖੇ ਚੋਬਰ ਵਿਨੋਦ ਖੰਨਾ ਨੂੰ ਸੁਨੀਲ ਦੱਤ ਨੇ ਆਪਣੇ ਜ਼ਾਤੀ ਬੈਨਰ ਅਜੰਤਾ ਆਰਟਸ, ਬੰਬਈ ਦੀ ਹਿੰਦੀ ਫ਼ਿਲਮ 'ਮਨ ਕਾ ਮੀਤ' (1969) 'ਚ ਬਤੌਰ ਖ਼ਲਨਾਇਕ ਪੇਸ਼ ਕੀਤਾ ਸੀ। ਇਹ ਫ਼ਿਲਮ ਸੁਨੀਲ ਦੱਤ ਨੇ ਆਪਣੇ ਛੋਟੇ ਭਰਾ ਸੋਮ ਦੱਤ ਦੇ ਫ਼ਿਲਮੀ ਕਰੀਅਰ ਨੂੰ ਹੁਲਾਰਾ ਦੇਣ ਲਈ ਬਣਾਈ ਸੀ ਐਪਰ ਉਹ ਤਾਂ ਵਿਚਾਰਾ ਨਾਕਾਮ ਰਿਹਾ ਅਲਬੱਤਾ ਵਿਨੋਦ ਖੰਨਾ ਦੀ ਗੱਡੀ ਚੱਲ ਨਿਕਲੀ। ਹੀਰੋ ਦੇ ਰੂਪ ਵਿਚ ਸਥਾਪਿਤ ਹੋਣ ਤੋਂ ਪਹਿਲਾਂ ਵਿਨੋਦ ਨੇ 'ਨਤੀਜਾ' (1969), 'ਸੱਚਾ ਝੂਠਾ', 'ਮਸਤਾਨਾ', ਆਨ ਮਿਲੋ ਸਜਨਾ', 'ਪੂਰਬ ਔਰ ਪੱਛਮ' (1970) ਵਰਗੀਆਂ ਨੁਮਾਇਆਂ ਫ਼ਿਲਮਾਂ 'ਚ ਸਹਾਇਕ ਅਦਾਕਾਰ ਤੇ ਖ਼ਲਨਾਇਕ ਦੇ ਕਿਰਦਾਰ ਅਦਾ ਕੀਤੇ ਸਨ। ਮਲਟੀ ਸਟਾਰਰ ਫ਼ਿਲਮਾਂ ਤੋਂ ਵੀ ਵਿਨੋਦ ਖੰਨਾ ਨੇ ਕਦੇ ਪ੍ਰਹੇਜ਼ ਨਹੀਂ ਕੀਤਾ ਸੀ। ਉਨ੍ਹਾਂ ਨੇ ਸੁਨੀਲ ਦੱਤ, ਰਾਜੇਸ਼ ਖੰਨਾ ਅਤੇ ਅਮਿਤਾਭ ਬਚਨ ਨਾਲ ਹਿੱਟ ਫ਼ਿਲਮਾਂ ਕੀਤੀਆਂ। ਅਮਿਤਾਭ ਬਚਨ ਅਤੇ ਵਿਨੋਦ ਖੰਨਾ ਦੀ ਜੋੜੀ ਨੂੰ ਫ਼ਿਲਮਬੀਨਾਂ ਨੇ ਖ਼ੂਬ ਪਸੰਦ ਕੀਤਾ। 'ਹੇਰਾ ਫੇਰੀ' (1969), 'ਖ਼ੂਨ ਪਸੀਨਾ', 'ਅਮਰ ਅਕਬਰ ਐਨਥਨੀ' (1977) ਅਤੇ 'ਮੁਕੱਦਰ ਕਾ ਸਿਕੰਦਰ' (1978) ਇਸ ਦੀਆਂ ਆਹਲਾ ਮਿਸਾਲ ਹਨ ਜੋ ਬਲਾਕ ਬਸਟਰ ਸਾਬਤ ਹੋਈਆਂ।


ਸਫ਼ਲਤਾ ਦੇ ਬੁਲੰਦ ਮੁਕਾਮ 'ਤੇ ਪਹੁੰਚ ਕੇ ਵਿਨੋਦ ਖੰਨਾ ਨੇ ਅਚਨਚੇਤ ਅਜਿਹਾ ਫ਼ੈਸਲਾ ਲਿਆ, ਜਿਸਨੇ ਫ਼ਿਲਮ ਜਗਤ ਦੇ ਲੋਕਾਂ ਨੂੰ ਹੈਰਤਜ਼ਦਾ ਕਰ ਦਿੱਤਾ। ਵਿਨੋਦ ਆਪਣੇ ਅਧਿਆਤਮਿਕ ਗੁਰੂ ਰਜਨੀਸ਼ 'ਓਸ਼ੋ' ਦੀ ਪਨਾਹ ਵਿਚ ਚਲੇ ਗਏ ਅਤੇ ਫ਼ਿਲਮੀ ਦੁਨੀਆ ਨੂੰ ਖ਼ੈਰਬਾਦ ਕਹਿ ਦਿੱਤਾ। ਓਸ਼ੋ ਦੇ ਆਸ਼ਰਮ ਵਿਚ ਇਸ ਫ਼ਨਕਾਰ ਨੇ ਭਾਂਡੇ ਧੋਣ ਤੋਂ ਲੈ ਕੇ ਮਾਲੀਗਿਰੀ ਦੇ ਕੰਮ ਕੀਤੇ। ਵਿਨੋਦ ਖੰਨਾ ਦੇ ਇਸ ਅਚਨਚੇਤੀ ਫ਼ੈਸਲੇ ਤੋਂ ਪਤਨੀ ਗੀਤਾਂਜਲੀ ਸਖ਼ਤ ਖ਼ਫ਼ਾ ਹੋ ਗਈ ਅਤੇ 1985 ਵਿਚ ਦੋਵਾਂ ਦਾ ਤਲਾਕ ਹੋ ਗਿਆ। ਵਿਨੋਦ ਖੰਨਾ ਅਤੇ ਗੀਤਾਂਜਲੀ ਦੇ ਦੋ ਪੁੱਤਰ ਰਾਹੁਲ ਖੰਨਾ ਅਤੇ ਅਕਸ਼ੈ ਖੰਨਾ ਹਨ। 1990 ਵਿਚ ਵਿਨੋਦ ਨੇ ਆਪਣਾ ਦੂਜਾ ਵਿਆਹ ਕਵਿਤਾ ਨਾਲ ਕੀਤਾ। ਇਨ੍ਹਾਂ ਦੇ ਘਰ ਪੁੱਤਰ ਸ਼ਾਕਸ਼ੀ ਖੰਨਾ ਅਤੇ ਸ਼ਰਧਾ ਖੰਨਾ ਹਨ। ਫ਼ਿਲਮਾਂ ਪ੍ਰਤੀ ਬੇਇੰਤਹਾ ਉਲਫ਼ਤ ਉਨ੍ਹਾਂ ਨੂੰ ਇਕ ਵਾਰ ਫਿਰ ਫ਼ਿਲਮਾਂ 'ਚ ਲੈ ਆਈ। 1987 ਵਿਚ ਉਨ੍ਹਾਂ ਹਿਦਾਇਤਕਾਰ ਮੁਕਲ ਆਨੰਦ ਦੀ ਫ਼ਿਲਮ 'ਇਨਸਾਫ਼' ਜ਼ਰੀਏ ਹਿੰਦੀ ਫ਼ਿਲਮਾਂ 'ਚ ਵਾਪਸੀ ਕੀਤੀ। ਵਿਨੋਦ ਖੰਨਾ ਨੇ ਬਤੌਰ ਖ਼ਲਨਾਇਕ ਮਿਹਰ ਮਿੱਤਲ ਦੇ ਜ਼ਾਤੀ ਬੈਨਰ ਐੱਮ. ਐੱਮ. ਫ਼ਿਲਮਸ ਬੰਬੇ ਦੀ ਪੰਜਾਬੀ ਫ਼ਿਲਮ 'ਮਾਂ ਦਾ ਲਾਡਲਾ' (1973) ਵਿਚ ਡਾਕੂ 'ਜੱਬਰ ਸਿੰਘ' ਦਾ ਛੋਟਾ ਕਿਰਦਾਰ ਵੀ ਅਦਾ ਕਰਕੇ ਆਪਣੀ ਮਾਂ-ਬੋਲੀ ਪ੍ਰਤੀ ਆਪਣਾ ਫ਼ਰਜ਼ ਨਿਭਾਇਆ। ਅਦਾਕਾਰ ਅਤੇ ਫ਼ਿਲਮਸਾਜ਼ ਵਜੋਂ ਵਿਨੋਦ ਖੰਨਾ ਨੇ 150 ਕੁ ਦੇ ਕਰੀਬ ਹਿੰਦੀ ਫ਼ਿਲਮਾਂ 'ਚ ਬਿਹਤਰੀਨ ਕਿਰਦਾਰਨਿਗ਼ਾਰੀ ਦੀ ਅਮਿੱਟ ਛਾਪ ਛੱਡੀ। ਫ਼ਿਲਮੀ ਫ਼ਨ-ਏ-ਸਲਾਹੀਅਤਾਂ ਤੋਂ ਇਲਾਵਾ ਵਿਨੋਦ ਖੰਨਾ ਇਕ ਸਿਆਸਤਦਾਨ ਵੀ ਸਨ। ਉਹ ਗੁਰਦਾਸਪੁਰ ਤੋਂ ਭਾਜਪਾ ਦੇ ਮੰਤਰੀ ਵੀ ਰਹੇ ਸਨ। 1999 ਵਿਚ ਵਿਨੋਦ ਖੰਨਾ ਨੂੰ ਫ਼ਿਲਮ ਜਗਤ ਵਿਚ ਆਪਣੇ ਬਿਹਤਰੀਨ ਯੋਗਦਾਨ ਦੇ ਤੁਫ਼ੈਲ 'ਲਾਈਫ਼ਟਾਈਮ ਅਚੀਵਮੈਂਟ ਐਵਾਰਡ' ਨਾਲ ਸਰਫ਼ਰਾਜ਼ ਕੀਤਾ ਗਿਆ ਸੀ। 27 ਅਪ੍ਰੈਲ 2017 ਨੂੰ ਬਲੱਡ ਕੈਂਸਰ ਦੇ ਚੱਲਦਿਆਂ ਵਿਨੋਦ ਖੰਨਾ 70 ਸਾਲਾਂ ਦੀ ਉਮਰ 'ਚ ਵਫ਼ਾਤ ਪਾ ਗਏ।




### ਇੰਦਰ ਕੁਮਾਰ

(28 ਅਗਸਤ 1973- 28 ਜੁਲਾਈ 2017) ਸਲਮਾਨ ਖ਼ਾਨ ਅਤੇ ਸੰਜੇ ਦੱਤ ਵਰਗੇ ਨਾਮੀ ਅਦਾਕਾਰਾਂ ਨਾਲ ਕੰਮ ਕਰ ਚੁੱਕੇ ਮਾਡਲ ਅਤੇ ਅਦਾਕਾਰ ਇੰਦਰ ਕੁਮਾਰ ਦਾ 28 ਜੁਲਾਈ 2017 ਨੂੰ 44 ਸਾਲ ਦੀ ਉਮਰ ਵਿਚ ਦਿਲ ਦਾ ਦੌਰਾ ਪੈਣ ਨਾਲ ਇੰਤਕਾਲ ਹੋ ਗਿਆ। ਵਫ਼ਾਤ ਪਾਉਣ ਤੋਂ ਪਹਿਲਾਂ ਉਹ 'ਫਟੀ

ਪੜੀ ਹੈ ਯਾਰ ਕੀ' (2017) ਦੀ ਸ਼ੂਟਿੰਗ ਵਿਚ ਮਸਰੂਫ ਸਨ। ਅਦਾਕਾਰ ਇੰਦਰ ਕੁਮਾਰ ਸ਼ਰਾਫ਼ ਦੀ ਪੈਦਾਇਸ਼ 26 ਅਗਸਤ 1973 ਨੂੰ ਜੈਪੁਰ, ਰਾਜਸਥਾਨ ਦੇ ਮਾਰਵਾੜੀ ਪਰਿਵਾਰ ਵਿਚ ਹੋਈ। ਉਨ੍ਹਾਂ ਨੇ ਇਬਤਿਦਾਈ ਤਅਲੀਮ ਸੈਂਟ ਜ਼ੈਵੀਅਰਸ ਹਾਈ ਸਕੂਲ ਅਤੇ ਉੱਚ ਤਅਲੀਮ ਫੌਰਟ ਐਂਡ ਸਰਦਾਰ ਵੱਲਭ ਭਾਈ ਪਟੇਲ ਵਿੱਦਿਆਲਾ (ਬੰਬਈ) ਤੋਂ ਹਾਸਲ ਕੀਤੀ। ਫ਼ਿਲਮਾਂ 'ਚ ਉਨ੍ਹਾਂ ਦੇ ਗੁਰੂ ਫ਼ਿਲਮੀ ਨਾਮਾਨਿਗਾਰ ਰਾਜੂ ਕਾਰੀਆ ਸਨ। ਬਤੌਰ ਅਦਾਕਾਰ ਇੰਦਰ ਦੀ ਪਹਿਲੀ ਫ਼ਿਲਮ ਹਿਦਾਇਤਕਾਰ ਮਹੇਸ਼ ਕੋਠਾਰੀ ਦੀ 'ਮਾਸੂਮ' (1996) ਸੀ। ਉਸ ਨੇ ਆਪਣੇ 21 ਸਾਲਾ ਫ਼ਿਲਮ ਕਰੀਅਰ ਵਿਚ 25 ਕੁ ਦੇ ਕਰੀਬ ਹਿੰਦੀ ਫ਼ਿਲਮਾਂ ਵਿਚ ਕੰਮ ਕੀਤਾ। ਇਨ੍ਹਾਂ ਵਿਚ ਚੰਦ ਨੁਮਾਇਆ ਫ਼ਿਲਮਾਂ ਦੇ ਨਾਂਅ ਹਨ ਖਿਲਾੜੀਓਂ ਕਾ ਖਿਲਾੜੀ' (1996), ਏਕ ਥਾ ਦਿਲ ਏਕ ਥੀ ਧੜਕਨ, ਘੁੰਘਟ (1997), ਡੰਡਨਾਇਕ (1998), ਤਿਰਛੀ ਟੋਪੀਵਾਲੇ (1999), ਕਹੀਂ ਪਿਆਰ ਨਾ ਹੋ ਜਾਏ, ਗਜਾ ਗਾਮਿਨੀ (2000), ਮਾਂ ਤੁਝੇ ਸਲਾਮ (2002), ਅਗਨੀਪੱਥ (2005), ਵਾਂਟੇਡ (2009), ਯੇਹ ਦੂਰੀਆਂ (2011) ਅਤੇ ਸ਼ਾਰਟ ਫ਼ਿਲਮ ਛੋਟੀ ਸੀ ਗੁਜ਼ਾਰਿਸ਼ (2017) ਆਦਿ। ਉਸਨੇ ਟੈਲੀਵਿਜ਼ਨ ਸੀਰੀਅਲ ਕਿਓਂਕਿ ਸਾਸ ਭੀ ਕਭੀ ਬਹੂ ਥੀ' (2000-2002) ਵਿਚ 'ਮਿਹਿਰ ਵਿਮਾਨੀ' ਨਾਮੀ ਭੂਮਿਕਾ ਅਦਾ ਕੀਤੀ। ਇਸ ਤੋਂ ਇਲਾਵਾ 'ਖ਼ਤਰੋਂ ਕੇ ਖਿਲਾੜੀ' ਨਾਂਅ ਦੇ ਸ਼ੋਅ ਵਿਚ ਹਿੱਸਾ ਲੈ ਚੁੱਕੇ ਸਨ। ਤਿੰਨ ਸਾਲ ਪਹਿਲਾਂ ਬੰਬਈ ਪੁਲਿਸ ਨੇ ਬਲਾਤਕਾਰ ਦੇ ਕੇਸ ਵਿਚ ਗ੍ਰਿਫ਼ਤਾਰ ਵੀ ਕੀਤਾ ਸੀ। ਇੰਦਰ ਦੇ ਤਿੰਨ ਵਿਆਹ ਹੋਏ ਸਨ। ਪਹਿਲਾ ਵਿਆਹ ਮੁਟਿਆਰ ਸੋਨਲ ਕਾਰੀਆ (2003 ਤੋਂ 2003/5 ਮਹੀਨੇ), ਦੂਜਾ ਵਿਆਹ ਕਮਲਜੀਤ ਕੌਰ (2009-2009/3 ਮਹੀਨੇ) ਅਤੇ ਤੀਜਾ ਵਿਆਹ ਭਾਵਨਾ ਨਾਲ ਹੋਇਆ। ਪਹਿਲੀ ਪਤਨੀ ਤੋਂ ਉਸਦੀ ਇਕ ਧੀ ਖ਼ੁਸ਼ੀ ਹੈ।



## ਹਜ਼ਾਰਾ ਸਿੰਘ ਰਮਤਾ

(1 ਅਗਸਤ 1926-6 ਸਤੰਬਰ 2017) ਆਪਣੇ ਦਿਲਕਸ਼ ਮਜ਼ਾਹੀਆ ਗੀਤਾਂ ਦੇ ਤੁਫ਼ੈਲ ਲੋਕ ਮੌਸੀਕੀ 'ਚ ਜੁਦਾਗਾਨਾ ਸ਼ਨਾਖ਼ਤ ਕਾਇਮ ਰੱਖਣ ਵਾਲੇ ਮਜ਼ਾਹੀਆ ਆਵਾਮੀ ਲੋਕ ਫ਼ਨਕਾਰ ਹਜ਼ਾਰਾ ਸਿੰਘ ਗਿੱਲ ਉਰਫ਼ ਹਜ਼ਾਰਾ ਸਿੰਘ 'ਰਮਤਾ' ਦੀ ਪੈਦਾਇਸ਼ 1 ਅਗਸਤ 1926 ਨੂੰ ਪਿੰਡ ਗਿੱਲ ਚੱਕ, ਜ਼ਿਲ੍ਹਾ ਮਿੰਟਗੁਮਰੀ (ਹੁਣ ਪਾਕਿਸਤਾਨ) ਦੇ ਜੱਟ ਸਿੱਖ ਪਰਿਵਾਰ ਵਿਚ ਹੋਈ। ਇਨ੍ਹਾਂ ਦੇ ਪਿਤਾ ਦਾ ਨਾਂਅ ਵਰਿਆਮ ਸਿੰਘ ਗਿੱਲ ਅਤੇ ਮਾਤਾ ਦਾ ਨਾਂਅ ਹੁਕਮ ਕੌਰ ਸੀ। ਦੱਸਵੀਂ ਪਿੰਡ ਮਿੰਟਗੁਮਰੀ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਬੀ. ਐੱਸ. ਦੀ ਡਿਗਰੀ 1944 ਵਿਚ ਹਾਸਲ ਕੀਤੀ। ਖੇਤੀਬਾੜੀ ਨਾਲ ਜੁੜੇ ਹਜ਼ਾਰਾ ਸਿੰਘ ਦੇ ਪਿਤਾ ਦੀ ਖ਼ਵਾਹਿਸ਼ ਸੀ ਕਿ ਪੁੱਤ ਪਟਵਾਰੀ ਜਾਂ ਠਾਣੇਦਾਰ ਬਣੇ ਲੇਕਿਨ ਹਜ਼ਾਰਾ ਸਿੰਘ ਨੂੰ ਆਪਣੇ ਪੁਸ਼ਤੈਨੀ ਕਿੱਤੇ ਨਾਲ ਕੋਈ ਲਗਾਓ ਨਹੀਂ ਸੀ ਅਤੇ ਨਾ ਹੀ ਸਰਕਾਰੀ ਮੁਲਾਜ਼ਮਤ ਦੀ ਇੱਛਾ। ਉਨ੍ਹਾਂ ਨੂੰ ਜੇ ਕਿਸੇ ਚੀਜ਼ ਨਾਲ ਬੇਪਨਾਹ ਉਲਫ਼ਤ ਸੀ, ਤਾਂ ਉਹ ਸੀ ਸੰਗੀਤ। ਮੌਸੀਕੀ ਦੀ ਇਬਤਿਦਾਈ ਤਅਲੀਮ ਉਨ੍ਹਾਂ ਆਪਣੇ ਪਿੰਡ ਦੇ ਮਰਾਸੀ ਇਮਾਮ ਖ਼ਾਨ, ਕੱਚ ਬੇਦੀਆਂ ਕੋਲੋਂ ਹਾਸਲ ਕੀਤੀ ਜੋ ਰਬਾਬੀ ਭਾਈ ਮਰਦਾਨਾ ਜੀ ਦੇ ਖ਼ਾਨਦਾਨ ਨਾਲ ਤਅਲੁੱਕ ਰੱਖਦੇ ਸਨ।

ਮੁਲਕ ਤਕਸੀਮ ਤੋਂ ਬਾਅਦ ਇਨ੍ਹਾਂ ਦਾ ਪਰਿਵਾਰ ਪੱਕੇ ਤੌਰ 'ਤੇ ਲੁਧਿਆਣੇ ਦੇ ਪਿੰਡ ਜਮਾਲਪੁਰ ਆਣ ਵੱਸਿਆ। ਇਸ ਤੋਂ ਬਾਅਦ ਮੁਸਤਕਬਿਲ ਨੂੰ ਬਿਹਤਰ ਬਣਾਉਣ ਦੀ ਗ਼ਰਜ਼ ਨਾਲ ਰਮਤਾ ਦਿੱਲੀ ਟੁਰ ਗਿਆ। ਇੱਥੇ ਉਨ੍ਹਾਂ ਦੀ ਸੱਜਣਤਾਈ ਤੇਜਾ ਸਿੰਘ 'ਸਾਬਰ' ਅਤੇ ਬਰਕਤ ਪੰਜਾਬੀ ਵਰਗੇ ਸ਼ਾਇਰ ਮਿੱਤਰਾਂ ਨਾਲ ਹੋਈ, ਜਿਨ੍ਹਾਂ ਦੀ ਸੁਹਬਤ 'ਚ ਰਹਿ ਕੇ ਉਨ੍ਹਾਂ ਨੂੰ ਬਹੁਤ ਕੁਝ ਸਿੱਖਣ ਦਾ ਮੌਕਾ ਮਿਲਿਆ। ਅਦਬੀ ਮਜਲਿਸਾਂ ਦੌਰਾਨ ਹੀ ਉਨ੍ਹਾਂ ਨੂੰ 'ਰਮਤਾ' ਤਖ਼ੱਲਸ ਮਿਲਿਆ, ਜਿਸ ਦਾ ਸ਼ਾਬਦਿਕ ਅਰਥ ਹੈ 'ਘੁਮੱਕੜ' ਬਿਰਤੀ ਵਾਲਾ ਮਸਤ ਬੰਦਾ। ਸ਼ੁਰੂਆਤੀ ਦੌਰ ਵਿਚ ਰਮਤਾ ਕਵੀ ਦਰਬਾਰਾਂ ਵਿਚ ਕਵਿਤਾ ਪੜਿਆ ਕਰਦਾ ਸੀ। ਪੰਜਾਬੀ ਸ਼ਾਇਰੀ ਵਿਚ ਉਨਾਂ ਨੇ ਈਸ਼ਰ ਸਿੰਘ 'ਈਸ਼ਰ' ਨੂੰ ਅਤੇ ਉਰਦੂ ਸ਼ਾਇਰੀ ਦੀਆਂ ਬਾਰੀਕੀਆਂ ਸਿੱਖਣ ਲਈ ਕੱਥਕ ਪੰਨਾ ਲਾਲ 'ਦਿਲਬਰ' ਦੀ ਸ਼ਾਗਿਰਦੀ ਅਖ਼ਤਿਆਰ ਕੀਤੀ। ਈਸ਼ਰ ਸਿੰਘ 'ਈਸ਼ਰ' ਤੋਂ ਬਾਅਦ ਰਮਤੇ ਨੇ ਸਟੇਜੀ ਕਵੀ ਵਜੋਂ ਹਾਸੇ ਅਤੇ ਕਟਾਖ਼ਸ਼ ਰਾਹੀਂ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਉਸਦੀ ਸ਼ਾਇਰੀ ਵਿਚ ਲੋਕ ਕਹਾਵਤਾਂ, ਅਖਾਣ, ਤਸ਼ਬੀਹਾਂ ਆਮ-ਫ਼ਹਿਮ ਸਨ। 1954 ਵਿਚ ਮਅਰੂਫ਼ ਲੋਕ ਗਾਇਕ ਲਾਲ ਚੰਦ ਯਮਲਾ ਜੱਟ ਨੂੰ ਦਿੱਲੀ ਵਿਖੇ ਤੂੰਬੀ ਦੀ ਟੁਣਕਾਰ 'ਤੇ ਗਾਉਂਦਿਆਂ ਸੁਣਿਆ। ਯਮਲੇ ਜੱਟ ਦੀ ਤੂੰਬੀ ਨੇ ਉਸਨੂੰ ਇਸ ਕਦਰ ਮੁਤਾਸਿਰਜ਼ਦਾ ਕੀਤਾ ਕਿ ਉਸਨੇ ਆਪਣੇ ਗੁਲੂਕਾਰਾ ਅੰਦਾਜ਼ 'ਚ ਤੂੰਬੀ ਨੂੰ ਵੀ ਮਖ਼ਸੂਸ ਹਿੱਸਾ ਬਣਾ ਲਿਆ। ਗਾਇਕੀ ਦੇ ਇਬਤਿਦਾਈ ਦੌਰ ਵਿਚ ਮਜ਼ਾਹੀਆ ਸ਼ਾਇਰੀ ਨੂੰ ਗਾਇਨ-ਸ਼ੈਲੀ ਵਿਚ ਸ਼ਾਮਲ ਕਰਕੇ ਆਪਣੀ ਵੱਖਰੀ ਸ਼ਨਾਖ਼ਤ ਕਾਇਮ ਕੀਤੀ। ਉਨ੍ਹਾਂ ਪਹਿਲੀ ਦਫ਼ਾ ਰੇਡੀਓ ਸਟੇਸ਼ਨ, ਦਿੱਲੀ ਤੋਂ 'ਜੁਗਨੀ' ਗਾਈ। ਹੌਲੀ-ਹੌਲੀ ਉਨ੍ਹਾਂ ਦਾ ਜੁਦਾਗਾਨਾ ਅੰਦਾਜ਼ ਤੇ ਆਵਾਜ਼ ਜਵਾਂ ਦਿਲਾਂ ਦੀ ਧੜਕਣ ਬਣ ਗਏ। 1956 ਵਿਚ ਨੁਮਾਇਆਂ ਸੰਗੀਤਕ ਕੰਪਨੀ 'ਹਿੱਜ਼ ਮਾਸਟਰ ਵਾਇਸ' ਨੇ ਉਨ੍ਹਾਂ ਦਾ ਪਹਿਲਾ ਐੱਲ ਪੀ ਰਿਕਾਰਡ 'ਲੰਡਨ ਦੀ ਸੈਰ' ਰਿਲੀਜ਼ ਕੀਤਾ। 1965 ਵਿਚ ਕੋਲੰਬੀਆ ਕੰਪਨੀ ਨੇ 'ਹਜ਼ਾਰਾ ਸਿੰਘ ਰਮਤਾ ਦਾ ਦੂਜਾ ਵਿਆਹ' ਨਾਂਅ ਹੇਠ ਈਪੀ ਜਾਰੀ ਕੀਤਾ। ਸਾਲ 1968 ਵਿਚ ਕੋਲੰਬੀਆ ਵੱਲੋਂ 'ਹਜ਼ਾਰਾ ਸਿੰਘ ਰਮਤਾ' ਦੇ ਨਾਂਅ ਤੇ 45 ਆਰ. ਪੀ. ਐੱਮ. ਦਾ ਈਪੀ ਰਿਕਾਰਡ (ਐੱਸਈਡੀਈ-4002) ਰਿਲੀਜ਼ ਹੋਇਆ। ਸਾਲ 1981 ਐੱਲ ਪੀ ਰਿਕਾਰਡ 'ਹਜ਼ਾਰਾ ਸਿੰਘ ਰਮਤਾ ਅਫ਼ਰੀਕਾ ਵਿਚ' (ਈਸੀਐੱਲਪੀ-3552) 1981 'ਚ ਨੁਮਾਇਸ਼ ਹੋਇਆ। ਇਸ ਰਿਕਾਰਡ ਦੇ ਮਸ਼ਹੂਰ ਮਜ਼ਾਹੀਆ ਗੀਤ ਹਨ 'ਰਮਤਾ ਟੇਸ਼ਨ ਤੇ', 'ਰਮਤਾ ਸ਼ਹਿਰ ਵਿਚ', 'ਰਮਤਾ ਨਵੀਂ ਦਿੱਲੀ ਵਿਚ', 'ਰਮਤਾ ਬੰਬਈ ਵਿਚ', 'ਰਮਤਾ ਐਕਟਰ ਹੋ ਗਿਆ', 'ਰਮਤਾ ਅਫ਼ਰੀਕਾ ਵਿਚ', 'ਰਮਤਾ ਮੇਮਾਂ ਵਿਚ', 'ਰਮਤਾ ਭੁਲੇਖਾ ਖਾ ਗਿਆ', 'ਰਮਤੇ ਦਾ ਦੂਜਾ ਵਿਆਹ'। ਸਾਲ 1983 ਵਿਚ 'ਰਮਤਾ ਕੇਨੈਡਾ ਵਿਚ' ਦੇ ਸਿਰਲੇਖ ਹੇਠ ਇਕ ਹੋਰ ਐੱਲ ਪੀ ਰਿਕਾਰਡ ਰਿਲੀਜ਼ ਹੋਇਆ। ਅਦਬੀ ਖੇਤਰ ਵਿਚ ਰਮਤੇ ਦੀਆਂ ਤਿੰਨ ਕਿਤਾਬਾਂ ਆਈਆਂ। ਪਹਿਲੀ 'ਪਰਦੇਸੀ ਰਮਤਾ' ਗੀਤਾਂ ਦੀ, ਦੂਜੀ 'ਰਮਤੇ ਦੇ ਹਾਸੇ' 'ਚ ਮਜ਼ਾਹੀਆ ਗੀਤ ਅਤੇ ਤੀਸਰੀ ਉਰਦੂ ਸ਼ਾਇਰੀ ਤੇ ਰਾਗਾਂ ਨਾਲ ਵਾਬਸਤਾ ਕਿਤਾਬ 'ਰਮਤਾ ਦਰ-ਏ-ਮੈਖ਼ਾਨਾ' ਯਾਨੀ 'ਰਮਤਾ ਠੇਕੇ ਵਿਚ' ਪਾਠਕਾਂ ਦੇ ਰੂ-ਬ-ਰੂ ਹੋਈਆਂ। ਰਮਤੇ ਨੇ ਏਕਲ ਗੀਤਾਂ ਤੋਂ ਇਲਾਵਾ ਆਪਣੀ ਆਵਾਜ਼ ਬੀਬੀ ਪ੍ਰਕਾਸ਼ ਕੌਰ ਨਾਲ ਵੀ ਸਾਂਝੀ ਕੀਤੀ ਅਤੇ ਬੀਬੀ ਸੁਰਿੰਦਰ ਕੌਰ ਨਾਲ ਵੀ। 1982 ਵਿਚ ਪ੍ਰਕਾਸ਼ ਕੌਰ ਦੀ ਵਫ਼ਾਤ 'ਤੇ ਰਮਤੇ ਨੇ ਪੰਜਾਬੀ ਗ਼ਜ਼ਲ ਲਿਖੀ 'ਯਾਦ ਰਹਿ ਜਾਂਦੀ ਏ ਇਨਸਾਨ ਚਲੇ ਜਾਂਦੇ ਨੇ, ਜਿਓਂ ਦਿਨੇ ਰਾਤ ਦੇ ਮਹਿਮਾਨ ਚਲੇ ਜਾਂਦੇ ਨੇ'। 70 ਦੇ ਦਹਾਕੇ 'ਚ ਉਹ ਆਪਣਾ ਪੰਜਾਬ ਛੱਡ ਵਿਦੇਸ਼ ਚਲਾ ਗਿਆ। ਇੱਥੇ ਉਸਨੇ ਕੈਨੇਡਾ ਦੇ ਸ਼ਹਿਰ ਟੋਰਾਂਟੋ ਵਿਚ ਪੱਕੇ ਤੌਰ 'ਤੇ ਵਸੇਬਾ ਕਰ ਲਿਆ ਸੀ। ਓੜਕ ਪੰਜਾਬੀਆਂ ਨੂੰ ਆਪਣੀ ਲਤੀਫ਼ੇਨੁਮਾ ਸ਼ਾਇਰਾਨਾ ਗਾਇਕੀ ਨਾਲ ਹਸਾਉਣ ਵਾਲਾ ਹਜ਼ਾਰਾ ਸਿੰਘ ਰਮਤਾ ਬਰੈਂਪਟਨ, ਓਨਟਾਰੀਓ ਵਿਖੇ 6 ਸਤੰਬਰ 2017 ਨੂੰ ਵਫ਼ਾਤ ਪਾ ਗਿਆ।



## ਟੌਮ ਅਲਟਰ

ਟੌਮ ਅਲਟਰ (22 ਜੂਨ 1950-29 ਸਤੰਬਰ 2017) ਦਿੱਗਜ ਥੀਏਟਰ ਟੀ.ਵੀ. ਅਤੇ ਫ਼ਿਲਮ ਅਦਾਕਾਰ ਟੌਮ ਅਲਟਰ ਸ਼ੁਕਰਵਾਰ 29 ਸਤੰਬਰ ਦੀ ਰਾਤ ਨੂੰ ਆਪਣੇ ਗ੍ਰਹਿ ਵਿਖੇ 67 ਸਾਲ ਦੀ ਉਮਰ ਵਿਚ ਇੰਤਕਾਲ ਫ਼ਰਮਾ ਗਏ। ਉਹ ਤਵਚਾ ਰੋਗ ਤੋਂ ਪੀੜਿਤ ਸਨ। ਟੌਮ ਅਲਟਰ ਉਰਫ਼ ਥੋਮਸ ਬੀਚ ਅਲਟਰ ਦੀ ਪੈਦਾਇਸ਼ ਮਸੂਰੀ (ਉੱਤਰ ਪ੍ਰਦੇਸ਼) ਵਿਚ ਹੋਈ ਸੀ। ਅਲਟਰ ਅਮੇਰਿਕੀ ਮਿਸ਼ਨਰੀ ਮਾਂ-ਪਿਓ ਦੀ ਔਲਾਦ ਸਨ ਅਤੇ ਬੰਬਈ ਵਿਚ ਲੰਦੋਰ ਦੇ ਹਿਮਾਲਿਆ ਹਿੱਲ ਸਟੇਸ਼ਨ ਵਿਚ ਰਹਿੰਦੇ ਸਨ। ਉਨ੍ਹਾਂ ਨੇ ਮਸੂਰੀ ਦੇ ਵੁੱਡਸਟਾਕ ਸਕੂਲ ਵਿਚ ਅਤੇ ਬਾਅਦ ਵਿਚ ਪੂਨੇ ਦੇ ਫ਼ਿਲਮ ਐਂਡ ਅਤੇ ਟੈਲੀਵਿਜ਼ਨ ਸੰਸਥਾ ਵਿਚ ਪੜ੍ਹਾਈ ਕੀਤੀ। ਸਹਾਇਕ ਅਤੇ ਚਰਿੱਤਰ ਅਦਾਕਾਰ ਵਜੋਂ ਉਨ੍ਹਾਂ ਨੇ ਕਰੀਬਨ 177 ਫ਼ਿਲਮਾਂ ਵਿਚ ਕਿਰਦਾਰਨਿਗ਼ਾਰੀ ਕੀਤੀ। ਉਨ੍ਹਾਂ ਦੀ ਪਹਿਲੀ ਹਿੰਦੀ ਫ਼ਿਲਮ ਹਿਦਾਇਤਕਾਰ ਰਾਮਾਨੰਦ ਸਾਗਰ ਦੀ 'ਚਰਸ' (1976) ਸੀ। ਉਨ੍ਹਾਂ ਦੀਆਂ ਕੁਝ ਬੇਹੱਦ ਪਸੰਦ ਕੀਤੀਆਂ ਗਈਆਂ ਫ਼ਿਲਮਾਂ ਵਿਚ 'ਗਾਂਧੀ' (1982) 'ਪਰਿੰਦਾ' (1989), 'ਆਸ਼ਿਕੀ' (1990) ਅਤੇ 'ਸਰਦਾਰ' (1993) ਵਗ਼ੈਰਾ ਨੁਮਾਇਆ ਹਨ। ਟੈਲੀਵਿਜ਼ਨ ਦੀ ਦੁਨੀਆ ਵਿਚ ਅਲਟਰ ਨੇ 'ਭਾਰਤ ਏਕ ਖੋਜ' ਤੋਂ ਲੈ ਕੇ 'ਸ਼ਕਤੀਮਾਨ' ਤੱਕ ਕੰਮ ਕੀਤਾ। ਉਨ੍ਹਾਂ ਨੇ ਬੰਗਾਲੀ, ਅਸਮੀਆਂ ਅਤੇ ਤੇਲਗੂ ਸਿਨੇਮਾ 'ਚ ਵੀ ਕੰਮ ਕੀਤਾ। ਉਹ ਇਕ ਕ੍ਰਿਕਟ ਪ੍ਰੇਮੀ ਵੀ ਸਨ। ਉਨ੍ਹਾਂ ਨੇ ਕਈ ਸਪੋਰਟਸ ਰਸਾਲਿਆਂ ਲਈ ਮਜ਼ਾਮੀਨ ਵੀ ਲਿਖੇ ਸਨ। ਉਨ੍ਹਾਂ ਦੀ ਆਖ਼ਰੀ ਫ਼ਿਲਮ 'ਸਰਗੋਸ਼ੀਆਂ' (2017) ਸੀ, ਜਿਸ ਵਿਚ ਟੌਮ ਨੇ ਅਲੋਕ ਨਾਥ ਅਤੇ ਫਰੀਦਾ ਜਲਾਲ ਨਾਲ ਕੰਮ ਕੀਤਾ ਸੀ। ਟੌਮ ਅਲਟਰ ਦਾ ਰੰਗਮੰਚ ਲਈ ਕੀਤਾ ਕੰਮ ਵੀ ਕਾਬਿਲ-ਏ-ਤਵੱਜਾ ਹੈ। ਉਨ੍ਹਾਂ ਦੇ ਨਾਟਕ 'ਦਿੱਲੀ ਵਿਚ ਗ਼ਾਲਿਬ' ਦਾ ਸਫ਼ਲ ਮੰਚਨ ਪੂਰੇ ਦੇਸ਼ ਵਿਚ ਕੀਤਾ ਗਿਆ। ਇਸ ਨਾਟਕ ਵਿਚ ਟੌਮ ਨੇ ਮਿਰਜ਼ਾ ਗ਼ਾਲਿਬ ਦਾ ਕਿਰਦਾਰ ਅਦਾ ਕੀਤਾ ਸੀ। 1980 ਤੋਂ 1990 ਦੇ ਦੌਰਾਨ ਅਲਟਰ ਇਕ ਨਾਮੀ ਖੇਡ ਪੱਤਰਕਾਰ ਵੀ ਰਹੇ ਹਨ। ਉਹ ਟੈਲੀਵਿਜ਼ਨ ਉੱਤੇ ਸਚਿਨ ਤੇਂਦੁਲਕਰ ਦਾ ਇੰਟਰਵਿਊ ਕਰਨ ਵਾਲੇ ਪਹਿਲੇ ਬੰਦੇ ਸਨ। ਇਸ ਤੋਂ ਇਲਾਵਾ ਟੌਮ ਨੇ 3 ਕਿਤਾਬਾਂ ਵੀ ਲਿਖੀਆਂ। ਕਲਾ ਅਤੇ ਸਿਨੇਮਾ ਦੇ ਖ਼ੇਤਰ ਵਿਚ ਅਹਿਮ ਯੋਗਦਾਨ ਦੇਣ ਲਈ 2008 ਵਿਚ ਟੌਮ ਅਲਟਰ ਨੂੰ ਵੱਕਾਰੀ ਪੁਰਸਕਾਰ 'ਪਦਮਸ੍ਰੀ' ਨਾਲ ਸਰਫ਼ਰਾਜ਼ ਕੀਤਾ ਗਿਆ।

ਰਾਏ ਤੇ ਫ਼ਿਲਮਾਇਆ ਨਰਿੰਦਰ ਬੀਬਾ ਦਾ ਗੀਤ 'ਤੇਰੀਆਂ ਮੁਹੱਬਤਾਂ ਨੇ ਮਾਰ ਸੁੱਟਿਆ ਦੱਸ ਕੀ ਕਰਾਂ' ਬੱਚੇ-ਬੱਚੇ ਦੀ ਜ਼ੁਬਾਨ 'ਤੇ ਚੜ੍ਹਿਆ ਹਿੱਟ ਗੀਤ ਸੀ। ਇਸ ਫ਼ਿਲਮ ਦੀ ਜ਼ਬਰਦਸਤ ਕਾਮਯਾਬੀ ਤੋਂ ਬਾਅਦ ਉਸਨੇ ਪਿੱਛੇ ਮੁੜ ਕੇ ਨਹੀਂ ਵੇਖਿਆ।

ਉਸਦੀਆਂ ਕੁਝ ਹੋਰ ਮਸ਼ਹੂਰ ਜ਼ਮਾਨਾ ਪੰਜਾਬੀ ਫ਼ਿਲਮਾਂ 'ਪਾਪੀ ਤਰੇ ਅਨੇਕ' (1976/ ਧੀਰਜ ਕੁਮਾਰ ਨਾਲ), 'ਨੱਚਦੀ ਜਵਾਨੀ' (1977/ਰੋਮੇਸ਼ ਸ਼ਰਮਾ ਨਾਲ), 'ਵੰਗਾਰ' (1977/ਬਲਦੇਵ ਖੋਸੇ ਨਾਲ), 'ਰਾਂਝਣ ਮੇਰਾ ਯਾਰ' (1984/ਅਸ਼ੋਕ ਖੋਸਲਾ ਨਾਲ), 'ਚੰਨ ਮੇਰਾ ਮਾਹੀ' (1987/ਧੀਰਜ ਕੁਮਾਰ ਨਾਲ) ਅਤੇ 'ਜਾਗ ਪੰਜਾਬੀ ਸ਼ੇਰਾ'(1987/ਰੋਮੇਸ਼ ਸ਼ਰਮਾ ਨਾਲ) ਜ਼ਰੀਏ ਆਪਣੀ ਬਿਹਤਰੀਨ ਕਿਰਦਾਰ-ਨਿਗ਼ਾਰੀ ਦੀ ਅਮਿੱਟ ਛਾਪ ਛੱਡੀ।

ਬਤੌਰ ਅਦਾਕਾਰਾ ਮੀਨਾ ਰਾਏ ਦੀ ਪਹਿਲੀ ਹਿੰਦੀ ਫ਼ਿਲਮ ਮੁਕੁਲ ਇੰਟਰਪ੍ਰਾਈਜਿਜ਼ ਦੀ 'ਸ੍ਰੀ ਮਾਨ ਜੀ' (1968) ਸੀ। ਇਸ ਤੋਂ ਬਾਅਦ ਹਰਿ ਦਰਸ਼ਨ ਚਿੱਤਰ, ਬੰਬੇ ਦੀ 'ਮੁਝੇ ਸੀਨੇ ਸੇ ਲਗਾ ਲੋ' (1969), ਸ਼ੰਕਰ ਮੂਵੀਜ਼, ਬੰਬੇ ਦੀ 'ਸ਼ਰਤ' (1969), ਹਿਦਾਇਤਕਾਰ ਚਾਂਦ ਦੀ 'ਉਸਤਾਦ ਪੈਡਰੋ' (1971), ਫ਼ਿਲਮ ਡਾਇਨਮੋ ਇੰਟਰਨੈਸ਼ਨਲ, ਬੰਬੇ ਦੀ 'ਵਿਕਟੋਰੀਆ ਨੰਬਰ 203' (1972), ਹਿਦਾਇਤਕਾਰ ਹਰਿਸ਼ੀਕੇਸ਼ ਮੁਖਰਜੀ ਦੀ 'ਸਬਸੇ ਬੜਾ ਸੁਖ' (1972), 'ਮੇਰਾ ਦੇਸ਼ ਮੇਰਾ ਧਰਮ' (1973), 'ਤੀਸਰਾ ਕਿਨਾਰਾ' (1986), 'ਕੁਰਬਾਨੀ ਰੰਗ ਲਾਏਗੀ' (1991),'ਹੀਰ ਰਾਂਝਾ' (1992), 'ਕਾਲਾ ਸੱਚ' (1995) ਇਤਿਆਦ ਉਸਦੀ ਅਦਾਕਾਰੀ ਦੀ ਸ਼ਨਾਖਤ ਹਨ।

## ਮੀਨਾ ਕਪੂਰ



(27 1930-23 ਨਵੰਬਰ 2017) 40 ਅਤੇ 50 ਦੇ ਅਸਰੇ ਦੀ ਮੁਮਤਾਜ਼ ਗੁਲੂਕਾਰਾ ਆਪਣੇ ਕਲਕੱਤੇ ਸਥਿਤ ਘਰ ਵਿਖੇ 23 ਨਵੰਬਰ ਨੂੰ 87 ਸਾਲਾਂ ਦੀ ਉਮਰ ਵਿਚ ਇੰਤਕਾਲ ਫਰਮਾ ਗਈ। ਭਾਰਤੀ ਫ਼ਿਲਮਾਂ ਦੇ ਮਅਰੂਫ਼ ਮੌਸੀਕਾਰ ਅਨਿਲ ਬਿਸਵਾਸ ਦੀ ਸ਼ਰੀਕ-ਏ-ਹਿਆਤ ਅਤੇ ਚਰਿੱਤਰ ਅਦਾਕਾਰ ਵਿਕਰਮ ਕਪੂਰ ਦੀ ਧੀ ਮੀਨਾ ਕਪੂਰ ਦੀ ਪੈਦਾਇਸ਼ ਅਗਸਤ 1930 ਨੂੰ ਕਲਕੱਤੇ 'ਚ ਹੋਈ ਸੀ। ਬਤੌਰ ਪਾਸ-ਏ-ਪਰਦਾ ਗੁਲੂਕਾਰਾ ਉਸ ਦੀ ਪਹਿਲੀ ਹਿੰਦੀ ਫ਼ਿਲਮ ਸੀ ਦੂਰ ਚਲੇਂ (1946), ਏਟ ਡੇਜ਼ (1946), ਜੇਲ੍ਹ ਯਾਤਰਾ, ਪਰਵਾਨਾ (1947)।

ਫ਼ਿਲਮਸਤਾਨ ਲਿਮਿਟਡ, ਬੰਬਈ ਦੀ ਫ਼ਿਲਮ ਸ਼ਹਿਨਾਈ (1947) 'ਚ ਨੁਮਾਇਆ ਮੌਸੀਕਾਰ ਤੇ ਗੁਲੂਕਾਰ ਸੀ ਰਾਮਚੰਦਰ (ਚਿਤਲਕਰ, ਸ਼ਮਸ਼ਾਦ ਬੇਗਮ ਨਾਲ) ਨਾਲ ਗਾਏ ਰੋਮਾਨੀ ਯੁਗਲ ਰੈਪ ਗੀਤ 'ਆਨਾ ਮੇਰੀ ਜਾਨ ਸੰਡੇ ਕੇ ਸੰਡੇ' ਨੇ ਉਸ ਨੂੰ ਸਫ਼ਲਤਾ ਦੇ ਸਿਖ਼ਰ 'ਤੇ ਬਿਠਾ ਦਿੱਤਾ ਸੀ। ਇਸ ਨਗਮੇ ਦੇ ਮਕਬੂਲ ਹੁੰਦਿਆਂ ਹੀ ਉਹਦੇ ਕੋਲ ਨਗ਼ਮਾਸਰਾਈ ਦੇ ਬੇਸ਼ੁਮਾਰ ਆਫ਼ਰ ਆ ਗਏ ਸਨ। 1948 ਤੋਂ 1960 ਤੱਕ ਬਣੀਆਂ 60 ਹਿੰਦੀ ਫ਼ਿਲਮਾਂ ਵਿਚ ਕਰੀਬਨ 110 ਨਗਮਾਤ ਨੂੰ ਆਪਣੀ ਪੁਰਕਸ਼ਿਸ਼ ਆਵਾਜ਼ ਦਾ ਹੁਸਨ ਬਖ਼ਸ਼ਿਆ।

ਪੰਜਾਬੀ ਸਿਨੇਮਾ ਲਈ ਇਹ ਬੇਹੱਦ ਫ਼ਖ਼ਰ ਵਾਲੀ ਗੱਲ ਹੈ ਕਿ ਮੀਨਾ ਕਪੂਰ ਨੇ ਪੰਜਾਬੀ ਫ਼ਿਲਮ 'ਬਾਲੋ' (1951) ਵਿਚ ਮੌਸੀਕਾਰ ਐੱਨ ਦੱਤਾ ਦੀ ਸੰਗਤ ਨਿਰਦੇਸ਼ਨਾ 'ਚ ਸਾਹਿਰ ਲੁਧਿਆਣਵੀ ਦਾ ਲਿਖਿਆ ਇਕ ਪੁਰਸਰ ਗੀਤ ਕੋਠੇ-ਕੋਠੇ ਆ ਨੀਂ ਕੁੜੀਏ ਨੀਂ ਤੈਨੂੰ ਬਾਲੋ ਦਾ ਯਾਰ ਵਿਖਾਵਾਂ (ਕੋਰਸ) ਗਾਇਆ, ਜਿਸ ਨੂੰ ਰਜਨੀ, ਰਾਣੀ ਤੇ ਸਖੀਆਂ 'ਤੇ ਫ਼ਿਲਮਾਇਆ ਗਿਆ ਸੀ।

ਰਿਕਾਰਡ ਮੁਤਾਬਿਕ ਇਹ ਆਵਾਜ਼ 'ਗੀਤਾ ਰੌਏ ਦੀ ਹੈ ਐਪਰ ਮੀਨਾ ਕਪੂਰ ਦੇ ਦੱਸਣ ਮੁਤਾਬਿਕ ਇਹ ਉਸਦਾ ਪਹਿਲਾ ਪੰਜਾਬੀ ਫ਼ਿਲਮੀ ਗੀਤ ਸੀ। ਇਸ ਤੋਂ ਬਾਅਦ ਮੀਨਾ ਕਪੂਰ ਨੇ ਧਨੀ ਰਾਮ ਦੀ ਮੁਰੱਤਿਬ ਮੌਸੀਕੀ 'ਚ ਮਨੋਹਰ ਸਿੰਘ ਸਹਿਰਾਈ ਦਾ ਲਿਖਿਆ ਪੰਜਾਬੀ ਫ਼ਿਲਮ 'ਲਾਰਾ ਲੱਪਾ' (1953) ਦਾ ਗੀਤ 'ਮੇਲਾ ਦੋ ਦਿਨ ਦਾ ਹੋ ਜੀ' ਗੁਲੂਕਾਰ ਸਤੀਸ਼ ਬੱਤਰਾ, ਐੱਸ ਬਲਬੀਰ, ਸ਼ਮਸ਼ਾਦ ਬੇਗਮ ਨਾਲ ਸਾਂਝੇ ਤੌਰ 'ਤੇ ਗਾਇਆ।

1955 ਤੋਂ ਬਾਅਦ ਮੀਨਾ ਕਪੂਰ ਨੇ ਗਾਉਣਾ ਘੱਟ ਕਰ ਦਿੱਤਾ ਸੀ। 1956 ਤੋਂ 1965 ਤੱਕ ਉਨ੍ਹਾਂ ਨੇ ਸਿਰਫ਼ 11 ਹਿੰਦੀ ਫ਼ਿਲਮਾਂ 'ਚ 20 ਗੀਤ ਗਾਏ ਸਨ। ਸਾਲ 1965 ਵਿਚ ਨੁਮਾਇਸ਼ ਹੋਈ ਫ਼ਿਲਮ 'ਛੋਟੀ ਛੋਟੀ ਬਾਤੇਂ' ਮੀਨਾ ਕਪੂਰ ਅਤੇ ਮੌਸੀਕਾਰ ਅਨਿਲ ਬਿਸਵਾਸ ਦੀ ਇਕੱਠਿਆਂ ਦੀ ਆਖਰੀ ਫ਼ਿਲਮ ਕਰਾਰ ਪਾਈ। 1956 ਵਿਚ ਵਿਚ ਮੀਨਾ ਕਪੂਰ ਨੇ ਅਨਿਲ ਬਿਸਵਾਸ ਨਾਲ ਵਿਆਹ ਕੀਤਾ ਸੀ ਐਪਰ ਕੋਈ ਔਲਾਦ ਨਹੀਂ ਸੀ ਜਦਕਿ ਅਨਿਲ ਬਿਸਵਾਸ ਦੀ ਪਹਿਲੀ ਪਤਨੀ ਆਸ਼ਾ ਲਤਾ ਤੋਂ 4 ਬੱਚੇ ਸਨ। 1963 ਵਿੱਚ ਅਨਿਲ ਬਿਸਵਾਸ "ਆਲ ਇੰਡੀਆ ਰੇਡੀਓ, ਦਿੱਲੀ ਵਿਚ ਮੁਲਾਜ਼ਮ ਮੁਕੱਰਰ ਹੋ ਗਏ ਸਨ, ਜਿਸਦੇ ਬਾਅਦ ਉਹ ਉਨ੍ਹਾਂ ਦੇ ਨਾਲ ਦਿੱਲੀ ਆ ਗਈ ਸੀ। ਸਾਲ 2003 ਵਿੱਚ ਅਨਿਲ ਬਿਸਵਾਸ ਦੀ ਵਫ਼ਾਤ ਦੇ ਬਾਅਦ ਉਹ ਪੱਕੇ ਤੌਰ ਤੇ ਕਲਕੱਤੇ ਆਣ ਵੱਸੀ ਸੀ

ਮੀਨਾ ਕਪੂਰ ਦੇ ਗਾਏ ਚੰਦ ਮੁੰਤਖਿਬ ਤੇ ਮਸ਼ਹੂਰ-ਏ-ਜ਼ਮਾਨਾ ਨਗ਼ਮਾਤ- "ਅਬ ਯਾਦ ਨਾ ਕਰ" (ਅਨੋਖਾ ਪਿਆਰ/ਮੁਕੇਸ਼ ਨਾਲ/1948), "ਮੇਰਾ ਦਿਲ ਝੂਲ ਰਹਾ ਹੈ" (ਦੁਖਿਆਰੀ/1948), "ਮੋਰੀ ਅਟਾਰੀਆ ਪੇ ਕਾਗਾ ਬੋਲੇ" (ਆਂਖੇਂ/1950), "ਚਾਂਦ ਸੌ ਗਿਆ ਤਾਰੇ ਸੌ ਗਏ" (ਰਾਹੀਂ/1953), "ਰਸੀਆ ਰੇ ਮਨ ਬਸੀਆ ਰੇ" (ਪ੍ਰਦੇਸੀ/1957), "ਕੁਛ ਔਰ ਜ਼ਮਾਨਾ ਕਹਿਤਾ ਹੈ" (ਛੋਟੀ ਛੋਟੀ ਬਾਤੇਂ/1965) ਆਦਿ।

## ਗੁਰਪਾਲ ਸਿੰਘ ਪਾਲ




(4 ਅਕਤੂਬਰ 1935- 29 ਨਵੰਬਰ 2017) ਗੁਰਪਾਲ ਸਿੰਘ ਪਾਲ ਪੰਜਾਬ ਦੇ ਉਨ੍ਹਾਂ ਮਅਰੂਫ਼ ਗੁਲੂਕਾਰਾਂ 'ਚੋਂ ਇਕ ਸਨ, ਜਿਸਨੇ ਸਹੀ ਮਾਅਨਿਆਂ ਵਿਚ ਪੰਜਾਬੀ ਲੋਕ ਸੰਗੀਤ ਅਤੇ ਮਾਂ-ਬੋਲੀ ਦੀ ਖ਼ਿਦਮਤ ਕੀਤੀ।

ਗੁਰਪਾਲ ਸਿੰਘ ਪਾਲ ਦੀ ਪੈਦਾਇਸ਼ 4 ਅਕਤੂਬਰ 1935 ਨੂੰ ਪਿਤਾ ਬਹਾਦਰ ਸਿੰਘ ਲਹਿਣਾ ਅਤੇ ਮਾਤਾ ਗੁਰਦਿਆਲ ਦੇ ਘਰ ਪਿੰਡ ਕਨੇਚ, ਜ਼ਿਲਾ ਲੁਧਿਆਣਾ ਵਿਖੇ ਹੋਈ। ਤਿੰਨ ਭਰਾ ਇਕ ਭੈਣ ਤੋਂ ਪੰਜਵੇਂ ਨੰਬਰ 'ਤੇ ਆਉਂਦੇ ਗੁਰਪਾਲ ਸਿੰਘ ਪਾਲ ਨੇ ਪੰਜਵੀਂ ਜਮਾਤ ਪਿੰਡ ਸਾਹਨੇਵਾਲ ਤੋਂ ਪਾਸ ਕੀਤੀ, ਜਿੱਥੇ ਮਸ਼ਹੂਰ ਅਦਾਕਾਰ ਧਰਮਿੰਦਰ ਇਨ੍ਹਾਂ ਦਾ ਮਿੱਤਰ ਬਣਿਆ। ਇੱਥੇ ਪੜ੍ਹਦਿਆਂ ਹੀ ਉਨ੍ਹਾਂ ਨੇ ਸਕੂਲ ਦੀ ਬਾਲ ਸਭਾ ਵਿਚ ਗੀਤ ਗਾ ਕੇ ਆਪਣੀ ਗਾਇਕੀ ਦਾ ਮੁੱਢ ਬੰਨ ਦਿੱਤਾ ਸੀ। ਰਿਸ਼ਤੇਦਾਰੀ 'ਚੋਂ ਪੰਜਾਬੀ ਫ਼ਿਲਮਾਂ ਦਾ ਮਸ਼ਹੂਰ ਅਦਾਕਾਰ ਯੋਗਰਾਜ ਸਿੰਘ ਇਨ੍ਹਾਂ ਦੇ ਸਕੇ ਤਾਏ ਦਾ ਪੁੱਤ ਹੈ। ਸ਼ੁਰੂ 'ਚ ਘਰਦਿਆਂ ਉਸਦੇ ਸੰਗੀਤਕ ਇਸ਼ਕ ਦੀ ਬਹੁਤ ਮੁਖ਼ਾਲਫ਼ਿਤ ਕੀਤੀ ਕਿ ਤੂੰ ਕੰਜਰਾਂ ਵਾਲਾ ਕੰਮ ਫੜ ਲਿਆ ਹੈ ਐਪਰ ਉਸਦੀ ਸੱਚੀ ਲਗਨ ਅੱਗੇ ਮੰਨ ਗਏ। ਸਾਲ 1956 ਵਿਚ ਦੱਸਵੀਂ ਪਾਸ ਕਰਨ ਤੋਂ ਬਾਅਦ ਜ਼ਿਲ੍ਹਾ ਫਰੀਦਕੋਟ ਦੇ ਪਿੰਡ ਬਾਜਾਖਾਨਾ ਤੋਂ 1964 ਵਿਚ ਜੇ. ਬੀ. ਟੀ. ਵੀ. ਕਰ ਲਈ ਪ੍ਰੰਤੂ ਅਧਿਆਪਨ ਕਿੱਤਾ ਨਾ ਅਪਣਾਇਆ। ਇਸ ਤੋਂ ਬਾਅਦ ਉਹ ਨਹਿਰੀ ਵਿਭਾਗ ਵਿਚ ਸਰਕਾਰੀ ਮੁਲਾਜ਼ਮ ਵਜੋਂ ਰਣੀਏ ਦੀ ਕੋਠੀ ਵਿਖੇ ਤਾਰ ਬਾਬੂ ਮੁਕੱਰਰ ਹੋ ਗਏ। ਐਪਰ ਮੁਲਾਜ਼ਮਤ ਦਾ ਇਹ ਕੰਮ ਵੀ ਉਨ੍ਹਾਂ ਨੂੰ ਬਹੁਤਾ ਰਾਸ ਨਾ ਆਇਆ। ਇਸ ਤੋਂ ਬਾਅਦ ਉਨ੍ਹਾਂ ਨੇ ਸੰਗੀਤ ਦੇ ਅਜ਼ੀਮ ਫ਼ਨ ਦਾ ਫ਼ੈਜ਼ ਹਾਸਲ ਕਰਨ ਲਈ ਉਸਤਾਦ ਗੁਰਚਰਨ ਸਿੰਘ ਨੂੰ ਆਪਣਾ ਉਸਤਾਦ ਧਾਰਿਆ। ਉਨ੍ਹਾਂ ਗਿਆਨੀ ਗਿਆਨ ਸਿੰਘ ਦਾਊਧਰ ਵਾਲਿਆਂ ਤੋਂ ਬੈਂਜੋ ਅਤੇ ਕਲਾਸਕੀ ਮੌਸੀਕੀ ਦੀ ਤਅਲੀਮ ਜਸਵੰਤ ਸਿੰਘ ਭੰਵਰਾਂ ਹੋਰਾਂ ਪਾਸੋਂ ਹਾਸਲ ਕੀਤੀ। 1972 ਵਿਚ ਉਹ ਪਰਿਵਾਰ ਸਮੇਤ ਆਪਣੇ ਪਿੰਡ ਕਨੇਚ (ਲੁਧਿਆਣਾ) ਤੋਂ ਮੁਤਬਾਦਲ ਹੋ ਕੇ ਪੱਕੇ ਤੌਰ ਤੇ ਕੋਟਕਪੂਰਾ ਆਣ ਵੱਸੇ। ਇੱਥੋਂ ਹੀ ਮੁਕੰਮਲ ਰੂਪ ਵਿਚ ਪੰਜਾਬੀ ਲੋਕ ਗਾਇਕੀ ਨੂੰ ਸਮਰਪਿਤ ਹੋ ਗਏ। ਸਾਲ 1959 ਵਿਚ ਕਿਸੇ ਪ੍ਰੋਗਰਾਮ ਵਿਚ ਗਾਉਂਦਿਆਂ ਸੁਣ ਮੋਗੇ ਦੀ ਮਸ਼ਹੂਰ ਰਿਕਾਰਡਿੰਗ ਕੰਪਨੀ 'ਵਰਮਾ ਗਰਾਮੋਫ਼ੋਨ' ਦੇ ਮਾਲਕ ਨੇ ਗੁਰਪਾਲ ਸਿੰਘ ਨੂੰ ਤਵੇ ਰਿਕਾਰਡਿੰਗ ਕਰਵਾਉਣ ਦਾ ਇਸਰਾਰ ਕੀਤਾ। ਉਨ੍ਹਾਂ ਦੀ ਪਹਿਲੀ ਰਿਕਾਰਡਿੰਗ ਬਨਾਰਸ 'ਚ 1959 ਵਿਚ ਹੋਈ। ਉਨ੍ਹਾਂ ਆਪਣੀ ਮੁਲਕਾਤ ਵਿਚ ਦਿਲਚਸਪ ਵਾਕਿਆ ਸਾਂਝਾ ਕਰਦਿਆਂ ਦੱਸਿਆ ਕਿ ਓਦੋਂ ਮੈਂ ਰਣੀਏ ਦੀ ਕੋਠੀ ਵਿਖੇ ਤਾਰ ਬਾਬੂ ਸੀ। ਆਪਣੇ ਨਾਲ ਦੇ ਤਾਰ ਬਾਬੂ ਨੂੰ ਮੈਂ ਉੱਥੇ ਕੁਝ ਰੁਪਈਏ ਦੇ ਕੇ ਛੱਡ ਗਿਆ ਕਿ ਤੂੰ ਡਿਊਟੀ ਨਿਭਾ ਲਵੀਂ। ਪੰਜ ਦਿਨ ਮੈਂ ਨਾ ਮੁੜਿਆ, ਉੱਥੇ ਗੀਤ ਰਿਕਾਰਡ ਹੋਏ 'ਬਾਲਮਾ ਸੌਂ ਜਾਵਾਂ ਮੇਰੀ ਅੱਖੀਆਂ 'ਚ ਨੀਂਦਰ ਰੜਕੇ' ਤੇ 'ਪਾਲੀ ਪਾਣੀ ਖੂਹ ਤੋਂ ਭਰੇ'। ਇਸ ਤੋਂ ਬਾਅਦ ਰਿਕਾਰਡਿੰਗ ਦਾ ਇਹ ਸਿਲਸਿਲਾ ਚੱਲ ਸੋ ਚੱਲ। ਗੁਰਪਾਲ ਸਿੰਘ ਪਾਲ ਨੇ ਸਮਾਜ ਸੁਧਾਰ ਤੇ ਧਾਰਮਿਕ ਵਿਸ਼ੇ ਨਾਲ ਵਾਬਸਤਾ 250 ਕੁ ਦੇ ਕਰੀਬ ਗੀਤ-ਨਗ਼ਮਾਤ ਨੂੰ ਆਪਣੀ ਪੁਰਕਸ਼ਿਸ਼ ਆਵਾਜ਼ ਦਾ ਹੁਸਨ ਬਖ਼ਸ਼ਿਆ। ਉਨ੍ਹਾਂ ਦਾ ਇਕ ਧਾਰਮਿਕ ਐਕਸਟੈਂਡ ਪਲੇਅ ਸੁਪਰ ਸੈਵਨ ਰਿਕਾਰਡ (ਐਲਪੀਈ 12029) ਗਰਾਮੋਫ਼ੋਨ ਕੰਪਨੀ ਈ ਐੱਮ ਆਈ ਨੇ 1977 ਵਿਚ ਜਾਰੀ ਕੀਤਾ। ਪੰਡਿਤ ਸ਼ਿਵ ਰਾਮ ਦੇ ਸੰਗੀਤ 'ਚ ਬਾਬੂ ਸਿੰਘ ਮਾਨ, ਚਮਨ ਲਾਲ ਸ਼ੁਗਲ, ਗੁਰਦਿੱਤ ਸਿੰਘ ਕੁੰਦਨ, ਮੋਹਨ ਸਿੰਘ, ਦੀਪਕ ਜੈਤੋਈ, ਕਰਮ ਸਿੰਘ ਜੋਗੀ ਵਰਗੇ ਨਾਮੀ ਗੀਤ ਨਿਗ਼ਾਰਾਂ ਦੇ ਲਿਖੇ ਇਹ ਗੀਤ ਬਹੁਤ ਮਕਬੂਲ ਹੋਏ 'ਸਿਰ ਧਰ ਕੇ ਤਲੀ ਉੱਤੇ ਆਜਾ', 'ਆ ਸਿੰਘਾ ਦਸ਼ਮੇਸ਼ ਦਿਆ', 'ਬੰਦਾ ਹੰਕਾਰਿਆ ਮੰਦਾ', 'ਉਹ ਸਿੱਖੀ ਦਾ ਬੂਟਾ ਏ', 'ਦਸਵੇਂ ਗੁਰਾਂ ਦੀ ਜਿੰਦ ਜਾਨ ਖ਼ਾਲਸਾ', 'ਤੈਥੋਂ ਬੰਦਿਆਂ ਬੁਰਾਈਆਂ ਚਿੱਤੋਂ'। ਉਨ੍ਹਾਂ ਸਮਾਜਿਕ ਗੀਤਾਂ ਵਿਚ 'ਇਹ ਦੁਨੀਆ ਪੁੱਤਰ ਪੈਸੇ ਦੀ...ਪੈਸਾ ਜਿਵੇਂ ਨਚਾਈ ਜਾਂਦਾ ਦੁਨੀਆ ਨੱਚੀ ਜਾਂਦੀ ਆ', ਜਿੰਦੂਆ ਤੇ ਬਿੰਦੂਆ', 'ਕਹਿਣਾ ਕੌਣ ਕਿਸੇ ਦਾ ਮੰਨਦਾ ਦੁਨੀਆ ਆਪ ਮੁਹਾਰੀ ਆ', 'ਹੁਣ ਕੀ ਤੂੰ ਰੱਬ ਹੋ ਗਈਓਂ' ਇਤਿਆਦ। ਤਵੇਂ ਵਾਲੇ ਨਗ਼ਮਾਤ ਦਾ ਯੁੱਗ ਖ਼ਤਮ ਹੁੰਦਿਆਂ ਹੀ ਕੈਸਟ ਕੰਪਨੀਆਂ ਨੇ ਉਨ੍ਹਾਂ ਦੇ ਬਹੁਤ ਸਾਰੇ



## ਗੀਤ ਬਰਾੜ

(1990-31 ਅਕਤੂਬਰ 2017) ਸਾਲ 2009 ਵਿਚ ਪੰਜਾਬੀ ਫ਼ਿਲਮ ਜਗਤ ਨਾਲ ਜੁੜੀ ਰਾਜਪੁਰੇ ਦੀ ਮਸ਼ਹੂਰਤਰੀਨ ਮੇਕਅੱਪ ਆਰਟਿਸਟ ਗੀਤ ਬਰਾੜ ਦੀ 27 ਸਾਲਾਂ ਦੀ ਜਵਾਂ ਉਮਰੇ ਕਿਸੇ ਵਿਸ਼ਵਾਸ਼ਘਾਤ ਵੱਲੋਂ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਪਟਿਆਲਾ ਪੁਲਿਸ ਨੂੰ ਉਸ ਦੀ ਲਾਸ਼ ਬੁੱਧਵਾਰ 1 ਨਵੰਬਰ, 2017 ਨੂੰ ਰਾਜਪੁਰਾ ਸ਼ਹਿਰ ਦੀ ਐਨਕਲੇਵ ਕਲੋਨੀ 'ਚੋਂ ਮਿਲੀ। 31 ਅਕਤੂਬਰ 2017 ਨੂੰ ਉਸਦੀ ਹੱਤਿਆ ਰਾਤ ਵੇਲੇ ਕਰ ਦਿੱਤੀ ਸੀ। 32 ਬੋਰ ਦੇ ਰਿਵਾਲਵਰ ਨਾਲ ਉਸਦੀ ਵੱਖੀ ਵਿਚ 2 ਗੋਲੀਆਂ ਮਾਰੀਆਂ ਗਈਆਂ ਸਨ। ਪੁਲਿਸ ਨੇ 24 ਘੰਟਿਆਂ ਅੰਦਰ ਇਸ ਗੁੰਝਲਦਾਰ ਕੇਸ ਦੀ ਗੁੱਥੀ ਸੁਲਝਾਉਂਦਿਆਂ ਪਟਿਆਲਾ ਦੇ ਮਨਜੀਤ ਸਿੰਘ ਬਿੰਦ ਕੈਮਰਾਮੈਨ ਨੂੰ ਗ੍ਰਿਫਤਾਰ ਕੀਤਾ ਹੈ। ਪੁਲਿਸ ਦੀ ਥਿਊਰੀ ਮੁਤਾਬਿਕ ਗੀਤ ਦਾ ਕਤਲ ਪੈਸਿਆਂ ਦੇ ਲੈਣ-ਦੇਣ ਦਾ ਮਾਮਲਾ ਸੀ। ਕਾਤਲ ਬਿੰਦ ਨੇ ਗੀਤ ਬਰਾੜ ਤੋਂ ਮਹਿੰਗਾ ਕੈਮਰਾ ਖਰੀਦਣ ਲਈ ਉਧਾਰ ਪੈਸੇ ਲਏ ਸਨ ਐਪਰ ਪੈਸੇ ਮੋੜਨ ਦੀ ਬਜਾਏ ਉਸਨੂੰ ਮੌਤ ਮਿਲੀ।

27 ਸਾਲਾਂ ਦੀ ਨਵਗੀਤ ਕੌਰ ਉਰਫ਼ ਗੀਤ ਬਰਾੜ ਜੋ ਹਾਲੇ ਅਣ-ਵਿਆਹੀ ਸੀ, ਨੇ ਸਿੰਘਾਪੁਰ ਤੋਂ ਮੇਕਅੱਪ ਦੀ ਟ੍ਰੇਨਿੰਗ ਪ੍ਰਾਪਤ ਕਰਕੇ ਫ਼ਿਲਮ ਜਗਤ ਵਿਚ ਪੈਰ ਧਰਿਆ ਸੀ। ਵਫ਼ਾਤ ਤੋਂ ਪਹਿਲਾਂ ਗੀਤ ਚੰਡੀਗੜ੍ਹ ਦੇ 40 ਸੈਕਟਰ ਵਿਚ ਰਹਿ ਕੇ ਭਵਿੱਖ ਨੂੰ ਹੋਰ ਬਿਹਤਰ ਬਣਾਉਣ ਲਈ ਮਿਹਨਤ ਕਰ ਰਹੀ ਸੀ। ਕਾਬਿਲ-ਏ-ਜ਼ਿਕਰ ਹੈ ਕਿ ਗੀਤ ਬਰਾੜ ਪੰਜਾਬੀ ਫ਼ਿਲਮ ਜਗਤ ਦੀਆਂ ਕਈ ਨਾਮੀ ਹਸਤੀਆਂ, ਜਿਨ੍ਹਾਂ ਵਿਚ ਗੁੱਗੂ ਗਿੱਲ, ਹਰਭਜਨ ਮਾਨ, ਅਮਰਿੰਦਰ ਗਿੱਲ, ਬੀਨੂੰ ਢਿੱਲੋਂ, ਜਪੁਜੀ ਖਹਿਰਾ, ਪਰਮੀਸ਼ ਵਰਮਾ, ਸ਼ੈਰੀ ਮਾਨ, ਰਣਜੀਤ ਬਾਵਾ ਆਦਿ ਨਾਲ ਬਤੌਰ ਮੇਕਅੱਪ ਆਰਟਿਸਟ ਕੰਮ ਕਰ ਚੁੱਕੀ ਸੀ। ਇਸ ਹੋਣਹਾਰ ਮੁਟਿਆਰ ਦੀ ਅਣਹੋਣੀ ਮੌਤ 'ਤੇ ਪੰਜਾਬੀ ਫ਼ਿਲਮ ਇੰਡਸਟਰੀ ਵੱਲੋਂ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ। ਇਸ ਕਾਬਿਲ ਮੁਟਿਆਰ ਦੀ ਅਣਹੋਣੀ ਵਫ਼ਾਤ 'ਤੇ ਨੌਜਵਾਨ ਸ਼ਾਇਰਾ ਦੀਪ ਗਿੱਲ ਪਾਂਘਲੀਆ ਆਪਣੇ ਰੰਜ-ਓ-ਗ਼ਮ ਦਾ ਇਜ਼ਹਾਰ ਆਪਣੇ ਦਰਦ-ਵਿਗੁੱਤੇ ਅਲਫ਼ਾਜ਼ ਜ਼ਰੀਏ ਵਿਸ਼ਵਾਸ਼ਘਾਤੀ ਨੂੰ ਸਦੀਵੀ ਲਾਹਣਤ ਪਾਉਂਦੀ ਇੰਝ ਬਿਆਂ ਕਰ ਰਹੀ ਹੈ:

ਤੂੰ ਅਸ਼ਾਂਤ ਰਹੀਂ ਗੀਤ
ਤੇਰੀ ਬੇਜਾਨ ਹੋਈ ਦੇਹ, ਅੱਜ ਸਿਵੇ 'ਚ ਬੁੱਜ ਗਈ,
ਪਰ ਕਿਸੇ ਗਹਿਰੀ ਸੋਚ ਵਿਚ, ਡੁੱਬੀਆਂ ਤੇਰੀਆਂ ਅੱਖਾਂ ਨੂੰ
ਸਦੀਵੀ ਨੀਂਦ ਵੀ ਨਾ ਸੁਲਾਅ ਸਕੀ, ਤੇਰੀ ਜਿੱਦ ਸੀ ਕਿ ਹੇ ਮੌਤ!
ਮੈਨੂੰ ਬੇਵਕਤ ਮਿਲਣ ਦਾ ਸਬੱਬ ਦੱਸ, ਫੇਰ ਚੱਲੂੰਗੀ ਅੱਖਾਂ ਮੀਚ ਕੇ ਤੇਰੇ ਨਾਲ!
ਪਰ ਐਡਾ ਭਿਆਨਕ ਸੱਚ ਬੋਲਣੋਂ, ਮੌਤ ਵੀ ਘਬਰਾ ਗਈ ਸੀ ਕਿ
ਤੇਰਾ ਉਹਦੇ ਨਾਲ ਮੇਲ ਤੇਰੇ ਆਪਣੇ, ਅੰਨੇ ਵਿਸ਼ਵਾਸ਼ ਨੇ ਕਰਾਇਆ,
ਮੌਤ ਖ਼ੁਸ਼ ਸੀ ਕਿ ਤੂੰ ਅੱਖਾਂ ਬੰਦ ਕਰਕੇ, ਭਰੋਸਾ ਕਰਨਾ ਬੰਦ ਕਰ ਦਿੱਤਾ ਹੈ
ਇਸ ਲਈ ਓਹਨੇ ਤੇਰੀਆਂ ਅੱਖਾਂ ਨੂੰ, ਬੰਦ ਕਰਨ ਦੀ ਹਿਮਾਕਤ ਨਾ ਕੀਤੀ
ਤਾਂ ਕਿ ਤੂੰ ਸ਼ਾਂਤੀ ਨਾਲ ਨਾ ਬੈਠੇਂ, ਆਪਣੇ ਸਵਾਲਾਂ ਦੇ ਜਵਾਬ ਲੈਣ ਲਈ
ਮੌਤ ਦੀ ਗੋਦ ਵਿੱਚੋਂ ਵੀ ਸੰਘਰਸ਼ ਕਰੇਂ, ਆਤਮਾ ਅਮਰ ਹੁੰਦੀ ਆ
ਹੁਣ ਕਿਹੜਾ ਤੈਨੂੰ ਮਰਨ ਦਾ ਡਰ ਭਓ ਆ ਕੋਈ
ਤੂੰ ਅਸ਼ਾਂਤ ਰਹਿ ਕੇ, ਉਸ ਵਿਸ਼ਵਾਸ਼-ਘਾਤਕ ਦੀ ਸ਼ਾਂਤੀ
ਸਦਾ ਲਈ ਖੋਹ ਲਵੀਂ, ਤੇਰੇ ਭਰੋਸੇ ਤੇ ਦੋਸਤੀ ਦੀ
ਸੁੱਚੀ ਭਾਵਨਾ ਤੇ ਸ਼ਿੱਦਤ ਲਈ, 'ਦੀਪ ਗਿੱਲ' ਤੈਨੂੰ ਸਲਾਮ ਕਰਦੀ ਹੈ
ਬੱਸ ਇਸੇ ਸ਼ਿੱਦਤ ਨਾਲ ਉਸ ਪਾਪੀ ਨੂੰ, ਓਹਦਾ ਗੁਨਾਹ ਯਾਦ ਕਰਵਾਉਂਦੀ ਤੇ
ਜ਼ਲੀਲ ਕਰਦੀ ਰਹੀਂ ਅਸ਼ਾਂਤ ਰਹੀਂ, ਤੇ ਉਸ ਅਕ੍ਰਿਤਘਣ ਦੀ ਵਿਸ਼ਵਾਸ਼-ਘਾਤਕ
ਆਤਮਾ ਨੂੰ ਸਦਾ ਲਈ ਅਸ਼ਾਂਤ ਰੱਖੀਂ, ਬੱਸ ਤੂੰ ਅਸ਼ਾਂਤ ਰਹੀਂ ਗੀਤ!

## ਸ਼ਿਆਮਾ



(12 ਜੁਲਾਈ 1933-14 ਨਵੰਬਰ 2017) 50 ਦੇ ਅਸਰੇ ਦੀ ਬੇਹੱਦ ਖ਼ੂਬਸੂਰਤ ਅਤੇ ਦਿਲ-ਫ਼ਰੇਬ ਅਦਾਵਾਂ ਵਾਲੀ ਉਮਦਾ ਅਦਾਕਾਰਾ ਸ਼ਿਆਮਾ ਆਪਣੇ ਮੁੰਬਈ ਸਥਿਤ ਘਰ ਵਿਚ 84 ਸਾਲਾਂ ਦੀ ਬਜ਼ੁਰਗ ਉਮਰੇ ਵਫ਼ਾਤ ਪਾ ਗਈ, ਵਾਹਿਗੁਰੂ ਮਰਹੂਮਾ ਨੂੰ ਜੰਨਤ ਵਿਚ ਜਗ੍ਹਾ ਨਸੀਬ ਅਤਾ ਕਰੇ।

12 ਜੁਲਾਈ 1933 ਨੂੰ ਮਹਾਂ ਪੰਜਾਬ ਦੀ ਰਾਜਧਾਨੀ ਲਾਹੌਰ ਦੇ ਮੁਸਲਿਮ ਪੰਜਾਬੀ ਪਰਿਵਾਰ ਵਿਚ ਜਨਮੀ ਸ਼ਿਆਮਾ ਉਰਫ਼ ਖ਼ੁਰਸ਼ੀਦ ਅਖ਼ਤਰ ਨੇ ਆਪਣੇ ਫ਼ਿਲਮ ਕਰੀਅਰ ਦੀ ਇਬਤਿਦਾ 1945 ਵਿਚ ਨੁਮਾਇਸ਼ ਹੋਈ ਹਿਦਾਇਤਕਾਰ ਸਈਅਦ ਸ਼ੌਕਤ ਹੁਸੈਨ ਰਿਜ਼ਵੀ ਦੀ ਫ਼ਿਲਮ 'ਜੀਨਤ' (1945) ਤੋਂ ਬਤੌਰ ਬਾਲ ਅਦਾਕਾਰਾ ਕੀਤੀ। ਇਸ ਫ਼ਿਲਮ 'ਚ ਉਸ ਨੇ ਕਲਿਆਣੀ, ਜੌਹਰਾ ਬਾਈ ਅਮਬਾਲਾ ਤੇ ਸਾਥਣਾਂ ਦੀ ਗਾਈ ਕੱਵਾਲੀ 'ਆਹੇਂ ਨਾ ਭਰੀਂ ਸ਼ਿਕਵੇ ਨਾ ਕੀਏ' 'ਚ ਆਪਣੀ ਝਲਕ ਵਿਖਾਈ। ਫਿਰ ਇਹੋ ਜਿਹੇ ਛੋਟੇ-ਛੋਟੇ ਝਲਕਾਰੇ ਉਸ ਦੀਆਂ ਫ਼ਿਲਮਾਂ ਬੀਤੇ ਦਿਨ, ਮਹਿੰਦੀ, ਪਰਵਾਨਾ (1947) ਅਤੇ ਪੰਜਾਬੀ ਫ਼ਿਲਮ 'ਚਮਨ' (1948) ਵਿਚ ਵੀ ਵੇਖਣ ਸੁਣਨ ਨੂੰ ਮਿਲੇ। ਬਤੌਰ ਅਦਾਕਾਰਾ ਉਸ ਦੀ ਪਹਿਲੀ ਸੁਪਰਹਿੱਟ ਪੰਜਾਬੀ ਫ਼ਿਲਮ ਹਿਦਾਇਤਕਾਰ ਓਮ ਪ੍ਰਕਾਸ਼ ਦੀ 'ਭਾਈਆ ਜੀ' (1950) ਸੀ, ਜਿਸ ਵਿਚ ਹੀਰੋ ਦਾ ਮਰਕਜ਼ੀ ਕਿਰਦਾਰ ਸੁਰੇਸ਼ ਨੇ ਅਦਾ ਕੀਤਾ। ਇਸੇ ਸਾਲ ਨੁਮਾਇਸ਼ ਹੋਈ। ਕਵਾਤੜਾ ਆਰਟ ਪ੍ਰੋਡਕਸ਼ਨ ਬੰਬੇ ਦੀ 'ਪੋਸਤੀ' (1950) ਵੀ ਸੁਪਰ-ਡੁਪਰ ਹਿੱਟ ਹੋਈ। ਸਰਦੂਲ ਕਵਾਤੜਾ ਦੇ ਦਿਲਕਸ਼ ਸੰਗੀਤ 'ਚ ਇਸ ਫ਼ਿਲਮ ਵਿਚ ਆਸ਼ਾ ਭੋਸਲੇ ਦਾ ਗਾਇਆ ਤੇ ਸ਼ਿਆਮਾ 'ਤੇ ਫ਼ਿਲਮਾਇਆ ਗੀਤ 'ਦੋ ਗੁੱਤਾਂ ਕਰ ਮੇਰੀਆਂ' ਅਤੇ ਤੂੰ ਪੀਂਘ ਤੇ ਮੈਂ ਪਰਛਾਵਾਂ (ਮੁਹੰਮਦ ਰਫ਼ੀ, ਆਸ਼ਾ ਭੌਂਸਲੇ) ਉਨ੍ਹੀਂ ਦਿਨੀਂ ਗਲੀ-ਗਲੀ ਗੂੰਜੇ ਸਨ। ਇਸ ਤੋਂ ਬਾਅਦ ਸ਼ਿਆਮਾ ਨੇ ਚਾਰ ਹੋਰ ਪੰਜਾਬੀ ਫ਼ਿਲਮਾਂ 'ਚ ਮਰਕਜ਼ੀ ਕਿਰਦਾਰ ਨਿਭਾ ਕੇ ਆਪਣੀ ਅਦਾਕਾਰੀ ਦੀ ਅਮਿੱਟ ਛਾਪ ਛੱਡੀ, ਜਿਨ੍ਹਾਂ ਵਿਚ ਮੁਸ਼ਤਮਿਲ ਨਾਂਅ ਹਨ 'ਮੁਟਿਆਰ' (1950), 'ਕੌਡੇ ਸ਼ਾਹ' ਤੇ 'ਲਾਰਾ ਲੱਪਾ' (1953) ਅਤੇ 'ਵਿਲਾਇਤ ਪਾਸ' (1961)। ਸ਼ਿਆਮਾ ਦਾ ਵਿਆਹ ਮਸ਼ਹੂਰ ਸਿਨਮੈਟੋਗ੍ਰਾਫਰ ਫ਼ਲੀ ਮਿਸਤਰੀ (1953-1979) ਨਾਲ ਹੋਇਆ ਸੀ। ਸ਼ਿਆਮਾ ਦੇ ਦੋ ਪੁੱਤਰ 'ਫ਼ਾਰੂਖ਼', ਰੋਹਿਨਟਨ' ਅਤੇ ਇਕ ਧੀ 'ਸ਼ਿਰੀਨ' ਹੈ। ਨਿਰਦੇਸ਼ਕ ਵਿਜੈ ਭੱਟ ਨੇ ਉਸਨੂੰ ਫ਼ਿਲਮੀ ਨਾਂਅ 'ਸ਼ਿਆਮਾ' ਦਿੱਤਾ ਸੀ। 150 ਦੇ ਕਰੀਬ ਹਿੰਦੀ ਫ਼ਿਲਮਾਂ 'ਚ ਬਿਹਤਰੀਨ ਕਿਰਦਾਰਨਿਗ਼ਾਰੀ ਕਰਨ ਵਾਲੀ ਇਹ ਕਾਬਿਲਤਰੀਨ ਅਦਾਕਾਰਾ 14 ਨਵੰਬਰ 2017 ਨੂੰ 84 ਸਾਲਾਂ ਦੀ ਉਮਰ 'ਚ ਵਫ਼ਾਤ ਪਾ ਗਈ।

## ਮੀਨਾ ਰਾਏ



(1947-22 ਨਵੰਬਰ 2017) 70 ਦੇ ਅਸ਼ਰੇ ਦੀ ਪੰਜਾਬੀ ਅਤੇ ਹਿੰਦੀ ਫ਼ਿਲਮਾਂ ਦੀ ਖ਼ੂਬਸੂਰਤ ਅਦਾਕਾਰਾ ਮੀਨਾ ਰਾਏ ਉਰਫ਼ ਦਲਜੀਤ ਕੌਰ 22 ਨਵੰਬਰ ਨੂੰ ਆਪਣੇ ਬੰਬਈ ਸਥਿਤ ਘਰ ਵਿਖੇ ਇੰਤਕਾਲ ਫ਼ਰਮਾ ਗਈ।

ਮੀਨਾ ਰਾਏ ਨੇ ਆਪਣੇ ਪੰਜਾਬੀ ਫ਼ਿਲਮ ਕਰੀਅਰ ਦੀ ਇਬਤਿਦਾਦਾਰਾ ਪਿਕਚਰਸ, ਬੰਬੇ ਦੀ ਧਾਰਮਿਕ ਪੰਜਾਬੀ ਫ਼ਿਲਮ 'ਨਾਨਕ ਦੁਖੀਆ ਸਭ ਸੰਸਾਰ' (1971) ਤੋਂ ਕੀਤੀ, ਜਿਸਦੇ ਮੁਕਾਬਿਲ ਹੀਰੋ ਦਾ ਮਰਕਜ਼ੀ ਕਿਰਦਾਰ ਦਾਰਾ ਸਿੰਘ ਨੇ ਅਦਾ ਕੀਤਾ। ਇਸ ਫ਼ਿਲਮ ਵਿਚ ਮੀਨਾ ਨੇ 'ਜੀਤਾਂ' ਦਾ ਪਾਰਟ ਅਦਾ ਕੀਤਾ ਅਤੇ ਉਸ ਤੇ ਫ਼ਿਲਮਾਇਆ ਆਸ਼ਾ ਭੌਂਸਲੇ ਦਾ ਗੀਤ 'ਮੇਰੇ ਮਨ ਵਿਚ ਤੂੰਬਾ ਵੱਜਦਾ ਏ' ਬਹੁਤ ਹਿੱਟ ਹੋਇਆ ਸੀ।

ਮੀਨਾ ਰਾਏ ਦੀ ਦੂਜੀ ਪੰਜਾਬੀ ਫ਼ਿਲਮ ਮਿਹਰ ਮਿੱਤਲ ਦੇ ਜ਼ਾਤੀ ਪ੍ਰੋਡਕਸ਼ਨ ਦੀ 'ਮਾਂ ਦਾ ਲਾਡਲਾ' (1973) ਸੀ, ਜਿਸ ਵਿਚ ਮੀਨਾ ਰਾਏ ਦੇ ਰੂ-ਬ-ਰੂ ਹੀਰੋ ਦੇ ਰੋਲ ਵਿਚ ਜਗਰਾਓਂ ਦੇ ਵਿਜੈ ਟੰਡਨ ਸਨ।

ਮੀਨਾ ਰਾਏ ਦੀ ਤੀਸਰੀ ਪੰਜਾਬੀ ਫ਼ਿਲਮ ਨਾਗੀ ਇੰਟਰਨੈਸ਼ਨਲ, ਬੰਬੇ ਦੀ 'ਤੇਰੇ ਰੰਗ ਨਿਆਰੇ' ਸੀ। ਫ਼ਿਲਮ 'ਚ ਮੀਨਾ ਰਾਏ ਦੇ ਸਨਮੁੱਖ ਹੀਰੋ ਦਾ ਕਿਰਦਾਰ ਯਸ਼ ਸ਼ਰਮਾ ਨੇ ਅਦਾ ਕੀਤਾ, ਜੋ ਇਸ ਫ਼ਿਲਮ ਦੇ ਨਿਰਮਾਤਾ ਵੀ ਸਨ।

1974 ਵਿਚ ਹਿਦਾਇਤਕਾਰ ਕਾਕਾ ਸ਼ਰਮਾ ਦੀ ਫ਼ਿਲਮ 'ਸਤਿਗੁਰੂ ਤੇਰੀ ਓਟ' 'ਚ ਸੋਮ ਦੱਤ ਨਾਲ, 1975 ਵਿਚ ਹਿਦਾਇਤਕਾਰ ਪੁਸ਼ਪ ਰਾਜ ਦੀ 'ਡਾਕੂ ਸ਼ਮਸ਼ੇਰ ਸਿੰਘ' 'ਚ ਅਦਾਕਾਰ ਦੇਵ ਕੁਮਾਰ ਨਾਲ ਅਤੇ ਬਰਾੜ ਪ੍ਰੋਡਕਸ਼ਨ, ਬੰਬੇ ਦੀ 'ਮਿੱਤਰ ਪਿਆਰੇ' ਨੂੰ 'ਚ ਬੂਟਾ ਸਿੰਘ ਸ਼ਾਦ ਨਾਲ ਹੀਰੋਇਨ ਦਾ ਮਰਕਜ਼ੀ ਰੋਲ ਅਦਾ ਕੀਤਾ।

ਐਪਰ ਜਿਸ ਕਾਮਯਾਬ-ਤਰੀਨ ਨਗ਼ਮਾਤੀ ਫ਼ਿਲਮ ਨੇ ਉਸਨੂੰ ਸਫ਼ਲਤਾ ਦੇ ਉਰੂਜ਼ 'ਤੇ ਪਹੁੰਚਾਇਆ, ਉਹ ਸੀ ਇੰਦਰਜੀਤ ਹਸਨਪੁਰੀ ਦੇ ਜ਼ਾਤੀ ਬੈਨਰ ਲੁਧਿਆਣਾ ਫ਼ਿਲਮਜ਼, ਲੁਧਿਆਣਾ ਦੀ ਫ਼ਿਲਮ 'ਤੇਰੀ ਮੇਰੀ ਇਕ ਜਿੰਦੜੀ' (1975), ਜਿਸ ਵਿਚ ਫਗਵਾੜੇ (ਦੁਆਬੇ) ਦਾ ਚੋਬਰ ਤੇ ਧਰਮਿੰਦਰ ਦੀ ਸਕੀ ਭੂਆ ਦਾ ਮੁੰਡਾ ਸੁਭਾਸ਼/ਭਾਸ਼ੀ ਉਰਫ਼ ਵਰਿੰਦਰ (ਵਰਿੰਦਰ ਨਾਂਅ ਇੰਦਰਜੀਤ ਹਸਨਪੁਰੀ ਨੇ ਦਿੱਤਾ ਸੀ) ਨੇ ਹੀਰੋ ਦੀ ਮੁੱਖ ਭੂਮਿਕਾ ਨਿਭਾਈ ਸੀ। ਇਹ ਫ਼ਿਲਮ ਸੁਪਰਹਿੱਟ ਹੋਈ। ਫ਼ਿਲਮ 'ਚ ਮੀਨਾ

ਗੀਤ ਰਿਕਾਰਡ ਕੀਤੇ। ਉਨ੍ਹਾਂ ਦੀ ਪਹਿਲੀ ਕੈਸਟ 'ਪਾਲੀ ਪਾਣੀ ਖੂਹ ਤੋਂ ਭਰੇ' ਕੈਪੀਟਲ ਕੰਪਨੀ, ਲੁਧਿਆਣਾ ਵੱਲੋਂ ਰਿਲੀਜ਼ ਕੀਤੀ ਗਈ ਸੀ। ਗੁਰਪਾਲ ਸਿੰਘ ਪਾਲ ਰੇਡੀਓ ਦੇ ਸਥਾਪਿਤ ਗਾਇਕ ਸਨ ਅਤੇ ਇਨ੍ਹਾਂ ਦਾ ਗਾਇਆ 'ਓ ਪਾਲੀ ਪਾਣੀ ਖੂਹ ਤੋਂ ਭਰੇ...ਓਹਦਾ ਰੂਪ ਝੱਲਿਆ ਨਾ ਜਾਵੇ ਤੇ ਹਰ ਕੋਈ ਸਿਫ਼ਤਾਂ ਕਰੇ' ਉਨ੍ਹਾਂ ਦੇ ਗਾਇਨ ਕਰੀਅਰ 'ਚ ਮੀਲ-ਪੱਥਰ ਦੀ ਹੈਸੀਅਤ ਰੱਖਦਾ ਹੈ, ਜਿਸਨੇ ਪਾਲ ਨੂੰ ਪੁਖ਼ਤਾ ਸ਼ਨਾਖ਼ਤ ਦਿੱਤੀ। ਦੋ ਪੁੱਤਰਾਂ ਤੇ ਇਕ ਧੀ ਦਾ ਪਿਤਾ ਗੁਰਪਾਲ ਸਿੰਘ ਪਾਲ 29 ਨਵੰਬਰ 2017 ਨੂੰ ਕੋਟਕਪੂਰਾ ਦੇ ਇਕ ਨਿੱਜੀ ਹਸਪਤਾਲ ਵਿਚ 82 ਸਾਲਾਂ ਦੀ ਬਜ਼ੁਰਗ ਉਮਰੇ ਵਫ਼ਾਤ ਪਾ ਗਿਆ।



## ਸ਼ਸ਼ੀ ਕਪੂਰ

(18 ਮਾਰਚ 1938-4 ਦਸੰਬਰ 2017) ਭਾਰਤੀ ਫ਼ਿਲਮਾਂ ਦੇ ਵੱਕਾਰੀ ਪੁਰਸਕਾਰ 'ਦਾਦਾ ਸਾਹਿਬ ਫਾਲਕੇ ਐਵਾਰਡ' (2014) ਅਤੇ ਹਕੂਮਤ-ਏ-ਭਾਰਤ ਵੱਲੋਂ 'ਪਦਮ ਭੂਸ਼ਨ ਐਵਾਰਡ' (2011) ਨਾਲ ਸਰਫ਼ਰਾਜ਼ ਰੂਮਾਨੀ ਅਦਾਕਾਰ ਸ਼ਸ਼ੀ ਕਪੂਰ ਸੋਮਵਾਰ ਸੁਬਹਾ ਬੰਬਈ ਦੇ ਕੋਕਿਲਾ ਬੈਨ ਅੰਬਾਨੀ ਹਸਪਤਾਲ ਵਿਚ ਲੰਮੀ ਬੀਮਾਰੀ ਦੇ ਚੱਲਦਿਆਂ 79 ਵਰ੍ਹਿਆਂ ਦੀ ਬਜ਼ੁਰਗ ਉਮਰ ਵਿਚ ਵਫ਼ਾਤ ਪਾ ਗਏ ਹਨ।

ਸ਼ਸ਼ੀ ਕਪੂਰ ਦੀ ਪੈਦਾਇਸ਼ 18 ਮਾਰਚ, 1938 ਨੂੰ ਕਲਕੱਤੇ (ਪੱਛਮੀ ਬੰਗਾਲ) 'ਚ ਹੋਈ। ਮਾਤਾ ਰਾਮਸਰਣੀ ਅਤੇ ਪਿਤਾ ਪ੍ਰਿਥਵੀਰਾਜ ਕਪੂਰ ਦੇ ਇਸ ਲਾਡਲੇ ਫ਼ਰਜ਼ੰਦ ਦੇ ਬਚਪਨ ਦਾ ਨਾਂਅ ਬਲਬੀਰ ਰਾਜ ਕਪੂਰ ਸੀ। ਸ਼ਸ਼ੀ ਕਪੂਰ ਭਰਾ ਰਾਜ ਕਪੂਰ ਅਤੇ ਸ਼ੰਮੀ ਕਪੂਰ ਤੋਂ ਤੀਜੇ ਨੰਬਰ ਤੇ ਸਨ। ਚਾਰ ਸਾਲਾਂ ਦੀ ਨਿਆਣੀ ਉਮਰੇ ਇਨ੍ਹਾਂ ਨੇ ਆਪਣੇ ਪਿਤਾ ਪ੍ਰਿਥਵੀਰਾਜ ਕਪੂਰ ਦੀ ਨਿਰਦੇਸ਼ਨਾ ਹੇਠ ਬਣੇ ਨਾਟਕਾਂ 'ਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਸ਼ਸ਼ੀ ਕਪੂਰ ਨੇ ਆਪਣੇ ਫ਼ਿਲਮ ਕਰੀਅਰ ਦੀ ਇਬਤਿਦਾ ਬਾਲ ਅਦਾਕਾਰ ਵਜੋਂ ਕੀਤੀ। ਉਨ੍ਹਾਂ ਨੂੰ ਪਹਿਲਾ ਬਰੇਕ ਆਪਣੇ ਵੱਡੇ ਭਰਾ ਰਾਜ ਕਪੂਰ ਦੇ ਜ਼ਾਤੀ ਬੈਨਰ ਆਰ. ਕੇ. ਫ਼ਿਲਮਸ, ਬੰਬਈ ਦੀ ਫ਼ਿਲਮ 'ਆਗ' (1948) ਤੋਂ ਮਿਲਿਆ। ਇਸ ਫ਼ਿਲਮ ਵਿਚ ਉਨ੍ਹਾਂ ਨੇ 'ਸ਼ਸ਼ੀ ਰਾਜ' ਦੇ ਨਾਂਅ ਨਾਲ ਰਾਜਕਪੂਰ ਦੇ ਬਚਪਨ ਦਾ ਕਿਰਦਾਰ ਅਦਾ ਕੀਤਾ ਸੀ। ਬੰਬੇ ਟਾਕੀਜ਼ ਦੀ 'ਸੰਗਰਾਮ' (1950) ਅਤੇ ਆਰ. ਕੇ. ਫ਼ਿਲਮਸ ਦੀ 'ਅਵਾਰਾ' (1951) 'ਚ ਵੀ ਸ਼ਸ਼ੀ ਕਪੂਰ ਨੇ 'ਸ਼ਸ਼ੀਰਾਜ' ਦੇ ਨਾਂਅ ਨਾਲ ਬਾਲ ਭੂਮਿਕਾ ਨਿਭਾਈ ਸੀ। ਸ਼ਸ਼ੀ ਕਪੂਰ ਨੇ 50 ਦੇ ਦਹਾਕੇ 'ਚ ਸਹਾਇਕ ਨਿਰਦੇਸ਼ਕ ਵਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ।

60 ਦੇ ਅਸ਼ਰੇ ਵਿਚ ਛਾਇਆ ਧਵਨੀ, ਬੰਬਈ ਦੇ ਬੈਨਰ ਹੇਠ ਨੁਮਾਇਸ਼ ਹੋਈ ਹਿਦਾਇਤਕਾਰ ਕ੍ਰਿਸ਼ਨ ਚੋਪੜਾ ਦੀ ਫ਼ਿਲਮ 'ਚਾਰ ਦੀਵਾਰੀ' ਵਿਚ ਸ਼ਸ਼ੀ ਕਪੂਰ ਹੀਰੋ ਵਜੋਂ ਮੁਤਆਰਿਫ਼ ਹੋਏ। ਇਸ ਫ਼ਿਲਮ ਤੋਂ ਬਾਅਦ ਸ਼ਸ਼ੀ ਕਪੂਰ ਨੂੰ ਵੱਡਾ ਮੌਕਾ ਮਿਲਿਆ ਫ਼ਿਲਮਸਾਜ਼ ਬੀ. ਆਰ. ਚੋਪੜਾ ਦੇ ਜ਼ਾਤੀ ਬੈਨਰ ਦੀ ਫ਼ਿਲਮ 'ਧਰਮ ਪੁੱਤਰ' (1961) 'ਚ, ਜਿਸ ਨੂੰ ਉਨ੍ਹਾਂ ਦੇ ਛੋਟੇ ਭਰਾ ਯਸ਼ ਚੋਪੜਾ ਨੇ ਨਿਰਦੇਸ਼ਿਤ ਕੀਤਾ ਸੀ। ਇਸ ਫ਼ਿਲਮ ਨੂੰ 9ਵੇਂ ਨੈਸ਼ਨਲ ਐਵਾਰਡ ਫ਼ਿਲਮ ਸਮਾਰੋਹ 'ਚ ਬੈਸਟ ਫ਼ੀਚਰ ਫ਼ਿਲਮ ਦਾ ਸਿਲਵਰ ਮੈਡਲ ਮਿਲਿਆ ਸੀ।

ਸ਼ਸ਼ੀ ਕਪੂਰ ਨੇ 1948 ਤੋਂ 1999 ਤੱਕ ਤਕਰੀਬਨ 168 ਫ਼ਿਲਮਾਂ 'ਚ ਕੰਮ ਕੀਤਾ, ਜਿਨ੍ਹਾਂ 'ਚ 12 ਅੰਗਰੇਜ਼ੀ ਫ਼ਿਲਮਾਂ ਸ਼ਾਮਲ ਹਨ। ਮਲਟੀਸਟਾਰਰ ਫ਼ਿਲਮਾਂ ਤੋਂ ਵੀ ਸ਼ਸ਼ੀ ਕਪੂਰ ਨੂੰ ਕਦੇ ਪ੍ਰਹੇਜ਼ ਨਹੀਂ ਰਿਹਾ। ਆਪਣੇ ਦੌਰ ਦੇ ਤਮਾਮ ਹਮ-ਅਸਰ ਅਦਾਕਾਰਾਂ ਨਾਲ ਉਨ੍ਹਾਂ ਨੇ ਕੰਮ ਕੀਤਾ ਸੀ। ਅਮਿਤਾਬ ਬਚਨ ਅਤੇ ਸ਼ਸ਼ੀ ਕਪੂਰ ਦੀ ਜੋੜੀ ਰੂਪ 'ਚ ਆਈਆਂ 'ਦੀਵਾਰ' (1975), 'ਕਭੀ ਕਭੀ' (1976), 'ਤ੍ਰਿਸ਼ੂਲ' (1978), 'ਸੁਹਾਗ', 'ਕਾਲਾ ਪੱਥਰ' (1979), 'ਸ਼ਾਨ' (1980), 'ਸਿਲਸਿਲਾ' (1981), 'ਨਮਕ ਹਲਾਲ' (1982), (1979) ਆਦਿ 18 ਸੁਪਰਹਿੱਟ ਫ਼ਿਲਮਾਂ ਨੂੰ ਫ਼ਿਲਮਾਂ-ਮੱਦਾਹਾਂ ਨੇ ਖ਼ੂਬ ਪਸੰਦ ਕੀਤਾ। ਸ਼ਸ਼ੀ ਕਪੂਰ' ਨੇ 1978 'ਚ ਆਪਣੀ ਪ੍ਰੋਡਕਸ਼ਨ ਕੰਪਨੀ 'ਫ਼ਿਲਮਵਾਲਾਸ' ਸ਼ੁਰੂ ਕੀਤੀ, ਜਿਸਦੇ ਬੈਨਰ ਥੱਲੇ ਬਤੌਰ ਫ਼ਿਲਮਸਾਜ਼ 'ਜਨੂੰਨ' (1970), 'ਕਲਯੁੱਗ', '36 ਚੌਰੰਗੀ ਲੇਨ' (1981), 'ਵਿਜੇਤਾ' (1982), ਅਤੇ 'ਉਤਸਵ' (1984) ਵਰਗੀਆਂ ਬਿਹਤਰੀਨ ਆਰਟ ਫ਼ਿਲਮਾਂ ਦਾ ਨਿਰਮਾਣ ਕੀਤਾ।

ਬੈਨੁਲਅਕਵਾਮੀ ਸਤਰ 'ਤੇ ਕੰਮ ਕਰਨ ਵਾਲੇ ਮੁਲਕ ਦੇ ਸਭ ਤੋਂ ਪਹਿਲੇ ਫ਼ਨਕਾਰਾਂ 'ਚ ਸ਼ਾਮਲ ਸ਼ਸ਼ੀ ਕਪੂਰ ਨੇ ਕਈ ਬ੍ਰਿਟਿਸ਼ ਅਤੇ ਅਮਰੀਕੀ ਫ਼ਿਲਮਾਂ 'ਚ ਕਿਰਦਾਰਨਿਗ਼ਾਰੀ ਕੀਤੀ, ਜਿਨ੍ਹਾਂ 'ਚ ਮੁੱਖ ਰੂਪ 'ਚ ਫ਼ਿਲਮਸਾਜ਼ ਇਸਮਾਇਲ ਮਰਚੈਂਟ ਦੀ ਜੇਮਸ ਆਈਵਰੀਲੂ ਦੀ ਹਿਦਾਇਤਕਾਰੀ 'ਚ ਬਣੀ ਫ਼ਿਲਮ 'ਦ ਹਾਊਸ ਹੋਲਡਰ' (1963), 'ਸ਼ੇਕਸਪੀਅਰ ਵਾਲਾਹ' (1965), 'ਬੰਬੇ ਟਾਕੀਜ਼' (1970) ਅਤੇ 'ਹੀਟ ਐਂਡ ਡਸਟ' (1982) ਵਰਗੀਆਂ ਅੰਗਰੇਜ਼ੀ ਫ਼ਿਲਮਾਂ ਸ਼ਾਮਲ ਹਨ।

ਸਾਲ 2011 ਵਿਚ ਇਨ੍ਹਾਂ ਨੂੰ ਹਕੂਮਤ-ਏ-ਭਾਰਤ ਨੇ 'ਪਦਮ ਭੂਸ਼ਣ' ਨਾਲ ਨਿਵਾਜਿਆ ਅਤੇ ਸਾਲ 2014 ਵਿਚ ਭਾਰਤੀ ਫ਼ਿਲਮਾਂ ਦੇ ਵੱਕਾਰੀ ਪੁਰਸਕਾਰ 'ਦਾਦਾ ਸਾਹਿਬ ਫਾਲਕੇ ਐਵਾਰਡ' ਨਾਲ ਸਰਫ਼ਰਾਜ਼ ਕੀਤਾ ਗਿਆ ਸੀ। ਸ਼ਸ਼ੀ ਕਪੂਰ ਨੂੰ ਤਿੰਨ ਵਾਰ 'ਫ਼ਿਲਮਫ਼ੇਅਰ ਐਵਾਰਡ' ਮਿਲ ਚੁੱਕਿਆ ਹੈ। ਸਾਲ 1979 ਵਿਚ ਫ਼ਿਲਮ 'ਦੀਵਾਰ' ਲਈ 'ਬੈਸਟ ਸਪੋਰਟਿੰਗ ਐਕਟਰ ਐਵਾਰਡ', 'ਜਨੂੰਨ' (1980) ਅਤੇ 'ਕਲਯੁੱਗ' ਦੇ ਲਈ 'ਬੈਸਟ ਮੂਵੀ ਐਵਾਰਡ' ਤੋਂ ਇਲਾਵਾ ਸਾਲ 2010 ਵਿਚ 'ਫ਼ਿਲਮਫ਼ੇਅਰ ਲਾਈਫ਼ਟਾਈਮ ਅਚੀਵਮੈਂਟ ਐਵਾਰਡ' ਮਿਲਿਆ। ਸ਼ਸ਼ੀ ਕਪੂਰ ਨੂੰ ਤਿੰਨ ਵਾਰ ਨੈਸ਼ਨਲ ਐਵਾਰਡ ਮਿਲ ਚੁੱਕਿਆ ਹੈ। 1986 ਵਿਚ ਫ਼ਿਲਮ 'ਦੇਹਲੀ ਟਾਈਮਜ਼' ਦੇ ਲਈ ਬੈਸਟ ਐਕਟਰ ਦਾ ਨੈਸ਼ਨਲ ਐਵਾਰਡ। 1994 ਵਿਚ ਫ਼ਿਲਮ 'ਮੁਹਾਫ਼ਿਜ਼' ਦੇ ਲਈ 'ਸਪੈਸ਼ਲ ਜਿਊਰੀ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਉਮਰ ਦੇ ਆਖ਼ਰੀ ਪੜਾਅ 'ਤੇ ਉਹ ਵੀਲ-ਚੇਅਰ 'ਤੇ ਸਨ। ਓੜਕ ਲੰਮਾ ਅਰਸਾ ਬੀਮਾਰ ਰਹਿਣ ਸਦਕਾ ਸੋਮਵਾਰ 4 ਦਸੰਬਰ 2017 ਨੂੰ ਭਾਰਤੀ ਫ਼ਿਲਮਾਂ ਦਾ ਰੁਮਾਨੀ ਅਦਾਕਾਰ ਸ਼ਸ਼ੀ ਕਪੂਰ 79 ਵਰ੍ਹਿਆਂ ਦੀ ਬਜ਼ੁਰਗ ਉਮਰੇ ਵਫ਼ਾਤ ਪਾ ਗਿਆ।

## ਨੀਰਜ ਵੋਰਾ

(22 ਜਨਵਰੀ 1963-14 ਦਸੰਬਰ 2017) ਹਿੰਦੀ ਫ਼ਿਲਮੀ ਦੇ ਮਸ਼ਹੂਰ ਮਜ਼ਾਹੀਆ ਅਦਾਕਾਰ ਫ਼ਿਲਮਸਾਜ਼, ਹਿਦਾਇਤਕਾਰ ਅਤੇ ਮੁਸੰਨਿਫ਼ ਨੀਰਜ ਵੋਰਾ ਕਾਫ਼ੀ ਸਮਾਂ ਕੋਮਾ ਵਿਚ ਰਹਿਣ ਤੋਂ ਬਾਅਦ ਵੀਰਵਾਰ ਦੀ ਸੁਬਹਾ 3 ਵਜੇ ਬੰਬਈ ਦੇ 'ਕਰੀਤੀ ਕੇਅਰ ਹਸਪਤਾਲ' 'ਚ 14 ਦਸੰਬਰ ਨੂੰ 54 ਸਾਲ ਦੀ ਉਮਰ 'ਚ ਵਫ਼ਾਤ ਪਾ ਗਏ ਸਨ। 2016 ਵਿਚ ਉਨ੍ਹਾਂ ਨੂੰ ਹਾਰਟ ਅਟੈਕ ਅਤੇ ਬ੍ਰੇਨ ਸਟ੍ਰੋਕ ਦੇ ਬਾਅਦ ਦਿੱਲੀ ਸਥਿਤ ਐਮਸ ਵਿਚ ਭਰਤੀ ਕਰਵਾਇਆ ਗਿਆ ਸੀ। ਪਿਛਲੇ 10 ਮਹੀਨਿਆਂ ਤੋਂ ਉਹ ਕੋਮਾ ਵਿਚ ਸਨ।



ਨੀਰਜ ਵੋਰਾ ਦੀ ਪੈਦਾਇਸ਼ 22 ਜਨਵਰੀ 1963 ਨੂੰ ਗੁਜਰਾਤ ਦੇ ਸ਼ਹਿਰ ਭੁੱਜ ਵਿਚ ਹੋਈ ਸੀ। ਇੱਥੋਂ ਹੀ ਉਨ੍ਹਾਂ ਨੇ ਆਪਣੀ ਇਬਤਿਦਾਈ ਤਅਲੀਮ ਮੁਕੰਮਲ ਕੀਤੀ। ਇਨ੍ਹਾਂ ਦਾ ਪਰਿਵਾਰ ਕਲਾਸੀਕਲ ਮੌਸੀਕੀ ਨਾਲ ਤਅਲੁੱਕ ਰੱਖਦਾ ਸੀ। ਇਨ੍ਹਾਂ ਦੇ ਪਿਤਾ ਪੰਡਤ ਵਿਨਾਇਕ ਰਾਏ ਵੋਰਾ ਨਾਮੀ ਸਾਸ਼ਤਰੀ ਗਾਇਕ ਅਤੇ ਤਾਰ-ਸ਼ਹਿਨਾਈ ਵਾਦਕ ਸਨ, ਜਦਕਿ ਮਾਤਾ ਪ੍ਰੇਮਿਲਾ ਰਾਏ ਘਰ-ਬਾਰ ਨੂੰ ਸਮਰਪਿਤ ਸੀ। ਨੀਰਜ ਵੋਰਾ ਨੇ ਸਿਨੇਮਾ ਵਿਚ ਆਉਣ ਬਾਰੇ ਕਦੇ ਸੋਚਿਆ ਵੀ ਨਹੀਂ ਸੀ। ਬਾਲ ਉਮਰੇ ਹੀ ਉਨ੍ਹਾਂ ਨੇ ਆਪਣੇ ਪਿਤਾ ਪਾਸੋਂ ਤਾਰ-ਸ਼ਹਿਨਾਈ ਵਾਦਨ ਦੀ ਸਿੱਖਿਆ ਲੈਣੀ ਸ਼ੁਰੂ ਕਰ ਦਿੱਤੀ ਸੀ। ਉਸਦੀ ਦਿਲੀ ਲਗਨ ਵੱਲੀ ਵੇਖਦਿਆਂ ਪਿਤਾ ਨੇ ਉਸਨੂੰ ਫ਼ਿਲਮਾਂ 'ਚ ਕਿਸਮਤ ਅਜਮਾਉਣ ਦਾ ਮਸ਼ਵਰਾ ਦਿੱਤਾ।

ਨੀਰਜ ਦੀ ਬਤੌਰ ਸਹਾਇਕ ਅਦਾਕਾਰ ਵਜੋਂ ਪਹਿਲੀ ਫ਼ਿਲਮ ਹਿਦਾਇਤਕਾਰ ਕੇਤਨ ਮਹਿਤਾ ਦੀ 'ਹੋਲੀ' (1984) ਸੀ। ਇਸ ਤੋਂ ਬਾਅਦ 'ਰਾਜੂ ਬਨ ਗਯਾ ਜੈਂਟਲਮੈਨ' (1992), 'ਰੰਗੀਲਾ' (1995), 'ਅਕੇਲੇ ਹਮ ਅਕੇਲੇ ਤੁਮ', 'ਵਿਰਾਸਤ' (1995), 'ਦੌੜ' (1997), 'ਬਾਦਸ਼ਾਹ', 'ਹੈਲੋ ਬ੍ਰਦਰ' (1999), 'ਜੰਗ', 'ਪੁਕਾਰ' (2000), 'ਬੋਲ ਬਚਨ' (2012), 'ਵੈਲਕਮ ਬੈਕ' (2015) ਵਰਗੀਆਂ ਅਨੇਕਾਂ ਸਫ਼ਲ ਫ਼ਿਲਮਾਂ 'ਚ ਆਪਣੀ ਅਦਾਕਾਰੀ ਦੀ ਅਮਿੱਟ ਛਾਪ ਛੱਡੀ।

ਬਤੌਰ ਹਿਦਾਇਤਕਾਰ 'ਖਿਲਾੜੀ 420' (2000), 'ਹੇਰਾ ਫੇਰੀ' (2006), 'ਫ਼ੈਮਲੀ ਵਾਲਾ', 'ਸ਼ੌਰਟ ਕਟ: ਦ ਕੌਨ ਇੱਜ਼ ਔਨ' (2009), 'ਰਨ ਭੋਲਾ ਭੋਲਾ ਰਨ' (2016)। ਬਤੌਰ ਮੁਸੰਨਿਫ਼ 'ਦੌੜ' (1997), 'ਹੇਰਾ ਫੇਰੀ', 'ਯੇਹ ਤੇਰਾ ਘਰ ਯੇਹ ਮੇਰਾ ਘਰ' (2000), 'ਗੋਲਮਾਲ' (2006) ਕੀਤੀਆਂ। ਨੀਰਜ ਵੋਰਾ ਨੂੰ ਜਦੋਂ ਹਾਰਟ ਅਟੈਕ ਅਤੇ ਬ੍ਰੇਨ ਸਟ੍ਰੋਕ ਹੋਇਆ ਤਾਂ ਉਹ ਫ਼ਿਲਮ 'ਹੇਰਾ ਫੇਰੀ 3' ਬਣਾ ਰਹੇ ਸਨ, ਜਿਸਦਾ ਕੰਮ ਅਧੂਰਾ ਰਹਿ ਗਿਆ। ਹਾਲਾਂਕਿ ਅਕਸ਼ੈ ਕੁਮਾਰ ਨੇ ਇਸ ਫ਼ਿਲਮ ਵਿਚ ਨੀਰਜ ਦਾ ਸਾਥ ਨਹੀਂ ਦਿੱਤਾ ਸੀ। ਦੱਸਿਆ ਜਾਂਦਾ ਹੈ ਕਿ ਇਸਦੀ ਮੇਕਿੰਗ ਦੇ ਦੌਰਾਨ ਨੀਰਜ ਪੈਸਿਆਂ ਦੀ ਤੰਗੀ ਵੀ ਝੱਲ ਰਹੇ ਸਨ। 'ਹੇਰਾ ਫੇਰੀ 3' (2006) ਵਿਚ ਜੌਨ ਇਬਰਾਹਿਮ ਅਤੇ ਅਭਿਸ਼ੇਕ ਬੱਚਨ ਨੂੰ ਕਾਸਟ ਕੀਤਾ ਗਿਆ ਸੀ ਐਪਰ ਇਹ ਫ਼ਿਲਮ ਪੂਰੀ ਨਾ ਹੋ ਸਕੀ।

ਮਨਦੀਪ ਸਿੰਘ ਸਿੱਧੂ
(ਫ਼ਿਲਮ ਹਿਸਟੋਰੀਅਨ)
97805-09545



# ਪੰਜਾਬੀ ਮਾਂ ਬੋਲੀ ਦੇ ਸੇਵਾਦਾਰ ਭਾਸ਼ਾ ਦੀ ਸੇਵਾ ਵੱਲੋਂ ਅਵੇਸਲੇ ਕਿਉਂ ?

ਮੇਰੇ ਖਿਆਲ ਅਨੁਸਾਰ ਅੱਜ ਸਾਡੀ ਮਾਂ ਬੋਲੀ ਤੋਂ ਵੀ ਜ਼ਿਆਦਾ ਖ਼ਤਰਾ ਸਾਡੀ ਭਾਸ਼ਾ ਭਾਵ ਗੁਰਮੁਖੀ ਲਿਪੀ ਨੂੰ ਹੈ। ਗੁਰਮੁਖੀ ਤਕਰੀਬਨ ਹਰ ਜਗ੍ਹਾ ਤੋਂ ਤੇਜੀ ਨਾਲ ਗਾਇਬ ਹੋ ਰਹੀ ਹੈ। ਸਾਡੇ ਪੰਜਾਬੀ ਬੋਲੀ ਦੀ ਸੇਵਾ ਦੇ ਦਾਅਵੇਦਾਰਾਂ ਵਿੱਚੋਂ ਪਹਿਲਾ ਨੰਬਰ ਸਾਡੇ ਸੰਗੀਤ ਅਤੇ ਫ਼ਿਲਮ ਵਪਾਰ ਨਾਲ ਜੁੜੇ ਲੋਕਾਂ ਦਾ ਹੈ ਪਰ ਅਫਸੋਸ ਹੈ ਕਿ ਇਹ ਦਾਅਵੇਦਾਰ ਪੰਜਾਬੀ ਬੋਲੀ ਅਤੇ ਸੰਗੀਤ ਦਾ ਵਪਾਰ ਤਾਂ ਬੜੀ ਕਾਮਯਾਬੀ ਨਾਲ ਕਰ ਰਹੇ ਹਨ ਪਰ ਭਾਸ਼ਾ ਅਤੇ ਬੋਲੀ ਦੇ ਪ੍ਰਚਾਰ ਪੱਖੋਂ ਇਨ੍ਹਾਂ ਪੱਲੇ ਨਾਕਾਮਯਾਬੀ ਹੀ ਹੈ। ਪੰਜਾਬੀ ਬੋਲੀ ਅਤੇ ਸੰਗੀਤ ਦਾ ਸੁਮੇਲ ਦੁਨੀਆ 'ਚ ਮਸ਼ਹੂਰ ਹੋਣ ਕਰਕੇ ਇਨ੍ਹਾਂ ਨੂੰ ਚੰਗੀ ਖੱਟੀ ਕਰਕੇ ਦਿੰਦਾ ਹੈ ਪਰ ਪੰਜਾਬੀ ਸਿਰੋਂ ਆਪਣਾ ਢਿੱਡ ਪਾਲਣ ਵਾਲਾ ਇਹ ਮਹਿਕਮਾ ਇੰਨਾ ਨਾ-ਸ਼ੁਕਰਾ ਹੋ ਗਿਆ ਹੈ ਕਿ ਕਿਸੇ ਵੀ ਗੀਤ ਜਾਂ ਫ਼ਿਲਮ ਦੇ ਪ੍ਰਚਾਰ ਵਜੋਂ ਬਣਾਏ ਜਾਂਦੇ ਇਸ਼ਤਿਹਾਰਾਂ ਜਾਂ ਪੋਸਟਰਾਂ ਉੱਤੇ ਪੰਜਾਬੀ ਭਾਸ਼ਾ ਲਿਖਣੀ ਹੀ ਭੁੱਲ ਜਾਂਦਾ ਹੈ। ਗੀਤ ਪੰਜਾਬੀ ਬੋਲੀ ਵਿਚ ਗਾਇਆ ਹੁੰਦਾ ਹੈ ਪਰ ਭਾਸ਼ਾ ਰੋਮਨ ਲਿਖੀ ਜਾਂਦੀ ਹੈ। ਕਈ ਵਾਰ ਤਾਂ ਸਿਰਲੇਖ ਅੰਗਰੇਜ਼ੀ ਵਿਚ ਹੀ ਲਿਖਿਆ ਜਾਂਦਾ ਹੈ। ਇਸੇ ਤਰ੍ਹਾਂ ਫ਼ਿਲਮ ਪੰਜਾਬੀ ਹੋਵੇਗੀ ਪਰ ਉਸ ਦਾ ਸਿਰਲੇਖ ਜਾਂ ਕੰਮ ਕਰਨ ਵਾਲੇ ਕਲਾਕਾਰਾਂ 'ਤੇ ਤਕਨੀਕੀ ਸਮੂਹ ਦੇ ਨਾਂਅ ਰੋਮਨ ਵਿਚ ਲਿਖੇ ਜਾਂਦੇ ਹਨ, ਜੇ ਇਨ੍ਹਾਂ ਨੂੰ ਪੁੱਛੋ ਤਾਂ ਅੱਗੋਂ ਅਣਘੜਤ ਜਿਹਾ ਜਵਾਬ ਦੇਣਗੇ ਕਿ ਪੰਜਾਬੀ ਸੰਗੀਤ ਦਾ 'ਤੇ ਕਲਾ ਦਾ ਘੇਰਾ ਦੁਨੀਆ ਭਰ ਵਿਚ ਫੈਲ ਚੁੱਕਿਆ ਤੇ ਪੰਜਾਬ ਤੋਂ ਬਾਹਰ ਕਿਸੇ ਨੂੰ ਪੰਜਾਬੀ ਨਹੀਂ ਆਉਂਦੀ ਪਰ ਇਹ ਤਾਂ ਕੋਈ ਜਵਾਬ ਨਾ ਹੋਇਆ। ਭਾਈ ! ਜੇ ਪੰਜਾਬ ਤੋਂ ਬਾਹਰ ਪੰਜਾਬੀ ਕਲਾਵਾਂ ਜਿਵੇਂ ਸੰਗੀਤ, ਗੀਤ ਆਦਿ ਨੂੰ ਪਸੰਦ ਕੀਤਾ ਜਾਂਦਾ ਹੈ ਤਾਂ ਭਾਸ਼ਾ ਵੀ ਪਸੰਦ ਕੀਤੀ ਜਾਵੇਗੀ।

ਦੂਜੀ ਗੱਲ ਦੁਨੀਆ ਦਾ ਕੋਈ ਵੀ ਦੇਸ਼ ਲੈ ਲਵੋ, ਤੁਹਾਨੂੰ ਉਸ ਦੇ ਵਸਨੀਕਾਂ ਦੁਆਰਾ ਉਸ ਦੇਸ਼ ਦੀ ਬੋਲੀ ਅਤੇ ਭਾਸ਼ਾ ਸਭ ਤੋਂ ਉੱਪਰ ਲਿਖੀ ਮਿਲੇਗੀ। ਤੁਸੀਂ ਵੀ ਗ਼ੈਰ ਪੰਜਾਬੀਆਂ ਦੀ ਸਹੂਲਤ ਲਈ ਕਿਸੇ ਵੀ ਦੂਸਰੀ ਭਾਸ਼ਾ ਦਾ ਪ੍ਰਯੋਗ ਕਰਨ ਲਈ ਅਜ਼ਾਦ ਹੋ ਪਰ ਪੰਜਾਬੀ ਭਾਸ਼ਾ ਤੋਂ ਪਹਿਲੇ ਨੰਬਰ 'ਤੇ ਲਿਖੇ ਜਾਣ ਦਾ ਹੱਕ ਖੋਹ ਕੇ ਤੁਸੀਂ ਪੰਜਾਬੀ ਭਾਸ਼ਾ ਨਾਲ ਬਹੁਤ ਵੱਡਾ ਵਿਸ਼ਵਾਸ਼ਘਾਤ ਕਰ ਰਹੇ ਹੋ।

ਅੱਜ ਪੰਜਾਬੀ ਅੱਗਾ ਦੌੜ ਤੇ ਪਿੱਛਾ ਚੌੜ ਦੀ ਕਹਾਵਤ ਨੂੰ ਹੂ-ਬ-ਹੂ ਸੱਚ ਕਰ ਰਹੇ ਹਨ। ਦੂਜੀਆਂ ਬੋਲੀਆਂ ਅਤੇ ਭਾਸ਼ਾਵਾਂ ਨੂੰ ਮਾਣ ਦੇਣ ਦੇ ਚੱਕਰ ਵਿਚ ਆਪਣੀ ਮਾਤ ਭਾਸ਼ਾ ਨੂੰ ਬੇਗਾਨੀ ਕਰ ਦੇਣਾ ਕਿੱਥੋਂ ਦੀ ਸਮਝਦਾਰੀ ਹੈ। ਸਾਡਾ ਸੰਗੀਤ ਅਤੇ ਫ਼ਿਲਮ ਦਾ ਖੇਤਰ ਦੁਨੀਆ ਦੇ ਹਰ ਕੋਨੇ ਤੱਕ ਫੈਲਿਆ ਹੋਇਆ ਹੈ, ਇਸੇ ਲਈ ਇਹ ਖੇਤਰ ਪੰਜਾਬੀ ਬੋਲੀ ਅਤੇ ਭਾਸ਼ਾ ਦੇ ਵਿਸਥਾਰ ਲਈ ਇਕ ਅਹਿਮ ਮੀਲ ਪੱਥਰ ਸਾਬਤ ਹੋ ਸਕਦਾ ਹੈ ਪਰ ਇਹ ਬਹੁਤ ਸ਼ਰਮਨਾਕ ਗੱਲ ਹੈ ਕਿ ਅਸੀਂ ਸਿਰਫ਼ ਇਸ ਪੱਖ ਦਾ ਵਪਾਰਕ ਲਾਭ ਲੈਣ ਦੇ ਚੱਕਰ ਵਿਚ ਆਪਣੀ ਮਾਂ ਬੋਲੀ, ਭਾਸ਼ਾ ਅਤੇ ਵਿਰਸੇ ਦਾ ਘਾਣ ਕਰ ਰਹੇ ਹਾਂ। ਮੈਨੂੰ ਸਮਝ ਨਹੀਂ ਆਉਂਦੀ ਕਿ ਜਦੋਂ ਸਾਨੂੰ ਪੰਜਾਬੀ ਗੀਤ-ਸੰਗੀਤ ਨੂੰ ਵੇਚ ਕੇ ਪੈਸਾ ਕਮਾਉਣ ਵਿਚ ਕੋਈ ਸ਼ਰਮ ਜਾਂ ਹਿਚਕਿਚਾਹਟ ਮਹਿਸੂਸ ਨਹੀਂ ਹੁੰਦੀ ਤਾਂ ਪੰਜਾਬੀ ਭਾਸ਼ਾ ਦੇ ਪ੍ਰਚਾਰ ਜਾਂ ਭਾਸ਼ਾ ਦਾ ਬਣਦਾ ਹੱਕ ਦੇ ਕੇ ਪੋਸਟਰਾਂ 'ਤੇ ਸਿਰਲੇਖ ਪੰਜਾਬੀ ਭਾਸ਼ਾ ਵਿਚ ਲਿਖਣ ਵਿਚ ਸ਼ਰਮ ਕਿਉਂ ਮਹਿਸੂਸ ਹੁੰਦੀ ਹੈ ? ਇਸੇ ਤਰ੍ਹਾਂ ਅਸੀਂ ਫ਼ਿਲਮਾਂ ਵਿਚ ਵੀ ਆਪਣੇ ਪਾਤਰਾਂ ਕੋਲੋਂ ਠੇਠ ਪੰਜਾਬੀ ਬੁਲਵਾਉਣ ਵਿਚ ਵੀ ਕਾਮਯਾਬ ਨਹੀਂ ਹੋ ਰਹੇ। ਸੰਗੀਤ, ਫ਼ਿਲਮ ਜਗਤ ਵਿਚ ਮਸਾਂ ਦਸ ਪ੍ਰਤੀਸ਼ਤ ਲੋਕ ਨੇ ਜੋ ਪੰਜਾਬੀ ਭਾਸ਼ਾ ਨੂੰ ਉਸ ਦਾ ਬਣਦਾ ਹੱਕ ਦੇ ਰਹੇ ਹਨ, ਬਾਕੀ ਅਕ੍ਰਿਤਘਣ ਤਾਂ ਮਾਂ ਬੋਲੀ ਨੂੰ ਸਿਰਫ਼ ਨੋਚ ਹੀ ਰਹੇ ਹਨ। ਮੰਨਿਆ ਹੈ ਕਿ ਸਾਡੇ ਸੰਗੀਤ ਤੇ ਫ਼ਿਲਮ ਜਗਤ ਦਾ ਘੇਰਾ ਬਹੁਤ ਵਿਸ਼ਾਲ ਹੈ ਪਰ ਤੁਸੀਂ ਪੰਜਾਬੀ ਭਾਸ਼ਾ ਦਾ ਘੇਰਾ ਕਿਉਂ ਸੀਮਤ ਕਰ ਰਹੇ ਹੋ ? ਪੰਜਾਬੀ ਭਾਸ਼ਾ ਲਈ ਅਪਣਾਈ ਸਾਡੀ ਬੇਰੁਖ਼ੀ ਪੰਜਾਬੀ ਬੋਲੀ ਨੂੰ ਪੱਤਣ ਦੇ ਰਾਹ 'ਤੇ ਲੈ ਤੁਰੀ ਹੈ। ਸਿਰਫ਼ ਵਪਾਰਕ ਫਾਇਦਾ ਲੈਣ ਵਾਲੀ ਸੋਚ ਤਿਆਗ ਕੇ ਸਾਨੂੰ ਪੰਜਾਬੀ ਬੋਲੀ ਅਤੇ ਭਾਸ਼ਾ ਦੇ ਵਿਸਥਾਰ 'ਤੇ ਵੀ ਗੌਰ ਕਰਨਾ ਪੈਣਾ ਹੈ, ਕਿਉਂ ਕਿ ਸਾਡੀ ਬੋਲੀ ਅਤੇ ਭਾਸ਼ਾ ਹੀ ਸਾਡੇ ਵਿਰਸੇ ਨੂੰ ਸਾਂਭਣ ਵਿਚ ਸਮਰੱਥ ਹੈ। ਨਹੀਂ ਤਾਂ ਅਸੀਂ ਪੰਜਾਬੀ ਅਤੇ ਪੰਜਾਬੀਅਤ ਨੂੰ ਬਹੁਤ ਜਲਦੀ ਗਵਾ ਦੇਵਾਂਗੇ। ਇਹ ਤਾਂ ਸੀ ਪੰਜਾਬੀ ਦੇ ਅਖੌਤੀ ਸੇਵਾਦਾਰਾਂ ਵੱਲੋਂ ਭਾਸ਼ਾ ਦੀ ਅਣਗਹਿਲੀ, ਪਰ ਜਦੋਂ ਅਸੀਂ ਥੋੜ੍ਹਾ ਹੋਰ ਡੂੰਘਾਈ ਨਾਲ ਇਸ ਵਰਤਾਰੇ ਦੇ ਕਾਰਨਾਂ ਨੂੰ ਘੋਖਦੇ ਹਾਂ ਤਾਂ ਕੁਝ ਕਾਰਨ ਉੱਭਰ ਕੇ ਸਾਹਮਣੇ ਆਉਂਦੇ ਹਨ, ਜਿਵੇਂ

ਨੌਜਵਾਨ ਪੀੜ੍ਹੀ ਦਾ ਹੱਥ ਪੰਜਾਬੀ ਵੱਲੋਂ ਤੰਗ ਹੋਣਾ।

ਅੱਜ ਪੰਜਾਬ ਦੇ ਪੰਜਾਬੀ ਸਕੂਲਾਂ ਵਿਚ ਨਾ ਦੇ ਬਰਾਬਰ ਹੀ ਬੱਚੇ ਰਹਿ ਗਏ ਹਨ। ਤਰੱਕੀ ਦੇ ਰਾਹ 'ਤੇ ਭੱਜਣ ਦੀ ਹੋੜ ਵਿਚ ਅਸੀਂ ਅੰਗਰੇਜ਼ੀ ਨੂੰ ਜਿੱਤ ਦਾ ਪੈਮਾਨਾ ਮਿੱਥ ਲਿਆ ਹੈ। ਸਰਕਾਰੀ ਪੰਜਾਬੀ ਸਕੂਲਾਂ ਦੀ ਬਜਾਏ ਨਿੱਜੀ ਸਕੂਲਾਂ ਵਿਚ ਬੱਚਿਆਂ ਨੂੰ ਭੇਜ ਕੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲੋਂ ਉਨ੍ਹਾਂ ਦਾ ਨਾਤਾ ਹੀ ਤੋੜ ਦਿੱਤਾ ਹੈ। ਸਾਡੀ ਪੜ੍ਹਾਈ ਵਿੱਚੋਂ ਪੰਜਾਬੀ ਭਾਸ਼ਾ ਤਕਰੀਬਨ-ਤਕਰੀਬਨ ਗਾਇਬ ਹੈ, ਜਿਸ ਵਜ੍ਹਾ ਤੋਂ ਨੌਜਵਾਨ ਪੀੜੀ ਨੂੰ ਗੁਰਮੁਖੀ ਨਹੀਂ ਆਉਂਦੀ ਅਤੇ ਉਹ ਅਣਜਾਣਪੁਣੇ ਵਿਚ ਹੀ ਪੰਜਾਬੀ ਬੋਲੀ ਦੇ ਗੁਨਾਹਗਾਰ ਬਣ ਰਹੇ ਹਨ। ਦੂਜਾ ਤੇ ਅਹਿਮ ਕਾਰਨ ਸਾਡੇ ਸਾਹਿਤਕਾਰ, ਜੋ ਕਿ ਨੌਜਵਾਨ ਪੀੜੀ ਦੇ ਸਿਰਜਣਾਤਮਕ ਵਲਵਲਿਆਂ ਨੂੰ ਨਿਖ਼ਾਰ ਕੇ ਸਹੀ ਸੇਧ ਦੇਣ ਵਿਚ ਅਸਫਲ ਰਹੇ ਹਨ। ਜਦੋਂ ਕਿ ਸਾਹਿਤ ਕੌਮ ਦੀ ਵਿਰਾਸਤ ਹੁੰਦਾ ਹੈ। ਸਾਹਿਤਕਾਰਾਂ ਨੂੰ ਚਾਹੀਦਾ ਹੈ ਕਿ ਉਹ ਆਪਣਾ ਸਾਰਾ ਤਜਰਬਾ ਅਗਲੀ ਪੀੜੀ ਨੂੰ ਵਿਰਸੇ ਵਿਚ ਦੇਣ ਅਤੇ ਨਾਲ ਹੀ ਉਹ ਨਵੀਂ ਪੀੜੀ ਦੇ ਹੁਨਰ ਨੂੰ ਤਰਾਸ਼ ਕੇ ਸਹੀ ਮਾਅਨਿਆਂ ਵਿਚ ਆਪਣਾ ਫ਼ਰਜ਼ ਅਦਾ ਕਰਨ ਪਰ ਅਜੋਕੇ ਸਾਹਿਤਕਾਰ ਆਪਣੀ ਜ਼ਿੰਮੇਵਾਰੀ ਨੂੰ ਨਾ ਨਿਭਾ ਕੇ ਆਪਣੀ ਹਉਮੇ ਵੱਸ ਹੋਏ ਦੋਵਾਂ ਪੀੜੀਆਂ ਵਿਚ ਵਿਚਾਰਾਂ ਦੇ ਅਦਾਨ-ਪ੍ਰਦਾਨ ਦੀ ਕੜੀ ਬਣ ਕੇ ਨੌਜਵਾਨੀ ਨੂੰ ਆਪਣੇ ਨਾਲ ਉਂਗਲ ਫੜ੍ਹ ਕੇ ਤੁਰਨ ਵਿਚ ਪੂਰੀ ਅਸਫ਼ਲ ਹੋਏ ਹਨ। ਨਵੇਂ ਲਿਖਾਰੀਆਂ ਨੂੰ ਅਣਗੌਲਿਆਂ ਕਰਿਆ ਜਾਂਦਾ ਹੈ। ਸਾਹਿਤ ਸਿਰਜਣਾ ਵਿਚ ਦਿਲਚਸਪੀ ਰੱਖਣ ਵਾਲੇ ਨੌਜਵਾਨ ਸਹੀ ਸੇਧ ਨਾ ਮਿਲਣ ਕਰਕੇ ਉਸ ਅੱਥਰੇ ਦਰਿਆ ਵਾਂਗ ਹੋ ਗਏ ਹਨ, ਜੋ ਆਪ ਮੁਹਾਰੇ ਆਪਣਾ ਢਾਂਚਾ ਬਣਾਉਂਦਾ ਹੋਇਆ ਵਹਿ ਤੁਰਿਆ ਹੈ ਅਤੇ ਆਪਣੇ ਵਹਾਅ ਵਿਚ ਵਿਰਸੇ ਅਤੇ ਭਾਸ਼ਾ ਨੂੰ ਵੀ ਤੋੜ ਕੇ ਲਿਜਾ ਰਿਹਾ ਹੈ। ਨੌਜਵਾਨੀ ਕੋਲ ਜੋਸ਼ ਹੈ ਪਰ ਹੋਸ਼ ਨਹੀਂ ਤੇ ਹੋਸ਼ 'ਚ ਲਿਆਉਣ ਵਾਲੇ ਸਾਡੇ ਸਾਹਿਤਕਾਰ ਆਪ ਹੀ ਕੁਰਸੀ ਮੱਲਣ ਵਾਲੇ ਐਵਾਰਡਾਂ ਦੀ ਦੌੜ ਵਿਚ ਹੱਫਦੇ ਹੋਏ ਆਪਣੀ ਜ਼ਿੰਮੇਵਾਰੀ ਤੋਂ ਕੋਹਾਂ ਦੂਰ ਜਾਂ ਸ਼ੋਹਰਤ ਕਮਾਉਣ ਦੀ ਲਾਲਸਾ ਵੱਲ ਨੀਮ ਬੇਹੋਸ਼ੀ ਵਿਚ ਜਾ ਚੁੱਕੇ ਹਨ। ਸਾਡੀ ਨੌਜਵਾਨ ਪੀੜੀ ਦੀ ਸਿਰਜਣਾਤਮਕ ਸ਼ਕਤੀ ਨੂੰ ਜੇਕਰ ਸਾਡੇ ਸਾਹਿਤਕਾਰ ਸਹੀ ਰਾਹ ਵਿਖਾ ਕੇ ਸਹੀ ਤਰੀਕੇ ਉਘਾੜਣ ਦੀ ਜ਼ਿੰਮੇਵਾਰੀ ਨਿਭਾਉਣ ਤਾਂ ਨਿਰਸੰਦੇਹ ਪੰਜਾਬੀ ਸਾਹਿਤ ਵਿਚ ਨਵੀਆਂ ਪੈੜਾਂ ਪਾਈਆਂ ਜਾ ਸਕਦੀਆਂ ਹਨ ਪਰ ਅਫਸੋਸ ਹੈ ਕਿ ਸਾਹਿਤ ਦੇ ਲੰਬੜਦਾਰ, ਕਲਾ ਦੇ ਵਾਰਸਾਂ ਨੂੰ ਆਪਣੇ ਨਾਲ ਲੈ ਕੇ ਚੱਲਣ ਵਿਚ ਅਸਮੱਰਥ ਹਨ। ਰੱਬ ਸਾਡੇ ਸਾਹਿਤਕਾਰਾਂ ਨੂੰ ਜ਼ਿੰਮੇਵਾਰੀ ਨਿਭਾਉਣ ਦੀ ਸੁਮੱਤ ਬਖ਼ਸ਼ੇ।



-ਦੀਪ ਗਿੱਲ, ਪਾਂਘਲੀਆ।
#98767-85271

**ਨਵੇਂ ਸਾਲ, ਲੋਹੜੀ ਅਤੇ ਗਣਤੰਤਰ ਦਿਵਸ ਦੀਆਂ ਮੁਬਾਰਕਾਂ !**



ਬਬਲੀ ਸਿੰਘ (ਨਿਰਮਾਤਾ)



ਭੀਮ ਰਾਜ ਗਰਗ ( ਫ਼ਿਲਮ ਜਰਨਲਿਸਟ)



ਬੌਬ ਖਹਿਰਾ (ਨਿਰਮਾਤਾ ਤੇ ਐਕਟਰ)



ਪਰਵਿੰਦਰ ਸਿੰਘ ਬੱਬੂ ( ਵੀਡੀਓ ਡਾਇਰੈਕਟਰ)



ਕਾਸ਼ੀ ਰਾਮ ਚੰਨ (ਅਦਾਕਾਰ)





ਰਫ਼ੀ ਸਾਹਿਬ ਦੇ ਜਨਮਦਿਨ ਦਾ ਕੇਕ ਕੱਟਦੇ ਹੋਏ ਵਿਸ਼ੇਸ਼ ਮਹਿਮਾਨ ਅਤੇ ਕਲੱਬ ਮੈਂਬਰ

# ਪੰਜਾਬੀ ਸਕਰੀਨ ਕਲੱਬ ਵੱਲੋਂ ਮਨਾਇਆ ਗਿਆ ਰਫ਼ੀ ਸਾਹਿਬ ਦਾ 93ਵਾਂ ਜਨਮਦਿਨ


ਕਲੱਬ ਪ੍ਰਧਾਨ ਦਲਜੀਤ ਸਿੰਘ ਅਰੋੜਾ



ਐਂਕਰ ਗੁਰਜੀਤ ਕੌਰ - ਅਰਵਿੰਦਰ ਭੱਟੀ


ਪ੍ਰੋਗਰਾਮ ਦਾ ਆਨੰਦ ਮਾਣਦੇ ਹੋਏ ਵਿਸ਼ੇਸ਼ ਮਹਿਮਾਨ ਅਤੇ ਦਰਸ਼ਕ

(ਗਾਇਕ)


ਪੀ. ਐਸ. ਰਾਏ


ਤਰਲੋਚਨ ਸਿੰਘ


ਖੁਸ਼ਵੰਤ ਸਿੰਘ


ਰਾਕੇਸ਼ ਕੁਮਾਰ


ਅਮਰਜੀਤ ਸਿੰਘ


ਜੰਗ ਬਹਾਦਰ ਸਿੰਘ


ਗਾਇਕ ਤਰਲੋਚਨ ਸਿੰਘ ਤੇ ਜਾਪਾਨੀ ਕੁੜੀ ਮੀਕਾ ਸਜ਼ੂਕੀ ਹਿੰਦੀ ਗੀਤ ਗਾਉਂਦੀ ਹੋਈ


ਸੰਜੀਵ ਮਹਾਜਨ


ਮਨਜਿੰਦਰ ਸਿੰਘ ਬੱਗਾ


ਰਵੀ ਗੁਪਤਾ


ਵਿਨੋਦ ਕੁਮਾਰ


ਕੰਵਲਜੀਤ ਸਤੀਜਾ


ਨਿਰਮਾਤਾ-ਅਦਾਕਾਰਾ ਬੌਬ ਖਹਿਰਾ, ਕਲੱਬ ਦੇ ਸਕੱਤਰ ਅਰਜੁਨ ਸਿੰਘ ਵਿਰਦੀ, ਅਦਾਕਾਰਾ ਗੁਰਜੀਤ ਕੌਰ, ਕਲੱਬ ਦੇ ਪ੍ਰਧਾਨ ਦਲਜੀਤ ਸਿੰਘ ਅਰੋੜਾ, ਅਦਾਕਾਰ-ਐਂਕਰ ਅਰਵਿੰਦਰ ਭੱਟੀ, ਪ੍ਰੋਜੈਕਟ ਹੈੱਡ ਅਤੇ ਗਾਇਕ ਤਰਲੋਚਨ ਸਿੰਘ ਆਈ. ਜੀ. ਏ. ਟੀ. ਐਸ. ਕੁੰਵਰ ਵਿਜੈ ਪ੍ਰਤਾਪ, ਐਮ. ਐਲ. ਏ. ਰਾਜ ਕੁਮਾਰ ਵੇਰਕਾ, ਸੈਸ਼ਨ ਜੱਜ ਪੀ. ਐਸ. ਰਾਏ, ਗੀਤਕਾਰ ਕੁਮਾਰ ਤੇ ਕਲੱਬ ਦੇ ਆਰਗੇਨਾਇਜ਼ਿੰਗ ਸਕੱਤਰ ਰਜਿੰਦਰ ਸਿੰਘ ਰਾਹੀ ਤੋਂ ਇਲਾਵਾ ਵਿਰਸਾ ਵਿਹਾਰ ਦੇ ਪ੍ਰਧਾਨ ਕੇਵਲ ਧਾਲੀਵਾਲ ਅਤੇ ਸਕੱਤਰ ਰਮੇਸ਼ ਯਾਦਵ ਨੇ ਵਿਸ਼ੇਸ਼ ਤੌਰ ਤੇ ਪ੍ਰੋਗਰਾਮ ਵਿਚ ਸ਼ਿਰਕਤ ਕੀਤੀ

ਵੱਲੋਂ : ਮੀਡੀਆ ਜੰਕਸ਼ਨ, ਚੰਡੀਗੜ੍ਹ ।

# ਜਰਨੈਲ ਘੁਮਾਣ ਨੇ ਕੀਤੀ ਪੰਜਾਬੀ ਵੈਬ ਸੀਰੀਜ਼ ਸ਼ੁਰੂ ਕਰਨ ਵਿਚ ਪਹਿਲ



ਆਪਣੀ ਦੂਰ-ਅੰਦੇਸ਼ੀ ਸੋਚ ਅਤੇ ਕਲਾ ਦੇ ਪਾਰਖੂ ਵਜੋਂ ਜਾਣੀ ਜਾਂਦੀ ਪੰਜਾਬੀ ਸੰਗੀਤ ਜਗਤ ਦੀ ਨਾਮੀਂ ਸ਼ਖ਼ਸੀਅਤ ਜਰਨੈਲ ਘੁਮਾਣ, ਮਨੋਰੰਜਨ ਦੀ ਦੁਨੀਆ ਦੇ ਬਦਲਦੇ ਯੁੱਗ ਅਤੇ ਬਦਲਦੇ ਸਾਧਨਾਂ ਦੇ ਵੇਲਿਆਂ ਵਿਚ ਇੰਟਰਨੈੱਟ ਚੈਨਲਾਂ ਲਈ 'ਪੰਜਾਬੀ ਵੈਬ ਸੀਰੀਜ਼' ਦੀ ਸ਼ੁਰੂਆਤ ਕਰਨ ਦੀ ਪਹਿਲ ਕਰਨ ਜਾ ਰਿਹਾ ਹੈ। ਜਰਨੈਲ ਘੁਮਾਣ ਨੇ ਮੁੰਬਈ ਦੀ ਨਾਮਵਰ ਕੰਪਨੀ "ਵਿੰਗਜ਼ ਮਿਊਜ਼ਿਕ" ਰਾਹੀਂ ਆਪਣੀ ਪਹਿਲੀ ਵੈਬ ਸੀਰੀਜ਼ ਦੀ ਸ਼ੁਰੂਆਤ ਕੀਤੀ ਹੈ। ਇਸ ਸੀਰੀਜ਼ ਵਿਚ ਲਘੂ ਫ਼ਿਲਮਾਂ ਦੇ ਨਾਲ-ਨਾਲ ਲੜੀਵਾਰ ਨਾਟਕ ਦਰਸ਼ਕਾਂ ਨੂੰ ਵਿਖਾਏ ਜਾਣ ਦੀ ਯੋਜਨਾ ਹੈ, ਕਿਉਂਕਿ ਹੁਣ ਜ਼ਿਆਦਾਤਰ ਲੋਕ ਟੀ.ਵੀ. ਚੈਨਲ ਵੀ ਆਪਣੇ ਮੋਬਾਇਲ ਫੋਨ 'ਤੇ ਹੀ ਵੇਖਦੇ ਹਨ। ਘੁਮਾਣ ਦਾ ਕਹਿਣਾ ਹੈ ਕਿ ਆਉਣ ਵਾਲੇ ਸਮੇਂ ਵਿਚ ਮਨੋਰੰਜਨ ਵਾਸਤੇ ਮੋਬਾਇਲ ਫੋਨ ਰਾਹੀਂ ਹੀ ਸਭ ਕੁਝ ਸੁਣਕੇ ਅਤੇ ਵੇਖ ਕੇ ਆਨੰਦ ਮਾਨਣ ਦਾ ਇਹ ਤਰੀਕਾ ਸਭ ਨਾਲੋਂ ਵੱਧ ਸਾਰਥਕ ਸਿੱਧ ਹੋਵੇਗਾ। ਵੈਸੇ ਵੀ ਅੱਜ-ਕੱਲ੍ਹ ਦੀ ਦੌੜ-ਭੱਜ ਦੀ ਜ਼ਿੰਦਗੀ ਵਿਚ ਕੁਝ ਪਲ ਮੂਡ ਬਦਲਣ ਜਾਂ ਮਨੋਰੰਜਨ ਕਰਨ ਵਾਸਤੇ ਤੁਹਾਨੂੰ ਕਾਫ਼ੀ ਕੁਝ ਆਪਣੇ ਹੱਥ ਵਿਚ ਫੜੇ ਫੋਨ ਸੈਟ ਵਿਚ ਹੀ ਮਿਲ ਜਾਂਦਾ ਹੈ, ਇਸ ਨਾਲੋਂ ਵਧਕੇ ਵਧੀਆ ਕੀ ਹੋ ਸਕਦਾ ਹੈ। ਫੋਨ ਸੈਟ ਰਾਹੀਂ ਮਨੋਰੰਜਨ ਕਰਨ ਵਾਸਤੇ ਭਾਵੇਂ 'ਯੂ ਟਿਊਬ' ਵਰਗੀਆਂ ਅਨੇਕਾਂ ਵੈਬ ਸਾਇਟਾਂ 'ਤੇ ਮਨੋਰੰਜਕ ਸਮੱਗਰੀ ਦਾ ਅਥਾਹ ਭੰਡਾਰ ਹੈ, ਫਿਰ ਵੀ ਪੰਜਾਬੀ ਵਾਲੇ ਪਾਸੇ ਅਸੀਂ ਪਛੜਦੇ ਜਾ ਰਹੇ ਹਾਂ, ਕਿਉਂਕਿ ਪੰਜਾਬੀ ਸੀਰੀਅਲਾਂ ਵਾਸਤੇ ਜਿੰਨੇ ਵਾਰੀ ਵੀ ਵੱਖ-ਵੱਖ ਟੀ. ਵੀ. ਚੈਨਲਾਂ ਨੇ ਉਪਰਾਲੇ ਕੀਤੇ, ਉਹ ਸਮਾਂ ਪਾ ਕੇ ਘਾਟੇ ਵਾਲਾ ਸੌਦਾ ਸਾਬਤ ਹੋਏ ਅਤੇ ਕੁਝ ਸਮੇਂ ਬਾਅਦ ਹੀ ਪੰਜਾਬੀ ਸੀਰੀਅਲ ਜਾਂ ਉਹ ਚੈਨਲ ਬੰਦ ਹੁੰਦੇ ਗਏ। ਕਿਸੇ ਵੇਲੇ ਜ਼ੋਰ-ਸ਼ੋਰ ਨਾਲ ਚੱਲਦੇ 'ਅਲਫ਼ਾ ਪੰਜਾਬੀ', 'ਲਿਸ਼ਕਾਰਾ' ਅਤੇ 'ਚੈਨਲ ਪੰਜਾਬ' ਦਾ ਬੰਦ ਹੋ ਜਾਣਾ, ਇਸ ਗੱਲ ਦੀ ਗਵਾਹੀ ਭਰਦਾ ਜਿਉਂਦਾ-ਜਾਗਦਾ ਸਬੂਤ ਹੈ। ਪੰਜਾਬੀ ਚੈਨਲਾਂ ਦਾ ਪੰਜਾਬੀ ਸੀਰੀਅਲਾਂ ਵਾਲੇ ਪਾਸੇ ਲਗਾਤਾਰ ਨਾ ਚੱਲ ਪਾਉਣਾ, ਚੈਨਲ ਦੀ ਟੀ.ਆਰ.ਪੀ. ਨੂੰ ਪ੍ਰਭਾਵਿਤ ਕਰਦਾ ਸੀ ਅਤੇ ਸੀਰੀਅਲ 'ਤੇ ਆਏ ਖਰਚਿਆਂ ਦਾ ਬਜਟ ਪੂਰਾ ਨਾ ਹੋਣਾ, ਘਾਟੇ ਦਾ ਸੌਦਾ ਹੋ ਨਿੱਭੜਦਾ ਸੀ, ਕਿਉਂਕਿ ਹੁਣ ਇੰਟਰਨੈੱਟ ਰਾਹੀਂ ਹਰ ਤਰ੍ਹਾਂ ਦੇ ਗੀਤ, ਸੀਰੀਅਲ, ਲਘੂ ਫ਼ਿਲਮ ਜਾਂ ਫ਼ੀਚਰ ਫ਼ਿਲਮਾਂ ਦੀ ਪਹੁੰਚ ਘਰਾਂ ਦੇ ਨਾਲ-ਨਾਲ ਹਰੇਕ ਦਰਸ਼ਕ ਦੇ ਹੱਥਾਂ ਤੱਕ ਹੋ ਗਈ ਹੈ, ਸੋ ਹੁਣ ਹਰੇਕ ਕੋਲ ਆਪਣੀ ਪ੍ਰਤਿਭਾ ਆਪਣੇ ਤਰੀਕੇ ਨਾਲ ਘੱਟ ਪੈਸਾ ਖ਼ਰਚ ਕੇ ਦਰਸ਼ਕਾਂ ਤੱਕ ਪਹੁੰਚਾਉਣ ਦਾ ਵਧੀਆ ਮੌਕਾ ਹੈ।







ਬੇਸ਼ੱਕ ਅਸੀਂ ਰੋਜ਼ਾਨਾ ਲਘੂ ਫ਼ਿਲਮਾਂ ਦੇ ਵੀਡੀਓ ਕਲਿੱਪਜ਼ ਵਟਸਅੱਪ ਦੇ ਗਰੁੱਪਾਂ ਜਾਂ ਹੋਰ ਸ਼ੋਸ਼ਲ ਨੈੱਟਵਰਕ ਵਿਚ ਸ਼ੇਅਰ ਹੁੰਦੇ ਵੇਖਦੇ ਹਾਂ, ਪ੍ਰੰਤੂ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਯੋਜਨਾਬੱਧ ਤਰੀਕੇ ਨਾਲ ਵਿਖਾਉਣ ਵਾਸਤੇ ਇਕ ਅੱਛੇ ਪਲੇਟਫਾਰਮ ਦੀ ਜ਼ਰੂਰਤ ਹੈ। ਜਰਨੈਲ ਘੁਮਾਣ ਅਤੇ 'ਵਿੰਗਜ਼ ਮਿਊਜ਼ਿਕ' ਦਾ ਮੁੱਖ ਟੀਚਾ ਇਹੋ ਹੀ ਹੈ, ਜਿਸ ਕਰਕੇ ਇਸ "ਪੰਜਾਬੀ ਵੈਬ ਸੀਰੀਜ਼" ਨਾਮੀਂ ਸੀਰੀਜ਼ ਦੀ ਸ਼ੁਰੂਆਤ ਹੋਈ ਹੈ। ਘੁਮਾਣ ਦਾ ਕਹਿਣਾ ਹੈ ਕਿ ਹੁਣ ਇਸ ਸੀਰੀਜ਼ ਰਾਹੀਂ ਹਰ ਤਰ੍ਹਾਂ ਦੇ ਕਲਾਕਾਰ ਨੂੰ ਆਪਣੀ ਕਲਾ ਜੱਗ ਜ਼ਾਹਿਰ ਕਰਨ ਦੇ ਆਸਾਨ ਮੌਕੇ ਮਿਲਣੇ ਸੁਭਾਵਿਕ ਹਨ। ਖਾਸ ਕਰ ਥਿਏਟਰ ਨਾਲ ਜੁੜੇ ਹਜ਼ਾਰਾਂ ਕਲਾਕਾਰ ਇਸ ਸੀਰੀਜ਼ ਰਾਹੀਂ ਆਪਣੇ ਸੰਜੋਏ ਸੁਪਨੇ ਸੁਖਾਲਾ ਹੀ ਪੂਰੇ ਕਰ ਪਾਉਣਗੇ। ਲਿਖਾਰੀ, ਨਿਰਦੇਸ਼ਕ, ਨਿਰਮਾਤਾ ਸਾਰੇ ਆਪਣਾ ਵਿਹਲਪੁਣਾ ਖ਼ਤਮ ਕਰਕੇ ਕੰਮ ਲੱਗਣਗੇ ਅਤੇ ਹਰੇਕ ਲਈ ਰੁਜ਼ਗਾਰ ਦੇ ਵਸੀਲੇ ਜੁਟਾਉਣ ਵਾਲੀ ਇਹ ਵੈਬ ਸੀਰੀਜ਼ ਟੀ.ਵੀ. ਪ੍ਰੋਗਰਾਮਾਂ, ਲਘੂ ਫ਼ਿਲਮਾਂ, ਫ਼ੀਚਰ ਫ਼ਿਲਮਾਂ ਵਾਸਤੇ ਹੋਰ ਨਵੇਂ-ਨਵੇਂ ਚਿਹਰੇ ਵੀ ਸਾਹਮਣੇ ਲੈ ਕੇ ਆਏਗੀ। ਅੱਗੇ ਚੱਲੇ ਕੇ ਇਹ ਸੀਰੀਜ਼ ਲੜੀਵਾਰ ਨਾਟਕਾਂ, ਸਿਰਫ਼ ਇੰਟਰਨੈੱਟ 'ਤੇ ਵਿਖਾਉਣ ਵਾਸਤੇ ਬਣੀਆਂ ਘੱਟ ਬਜਟ ਦੀਆਂ ਫ਼ੀਚਰ ਫ਼ਿਲਮਾਂ ਦਾ ਰੂਪ ਧਾਰਨ ਕਰੇਗੀ। ਘੁਮਾਣ ਨੇ ਹੋਰ ਸਪੱਸ਼ਟ ਕਰਦਿਆਂ ਕਿਹਾ ਕਿ ਇਸ ਸੀਰੀਜ਼ ਵਿਚ ਉਹ ਵਧੀਆ ਸਾਰਥਿਕ ਤੇ ਪਰਿਵਾਰਿਕ ਕਮੇਡੀ, ਸਮਾਜਿਕ, ਧਾਰਮਿਕ ਵਿਸ਼ਿਆਂ ਨਾਲ ਸਬੰਧਤ ਦਰਜਨਾਂ ਸਬ ਸੀਰੀਜ਼ ਸ਼ੁਰੂ ਕਰਨਗੇ। ਘੁਮਾਣ ਅਜਿਹਾ ਹੀ ਇਕ ਉਪਰਾਲਾ 12 -13 ਸਾਲ ਪਹਿਲਾਂ ਵੀ.ਸੀ.ਡੀ. (ਟੈਲੀ ਫ਼ਿਲਮਾਂਨੁਮਾ) ਦੇ ਰੂਪ ਵਿਚ ਕਰ ਚੁੱਕਿਆ ਹੈ, ਉਸ ਵੇਲੇ ਇਕੱਲੇ ਘੁਮਾਣ ਦੀ ਪੇਸ਼ਕਾਰੀ ਵਿਚ ਤਕਰੀਬਨ 200 ਅਜਿਹੀਆਂ ਫ਼ਿਲਮਾਂ ਬਣੀਆਂ ਸਨ ਅਤੇ ਥਿਏਟਰ ਦੇ ਸੈਂਕੜੇ ਕਲਾਕਾਰ ਆਪਣੀ ਕਲਾ ਰਾਹੀਂ ਦਰਸ਼ਕਾਂ ਦੇ ਸਨਮੁੱਖ ਹੋਏ ਸਨ, ਜੋ ਅੱਜਕੱਲ੍ਹ ਪੰਜਾਬੀ ਹਿੰਦੀ ਫ਼ਿਲਮਾਂ ਰਾਹੀਂ ਫ਼ਿਲਮੀਂ ਪਰਦੇ 'ਤੇ ਨਜ਼ਰ ਆ ਰਹੇ ਹਨ।

ਪੰਜਾਬੀ ਵੈਬ ਸੀਰੀਜ਼ ਸ਼ੁਰੂ ਕਰਨ ਪਿੱਛੇ ਵੀ ਘੁਮਾਣ ਦੀ ਦੂਰ-ਅੰਦੇਸ਼ੀ ਸੋਚ ਵਿਚ ਬਹੁਤ ਕੁਝ ਝਲਕਦਾ ਹੈ, ਜਿਸ ਲਈ ਜਰਨੈਲ ਘੁਮਾਣ ਨੇ ਆਪਣੀ ਕੰਪਨੀ 'ਮੀਡੀਆ ਜੰਕਸ਼ਨ' ਵਿਚ ਹਰੇਕ ਡਿਪਾਰਟਮੈਂਟ ਨਾਲ ਸਬੰਧਤ, ਪਰਮਜੀਤ ਘੁਮਾਣ ਦੀ ਦੇਖ-ਰੇਖ ਹੇਠ ਵੱਖ-ਵੱਖ ਟੀਮਾਂ ਬਣਾਈਆਂ ਹਨ।

ਪੰਜਾਬੀ ਵੈਬ ਸੀਰੀਜ਼ ਸ਼ੁਰੂ ਕਰਨ ਵਿਚ ਕੀਤੀ ਜਰਨੈਲ ਘੁਮਾਣ ਦੀ ਪਹਿਲ ਕਦਮੀਂ ਸਮੁੱਚੇ ਪੰਜਾਬੀਆਂ ਲਈ ਨਵੇਂ ਦਿਸਹੱਦੇ ਸਿਰਜੇਗੀ।



ਪ੍ਰਸਿੱਧ ਕਮੇਡੀਅਨ ਸੱਤੀ ਸੈਂਬੀ ਨੂੰ ਵਿਆਹ ਦੀਆਂ ਬਹੁਤ-ਬਹੁਤ ਮੁਬਾਰਕਾਂ!

## ਨਵੇਂ ਸਾਲ, ਲੋਹੜੀ ਅਤੇ ਗਣਤੰਤਰ ਦਿਵਸ ਦੀਆਂ ਮੁਬਾਰਕਾਂ!



ਅਰਵਿੰਦਰ ਭੱਟੀ (ਐਕਟਰ)



ਲਾਲੀ ਗਿੱਲ ( ਲਾਈਨ ਨਿਰਮਾਤਾ)



ਐਸ. ਐਸ. ਸੋਖੀ



ਐਸ. ਡੀ. ਮੋਟਰਜ

ਆਈ. ਐਸ. ਧੰਜਲ



ਰਾਜ ਕੁਮਾਰ (ਅਦਾਕਾਰ)

# ਸ਼ਾਇਰੀ ਦਰਬਾਰ

## ਨਵੇਂ ਸਾਲ ਦੇ ਸੂਰਜਾ

-ਬਹਾਦਰ ਡਾਲਵੀ। # 94172-35502



ਨਵੇਂ ਸਾਲ ਦੇ ਸੂਰਜਾ ਕੋਈ ਚਾਨਣ ਨਵਾਂ ਬਖੇਰ,
ਦੂਰ ਹੋਵੇ ਦੁੱਖਾਂ ਦੀ ਕਾਲਖ ਸੁੱਖਾਂ ਦੀ ਚੜ੍ਹੇ ਸਵੇਰ,

ਫੇਰ ਮਨੁੱਖਤਾ ਕੋਹੇ ਨਾ ਕੋਈ ਬਣ ਸੁਨਾਮੀ ਕਹਿਰ,
ਧਰਮ ਦੇ ਨਾਂਅ 'ਤੇ ਪਾਵੇ ਨਾ ਕੋਈ ਆਪਸ ਦੇ ਵਿਚ ਵੈਰ।
ਚਾਰੇ ਪਾਸੇ ਨਫ਼ਰਤ ਵਾਲਾ ਹੋਵੇ ਦੂਰ ਹਨ੍ਹੇਰ,
ਨਵੇਂ ਸਾਲ ਦੇ ਸੂਰਜਾ.......................

ਰੱਬ ਕਰੇ ਫਿਰ ਹੋਵਣ ਨਾ ਭੈਣਾਂ ਤੋਂ ਵੀਰ ਦੂਰ,
ਦਾਜ ਦੀ ਖਾਤਰ ਬਲੀ ਚੜ੍ਹੇ ਨਾ ਹੋ ਕੇ ਧੀ ਮਜਬੂਰ।
ਮਿਟ ਜਾਵਣ ਸਭ ਹੱਦਾਂ ਬੰਨੇ ਰਹੇ ਨਾ ਤੇਰ ਮੇਰ,
ਨਵੇਂ ਸਾਲ ਦੇ ਸੂਰਜਾ.......................

ਸਭ ਨੂੰ ਵੰਡੀਂ ਖ਼ੁਸ਼ੀਆਂ ਖੇੜੇ ਨਾ ਕੋਈ ਹੰਝੂ ਕੇਰੇ,
ਦੁੱਖ ਦਲਿੱਦਰ ਦੂਰ ਭਜਾ ਸਭ ਕਰਦੇ ਨਵੇਂ ਸਵੇਰੇ।
ਕਹੇ 'ਡਾਲਵੀ' ਚਾਨਣ ਦੀ ਕੋਈ ਐਸੀ ਕਿਰਨ ਖਲੇਰ,
ਨਵੇਂ ਸਾਲ ਦੇ ਸੂਰਜਾ ਕੋਈ ਚਾਨਣ ਨਵਾਂ ਬਖੇਰ।

## ਭੁਲੇਖੇ

-ਰਾਣਾ ਰਣਬੀਰ। (ਫ਼ਿਲਮ ਅਦਾਕਾਰ)

ਕੁਝ ਭੁਲੇਖੇ ਬਣੇ ਰਹਿਣ ਦੇ ਮੋਹ ਦੀ ਸ਼ਾਖ ਬਚਾਵਣ ਲਈ।
ਉਂਝ ਕਸਰ ਤਾਂ ਛੱਡੀ ਨਹੀਂ ਤੂੰ ਆਪਣਾ ਅਸਲ ਵਿਖਾਵਣ ਲਈ।
ਯਾਰ ਹੋਵੇ ਤਾਂ ਉਹਦੇ ਵਰਗਾ ਦੂਰ ਹੋ ਕੇ ਵੀ ਭੁੱਲਿਆ ਨਹੀਂ,
ਨਿੱਤ ਹਾਦਸਾ ਨਵਾਂ ਭੇਜਦੈ ਆਪਣੀ ਯਾਦ ਦਿਲਾਵਣ ਲਈ।
ਪਿੰਡ ਦੇ ਘਰ ਦਾ ਦਰ ਖੋਲ੍ਹਦਿਆਂ ਗਿੱਲੀ ਅੱਖ ਨੇ ਗ਼ਜ਼ਲ ਲਿਖੀ,
ਇਹੀ ਇਕ ਬਹਾਨਾ ਰਹਿ ਗਿਆ ਏਥੇ ਆਵਣ ਜਾਵਣ ਲਈ।
ਜੋ ਵੀ ਹੋਇਆ ਛੱਡ, ਤੈਨੂੰ ਮੇਰਾ ਨਾਂਅ ਤਾਂ ਚੇਤੇ ਹੈ,
ਬੱਸ ਮੇਰੇ ਲਈ ਕਾਫ਼ੀ ਹੈ ਇਹ ਦਿਲ ਬਹਿਲਾਵਣ ਲਈ।
ਇਕ ਦੋ ਧੋਖੇ, ਬਦਸਲੂਕੀ, ਗ਼ੈਰ ਮਨੁੱਖੀ ਕਾਰਾ ਕੋਈ,
ਬੱਸ ਏਨਾ ਕੁਝ ਕਾਫ਼ੀ ਹੁੰਦੈ ਸ਼ਾਇਰ ਇਕ ਜਗਾਵਣ ਲਈ।
ਉਹਨੇ ਤਾਂ ਤਸਵੀਰ ਬਦਲਕੇ ਰੱਖਤੀ 'ਰਾਣੇ' ਖਿਆਲਾਂ ਦੀ,
ਹਰਫ ਉਧਾਰੇ ਕੀ ਮੰਗ ਬੈਠਾ ਗੀਤ ਬਨਾਵਣ ਲਈ।

## ਨਵਾਂ ਸਾਲ

ਪ੍ਰਤਾਪ ਪਾਰਸ ਗੁਰਦਾਸਪੁਰੀ। # 09988811681

ਨਵੇਂ ਸਾਲ ਦਾ ਨਵੀਂ ਸੋਚ ਨਾਲ, ਕਰੀਏ ਆਉ ਆਗਾਜ਼,
ਨਵੇਂ ਨਰੋਏ ਸੁਪਨਿਆਂ ਦੇ ਨਾਲ, ਭਰੀਏ ਆਓ ਪ੍ਰਵਾਜ਼।

ਨਵੀਆਂ ਰਾਹਾਂ ਖੋਜਣ ਦੇ ਲਈ ਧਾਰ ਇਰਾਦੇ ਲਈਏ,
ਇਕ ਦੂਜੇ ਦੇ ਸਦਾ ਸਹਾਰੇ, ਬਣ ਕੇ ਜਗ 'ਤੇ ਰਹੀਏ,
ਮੰਜ਼ਿਲ-ਟੀਚੇ ਸਰ ਕਰ ਲਈਏ, ਜਿਸ 'ਤੇ ਹੋਵੇ ਨਾਜ਼..
ਨਵੇਂ ਸਾਲ ਦਾ ਨਵੀਂ ਸੋਚ ਨਾਲ, ਕਰੀਏ ਆਉ ਆਗਾਜ਼।

ਉਹ ਕਲੀਆਂ ਖ਼ੁਸ਼ਬੋਆਂ ਵੰਡਣ, ਜੋ ਚਿਰ ਤੋਂ ਮੁਰਝਾਈਆਂ,
ਹਿੱਸੇ ਆਉਂਦਾ ਅੰਬਰ ਹੋਵੇ, ਹਿੱਸੇ ਖ਼ੁਸ਼ੀਆਂ ਆਈਆਂ,
ਚਿੜੀਆਂ ਨੂੰ ਨਾ ਕਦੇ ਡਰਾਵਣ ਬੇ-ਅਰਥਾ ਹੀ ਬਾਜ..
ਨਵੇਂ ਸਾਲ ਦਾ ਨਵੀਂ ਸੋਚ ਨਾਲ, ਕਰੀਏ ਆਉ ਆਗਾਜ਼।

ਮਿਹਨਤ ਦੇ ਨਾਲ ਕਾਮਯਾਬੀਆਂ, ਭਰੀਏ ਵਿਚ ਕਲਾਵੇ,
ਦੇਸ਼ਾਂ ਅਤੇ ਵਿਦੇਸ਼ਾਂ ਵਿੱਚੋਂ, ਆਉਂਦੇ ਰਹਿਣ ਬੁਲਾਵੇ,
ਦੁਨੀਆ 'ਤੇ ਸਰਦਾਰੀ ਵਾਲਾ, ਹੋਵੇ ਸਿਰ 'ਤੇ ਤਾਜ..
ਨਵੇਂ ਸਾਲ ਦਾ ਨਵੀਂ ਸੋਚ ਨਾਲ, ਕਰੀਏ ਆਉ ਆਗਾਜ਼।

ਨਫ਼ਰਤ, ਕੀਨ੍ਹਾ, ਸਾੜਾ, ਦਿਲ ਦੇ ਆਉਣ ਨਹੀਂ ਦੇਣਾ ਨੇੜੇ,
ਕੁੱਲ ਦੁਨੀਆ 'ਤੇ ਵੰਡਦੇ ਜਾਣਾ, ਆਪਾਂ ਖ਼ੁਸ਼ੀਆਂ-ਖੇੜੇ,
ਪੁਰਖਿਆਂ ਤੋਂ ਜੋ ਮਿਲੀ ਵਿਰਾਸਤ, ਲੱਗੇ ਨਾ ਕਿਤੇ ਲਾਜ..
ਨਵੇਂ ਸਾਲ ਦਾ ਨਵੀਂ ਸੋਚ ਨਾਲ, ਕਰੀਏ ਆਉ ਆਗਾਜ਼।

ਜਗ ਦੇ ਵਿਚ ਕੁਰੀਤੀਆਂ ਜੋ ਵੀ, ਜੜ੍ਹ ਤੋਂ ਜਾਣ ਮੁਕਾਈਆਂ,
ਹਿੰਦੂ, ਮੁਸਲਿਮ, ਸਿੱਖ, ਈਸਾਈ, ਏਕਾ ਰਹੇ ਵਿਚ ਭਾਈਆਂ,
ਹਰ ਹਿਰਦੇ ਵਿਚ ਵੱਜੇ ਇਹ ਬਸ, ਮੋਹ ਵਾਲਾ ਹੀ ਸਾਜ..
ਨਵੇਂ ਸਾਲ ਦਾ ਨਵੀਂ ਸੋਚ ਨਾਲ, ਕਰੀਏ ਆਉ ਆਗਾਜ਼।

ਗੁਰੂਆਂ-ਪੀਰਾਂ, ਰਿਸ਼ੀਆਂ-ਮੁਨੀਆਂ, ਦੀ ਸਾਡੀ ਇਹ ਧਰਤੀ,
ਸਾਰੀ ਇਹ ਕਾਇਨਾਤ ਦੇ ਅੰਦਰ, ਉਹ ਇਕ ਸ਼ਕਤੀ ਵਰਤੀ,
'ਪਾਰਸ' ਕਹਿੰਦਾ ਇਹ ਨਹੀਂ ਭੁੱਲਣਾ, ਕੁਝ ਨਾ ਉਸਦੇ ਬਾਝ..
ਨਵੇਂ ਸਾਲ ਦਾ ਨਵੀਂ ਸੋਚ ਨਾਲ, ਕਰੀਏ ਆਉ ਆਗਾਜ਼।

## ਮੈਂ ਹੁਣ ਉਹ ਨਹੀਂ ਰਿਹਾ

-ਸੁਖਮਿੰਦਰ 'ਧੰਜਲ'

ਤੂੰ ਆਈ ਤੇ ਮੈਨੂੰ ਇਸ ਤਰ੍ਹਾਂ ਜਾਪਿਆ
ਸਦੀਆਂ ਅੰਧੇਰੀ ਗੁਫ਼ਾ ਵਿਚ ਕਿਸੇ ਨੇ ਦੀਵਾ ਜਗਾ ਦਿੱਤਾ ਹੋਵੇ।
ਜਿਵੇਂ ਕਿਸੇ ਨੇ ਮੇਰੇ ਬੰਜਰ ਦਿਲ 'ਤੇ ਉਲਫਤ ਦਾ ਮੀਂਹ ਬਰਸਾ ਦਿੱਤਾ ਹੋਵੇ।
ਤੇ ਤੇਰੇ ਆਉਣ ਨਾਲ ਮਹਿਕ ਗਈ ਹੋਵੇ ਇਹ ਫ਼ਿਜ਼ਾ।
ਪਰਤ ਆਈਆਂ ਹੋਣ ਬਹਾਰਾਂ, ਬੀਤ ਗਈ ਹੋਵੇ ਖਿਜ਼ਾ।
ਮੈਂ ਤੇਰੇ ਦੋ ਬਲੌਰੀ ਨੈਣਾਂ ਨੂੰ ਦੇਖ-ਦੇਖ ਨਿਹਾਰਦਾ ਰਿਹਾ।
ਤੇਰੇ ਕਰੀਬ ਹੁੰਦਾ ਗਿਆ ਤੇਰੇ ਸਾਹਾਂ ਦੀ ਹਰਾਰਤ ਸਹਾਰਦਾ ਰਿਹਾ।
ਅਰਮਾਨਾਂ ਦੀ ਦੁਨੀਆ 'ਚ ਡੁੱਬਿਆ, ਤੇਰੀਆਂ ਜ਼ੁਲਫਾਂ ਦੇ ਛਾਵੇਂ,
ਮੈਂ ਸਾਲਾਂ ਨੂੰ ਸਨਮ ਪਲਾਂ ਦੀ ਤਰ੍ਹਾਂ ਗੁਜ਼ਾਰਦਾ ਰਿਹਾ।
ਪਰ ਜਦ ਹੁਣ ਤੂੰ ਚਲੀ ਗਈ ਹੈਂ, ਮੈਨੂੰ ਜਾਪਦਾ ਹੈ
ਕੋਈ ਤੇਜ਼ ਤੂਫਾਨ ਮੇਰੇ ਦਿਲ ਦਾ ਦੀਵਾ ਬੁਝਾ ਗਿਆ ਹੋਵੇ।
ਤੇਰੇ ਪਿਆਰ ਦਾ ਹਲਕਾ-ਹਲਕਾ ਮੀਂਹ, ਹੁਣ ਹੜ੍ਹ ਦੀ ਤਰ੍ਹਾਂ ਛਾ ਗਿਆ ਹੋਵੇ।
ਪਰ ਤੂੰ ਮੇਰੀ ਇਸ ਬਰਬਾਦ ਜ਼ਿੰਦਗੀ ਤੋਂ ਜ਼ਾਹਿਲ ਹੈਂ।
ਮੈਂ ਹਾਂ ਟੁੱਟੀ ਉਸ ਬੇੜੀ ਦੀ ਤਰ੍ਹਾਂ, ਨਾ ਜਿਸਦਾ ਕੋਈ ਸਾਹਿਲ ਹੈ।
'ਮੈਂ ਤਾਂ ਮੈਂ ਹੀ ਹਾਂ' ਬਥੇਰਾ ਮੈਂ ਦਿਲ ਨੂੰ ਕਿਹਾ।
ਪਰ ਦਿਲ ਭੈੜਾ ਕਹਿੰਦਾ ਹੈ, ਨਹੀਂ!
'ਤੂੰ ਹੁਣ ਉਹ ਨਹੀਂ ਰਿਹਾ'



## .ਗ਼ਜ਼ਲ

ਬਲਵਿੰਦਰ 'ਬਾਲਮ', ਗੁਰਦਾਸਪੁਰ। # 98156-25409

ਅਗਰਬੱਤੀ ਕਿਸੇ ਨੇ ਬਾਲੀ ਕਮਰੇ ਵਿਚ।
ਮੈਂ ਤੇ ਮੇਰੀਆਂ ਯਾਦਾਂ ਖਾਲੀ ਕਮਰੇ ਵਿਚ।

ਏਧਰ ਉੱਧਰ ਬਿਖਰੇ ਪਏ ਹਨ ਬਿਸਤਰ 'ਤੇ,
ਬੋਤਲ, ਭੁਜੀਆ, ਬਰਫ਼, ਪਿਆਲੀ ਕਮਰੇ ਵਿਚ।

ਸੁੰਦਰਤਾ ਦੇ ਚਿੰਨ੍ਹ ਨੇ ਉੱਠ ਕੇ ਕੌਣ ਗਿਆ,
ਚੁੰਨੀ, ਗਾਨੀ, ਐਨਕ ਕਾਲੀ ਕਮਰੇ ਵਿਚ।

ਇਕ ਬਗੂਲਾ ਆਇਆ ਸਭ ਕੁਝ ਤੋੜ ਗਿਆ,
ਖਿੜਕੀ, ਸ਼ੀਸ਼ਾ, ਕੁੰਡੀ, ਜਾਲੀ ਕਮਰੇ ਵਿਚ।

ਨਿਰਧਨ ਬੱਚਿਆਂ ਰੱਬ ਦੇ ਦਰਸ਼ਨ ਕੀਤੇ ਨੇ,
ਬਾਸੀ ਸਬਜ਼ੀ, ਰੋਟੀ ਭਾਲੀ ਕਮਰੇ ਵਿਚ।

ਪਲਕਾਂ ਦੇ ਅੰਬਰ ਵਿਚ ਸੂਰਜ ਝਾਕ ਰਿਹਾ,
ਤੜਕ ਸਵੇਰਾ, ਸ਼ਬਨਮ ਲਾਲੀ ਕਮਰੇ ਵਿਚ।

'ਬਾਲਮ' ਯਾਰਾ ਮੁੱਦਤ ਪਿੱਛੋਂ ਮਿਲਿਆ ਏ,
ਕਵਿਤਾ, ਦੋਹੇ, ਗ਼ਜ਼ਲ, ਕੱਵਾਲੀ ਕਮਰੇ ਵਿਚ।

## ਨਵਾਂ ਸਾਲ ਮੁਬਾਰਕ

- ਜਰਨੈਲ ਸਿੰਘ ਘੁਮਾਣ।




ਸਭਨਾਂ ਨੂੰ ਨਵਾਂ
ਸਾਲ ਮੁਬਾਰਕ

ਖ਼ੁਸ਼ੀਆਂ ਖੇੜੇ
ਲੈ ਕੇ ਆਵੇ,
ਆਪਣਾ ਆਪਣਾ
ਖ਼ਿਆਲ ਮਬਾਰਕ

ਮਾਂ ਬੋਲੀ ਤੇ
ਸਭਿਆਚਾਰ ਦੀ,
ਦੁਰਗਤ ਨਾਲੋ
ਨਾਲ ਮੁਬਾਰਕ


ਗੀਤਕਾਰਾਂ ਦੀਆਂ
ਥਿੜ੍ਹਕੀਆਂ ਕਲਮਾਂ,
ਥਿੜ੍ਹਕੇ ਸੁਰ ਤੇ
ਤਾਲ ਮੁਬਾਰਕ

ਗੈਂਗ ਵਾਰਾਂ ਤੇ
ਗੈਂਗ ਲੈਂਡਾਂ ਦਾ,
ਵੀਡੀਓ ਵਿਚ
ਭੂਚਾਲ ਮੁਬਾਰਕ

ਲੱਚਰਤਾ ਦੀਆਂ
ਹੱਦਾਂ ਟੱਪ ਗਏ
ਸ਼ਰਮਨਾਕ ਜਿਹਾ
ਹਾਲ ਮੁਬਾਰਕ

ਹੰਭਲਾ ਮਾਰੀਏ,
ਮਾਂ ਬੋਲੀ ਲਈ,
ਗਲਣੀ ਨਹੀਂ
ਇੰਝ ਦਾਲ ਮੁਬਾਰਕ

ਕਲਮਾਂ ਵਾਲਿਓ,
ਚੁੱਕ ਲਓ ਕਲਮਾਂ "ਘੁਮਾਣ "
ਮਨਾਈਏ ਸਾਲ ਮੁਬਾਰਕ


Maahi
MUKESH MEHRA
www.maahidesignstudio.com
Groom Wear
SHERWANI
DESIGNER SUITS
JODHPURI
KURTA PYJAMA
Bridal Wear
LEHANGAS
GOWNS
INDO WESTERN
DESIGNER DRESSES
4.M.M. Malviya Road, Amritsar (Punjab)| Ph.: +91 183 6541525 | Mob.:+91 98146 36299
Cinema Rd, Achli Gate, Batala, Punjab 143505

# ਨਵਾਂ ਸਾਲ, ਲੋਹੜੀ ਅਤੇ ਗਣਤੰਤਰ ਦਿਵਸ ਦੀਆਂ ਮੁਬਾਰਕਾਂ !






GURDEEP SINGH KANDHARI
M.D.

With best compliments from

WAVE
Beverages (P) Ltd., Amritsar.






PB-R/West/15"Licensed to Post Without Prepayment for Calender Year 2016-18"
RNI No. CHAPUN/2010/32094, Postal Registration No. ASR/0013/2016-18, Date of Publication : 1st day & date of every month.